INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਅ ਨਾਸਤਿ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਸਤੰਬਰ 2020



ਥਾਪਿਆ ਲਹਿਣਾ ਜੀਵਦੇ ਗੁਰਿਆਈ
ਸਿਰਿ ਛਤ੍ਰ ਫਿਰਾਇਆ।।

ਧੰਨ
ਗੁਰੂ ਅੰਗਦ ਦੇਵ ਜੀ

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਵਿਆਪੀ ਮਨੁੱਖਤਾ ਦਾ ਸਾਂਝਾ ਰੂਹਾਨੀ ਅਤੇ ਸਮਾਜਿਕ ਕਲਿਆਣਕਾਰੀ ਗੁਰੂ ਗ੍ਰੰਥ

### ਮੁਗਲ ਬਾਦਸ਼ਾਹ ਅਕਬਰ

ਜਦ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਲਈ ਤਾਂ ਕਈਆਂ ਨੇ ਉਸ ਸਮੇਂ ਦੇ ਮੁਗਲ ਬਾਦਸ਼ਾਹ ਅਕਬਰ ਦੇ ਕੰਨ ਭਰੇ ਕਿ ਇਸ ਵਿਚ ਮੁਸਲਮਾਨ ਪੀਰਾਂ ਤੇ ਹਿੰਦੂ ਦੇਵੀ ਦੇਵਤਿਆਂ ਦੇ ਵਿਰੁੱਧ ਬਹੁਤ ਕੁਝ ਲਿਖਿਆ ਗਿਆ ਹੈ। ਇਹਨਾਂ ਸ਼ਿਕਾਇਤਾਂ ਦੀ ਨਵਿਰਤੀ ਲਈ ਤੇ ਸੱਚ ਨੂੰ ਜਾਣਨ ਲਈ ਅਕਬਰ ਨੇ ਆਦਿ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਐਨ ਕੀਤਾ ਤੇ ਇਸ ਨਤੀਜੇ ਤੇ ਪੁਜਿਆ 'ਇਹ ਗ੍ਰੰਥ ਸਾਹਿਬ ਵੱਡੇ ਸਤਿਕਾਰ ਦੇ ਯੋਗ ਹੈ।'

ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ॥ ਅੰਗ - 924

### ਸ੍ਰੀ ਸੁਰਿੰਦਰ ਨਾਥ ਰਾਜਪਾਲ ਪੰਜਾਬ

3 ਜਨਵਰੀ 1992 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇਕ ਸਮਾਗਮ ਵਿਚ ਸ੍ਰੀ ਦਲਾਈ ਲਾਮਾ ਨੇ ਗੁਰੂ ਗ੍ਰੰਥ ਸਾਹਿਬ ਜੋ ਅੰਗਰੇਜ਼ੀ ਅਨੁਵਾਦਤ ਰੂਪ ਦੀਆਂ 4 ਜਿਲਦਾਂ ਰੀਲੀਜ਼ ਕਰਦੇ ਸਮੇਂ ਇਸ ਮਹਾਨ ਗ੍ਰੰਥ ਨੂੰ ਮਾਨਵਤਾ ਨੂੰ ਸਮਰਪਿਤ ਕੀਤਾ। ਇਸ ਅਵਸਰ ਤੇ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਸੁਰਿੰਦਰ ਨਾਥ ਗਵਰਨਰ ਪੰਜਾਬ ਨੇ ਕਿਹਾ 'ਜੇ ਲੋਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਅਮਲੀ ਜਾਮਾ ਪਹਿਨਾ ਦੇਣ ਤਾਂ ਕੋਈ ਖੂਨ ਖਰਾਬਾ, ਅਹਿੰਸਾ ਤੇ ਅਜਿਹੀਆਂ ਹੋਰ ਕਾਰਵਾਈਆਂ ਬਿਲਕੁਲ ਨਾ ਹੋਣ।'

### ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ

ਸਵਾਮੀ ਜੀ ਭਾਰਤੀ ਧਰਮਾਂ ਤੇ ਸੰਸਕ੍ਰਿਤੀ ਦੇ ਬਹੁਤ ਵੱਡੇ ਮੰਨੇ ਪ੍ਰਮੰਨੇ ਸਕਾਲਰ ਸਨ ਜਿਨ੍ਹਾਂ ਨੇ ਵੇਦਾਂ, ਪੁਰਾਣਾਂ, ਸਿਮਰਤੀਆਂ ਤੇ ਉਪਨਿਸ਼ਦਾਂ ਆਦਿ ਉਤੇ ਮਹਾਨ ਖੋਜ ਕਰ ਕੇ ਪੁਸਤਕਾਂ ਲਿਖੀਆਂ। ਉਹ ਸਿੱਖ ਧਾਰਮਿਕ ਫਲਸਫਾ ਪੜ੍ਹ ਕੇ ਕਹਿੰਦੇ ਹਨ –

"ਜੀਵਨ ਭਰ ਸਾਧੂ ਸੰਤੋ ਕੀ ਸੰਗਤ ਕੀ ਤਪ ਸਾਧੇ, ਤੀਰਥੋਂ ਪਰ ਭਰਮਣ ਕੀਆ ਅੰਤ ਇਸੀ ਨਿਸ਼ਚੇ ਪਰ ਪਹੁੰਚਾ ਹੂੰ ਕਿ ਜੋ ਕੁਛ ਗੁਰੂ ਘਰ ਮੇਂ ਹੈ, ਉਸ ਸੇ ਉਤਮ ਔਰ ਕਹੀਂ ਨਹੀਂ।"

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥

ਅੰਗ - 628

# ਆਤਮ ਮਾਰਗ

**ਸਾਲ-ਛੱਬੀਵਾਂ, ਮਹੀਨਾ ਸਤੰਬਰ 2020**

**ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ**

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

**Postal Address for any Enquiry, Money Order, Cheque and drafts :**

ATAM MARG' MAGAZINE, Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਲਾਈਫ ਮੈਂਬਰਸ਼ਿੱਪ ਫੀ (20 ਸਾਲ) | ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| | Annual | Life (20 Year) |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Please visit us on internet at :-**

**For Atam Marg Email : atammarg1@yahoo.co.in,**

**Website & Live video -**

www.ratwarasahib.in
www.ratwarasahib.org } (Every sunday)

**Email :sratwarasahib.in@gmail.com**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ 001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ 001-604-433-0408

ਭਾਈ ਤਰਸੇਮ ਸਿੰਘ ਬੈਂਸ 001-604-862-9525

ਭਾਈ ਜਸਬੀਰ ਸਿੰਘ ਰਾਣੂ 001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ 0044-121-200-2818

ਭਾਈ ਅਰਵਿੰਦਰ ਸਿੰਘ (ਰਾਜ) 0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ : 0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ 94172-14382
8. ਅਕਾਲ ਬਿਰਧ ਆਸ਼ਰਮ : 98157-28220

**Media Broadcast (Ratwara Sahib)**

Live Programme & Cable Tv Network: 98728-14385, 94172-14385, 98147-12900, 98555-28517

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

## ਤੱਤਕਰਾ


1. ਸੰਪਾਦਕੀ 5
*(ਡਾ.) ਭਾਈ ਸੁਖਵਿੰਦਰ ਸਿੰਘ*
2. ਬਾਰਹ ਮਾਹਾ 6
*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ*
3. ਬਾਬਾਣੀਆਂ ਕਹਾਣੀਆਂ 11
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*
4. ਸਾਈ ਨਾਮੁ ਅਮੋਲੁ 14
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*
5. ਜੋ ਮੈ ਕੀਆ ਸੋ ਮੈ ਪਾਇਆ................॥ 23
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*
6. ਨਾਨਕ ਲੇਖੈ ਇਕ ਗਲ.............। 32
*ਸੰਤ ਬਾਬਾ ਹਰਪਾਲ ਸਿੰਘ ਜੀ*
7. ਨਾਮ ਸਿਮਰਨ - ਸਾਧਨਾ 36
*ਡਾ. ਜਗਜੀਤ ਸਿੰਘ*
8. ਥਾਪਿਆ ਲਹਿਣਾ ਜੀਵਦੈ 39
*ਡਾ. ਜਗਜੀਤ ਸਿੰਘ*
9. ਸਿੰਗਾਪੁਰ ਸ਼ਹੀਦ ਹੋਣ ਵਾਲੇ ਭਾਰਤ ਦੀ ਜੰਗੇ ਆਜਾਦੀ ਦੇ ਮੋਢੀ - ਭਾਈ ਮਹਾਰਾਜ ਸਿੰਘ ਜੀ 42
*ਪ੍ਰੋ. ਬਾਬਾ ਨਿਰਮਲ ਸਿੰਘ ਰੰਧਾਵਾ*
10. ਜਪੁਜੀ ਦੇ ਪੰਜ ਖੰਡ 44
*ਡਾ. ਰਾਮ ਸਿੰਘ*
11. ਗੁਰ ਨਾਨਕ ਆਗਮਨ 48
*ਡਾ. ਭਾਈ ਵੀਰ ਸਿੰਘ*
12. ਨੂਰਾਨੀ ਮਿਲਾਪ 50
*(ਡਾ.) ਭਾਈ ਸੁਖਵਿੰਦਰ ਸਿੰਘ*
13. ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ 51
*ਡਾ. ਸਵਾਮੀ ਰਾਮ ਜੀ*
14. ਗੁਰਬਾਣੀ ਅਰਥ ਭੰਡਾਰ 53
*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*
15. ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ ਅਤੇ ਪੁਸਤੱਕ ਸੂਚੀ 56

# ਸੰਪਾਦਕੀ

*(ਡਾ.) ਭਾਈ ਸੁਖਵਿੰਦਰ ਸਿੰਘ*

ਪਿਆਰੇ ਪਾਠਕ ਜਨੋ! ਪਿਛਲੇ ਦੋ ਮਹੀਨਿਆਂ ਤੋਂ ਆਪ ਜੀ ਨਾਲ ਲੜੀਬੱਧ ਵਿਚਾਰਾਂ ਦੀ ਸਾਂਝ ਚਲ ਰਹੀ ਹੈ। ਪਿਛਲੇ ਦੋ ਅੰਕਾਂ ਦੀ ਵਿਚਾਰ ਦਾ ਸਾਰ ਅੰਸ਼ ਜੀਵਨ-ਜਾਗ ਤੇ ਜੁਗਤਿ ਹੈ। ਚਲਾਇਮਾਨ ਤੇ ਦ੍ਰਿਸ਼ਟਮਾਨ ਸੰਸਾਰ ਅੰਦਰ ਆਤਮਿਕ ਜਾਗ ਦਾ ਆਉਣਾ ਬਹੁਤ ਹੀ ਜ਼ਰੂਰੀ ਹੈ। ਜੇਕਰ ਇਹ ਜਾਗ ਨਹੀਂ ਆਉਂਦੀ ਤਾਂ ਜੀਵਨ ਨਿਸਫਲ ਚਲਾ ਜਾਂਦਾ ਹੈ। ਆਤਮਿਕ ਜਾਗ ਆਉਣ ਤੇ ਇਹ ਅਹਿਸਾਸ ਹੁੰਦਾ ਹੇ ਕਿ ਜੀਵਨ ਕੀ ਹੈ? ਜੀਵਨ ਦਾ ਅਧਾਰ ਕੀ ਹੈ? ਜੇਕਰ ਜਗਿਆਸੂ ਨੂੰ ਆਤਮਿਕ ਜਾਗ ਤੇ ਜੀਵਨ ਦੇ ਆਧਾਰ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਫਿਰ ਜੁਗਤਿ ਪ੍ਰਗਟ ਹੁੰਦੀ ਹੈ। ਆਤਮਿਕ ਜਾਗ ਤੇ ਜੀਵਨ ਦਾ ਅਧਾਰ ਨਾਮ ਹੈ। ਜਿਸ ਦੀ ਸਮਰੱਥ ਸਤਿਗੁਰੂ ਤੋਂ ਬਖਸ਼ਿਸ਼ ਹੁੰਦੀ ਹੈ ਤੇ ਰੱਬ ਦੇ ਪਿਆਰਿਆਂ ਸਾਧੂ ਸੰਤਾਂ ਦੀ ਸੰਗਤਿ ਵਿਚ ਰਹਿ ਕੇ ਇਹ ਫਲੀਭੂਤ ਹੁੰਦਾ ਹੈ। ਹੁਣ ਤੀਸਰਾ ਪੜਾਅ ਹੈ ਜੀਵਨ ਜੁਗਤ। ਜਿਉਣਾ ਹਰ ਕੋਈ ਚਾਹੁੰਦਾ ਹੈ ਪਰ ਜੁਗਤਿ ਵਿਰਲੇ ਕੋਲ ਹੈ -

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥*

*ਅੰਗ- ੧੪੧੧*

*ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥*

*ਅੰਗ- ੫੫੫*

ਉਪਰੋਕਤ ਸਿਧਾਂਤ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਦੋ ਤਰ੍ਹਾਂ ਦਾ ਮਨੁੱਖੀ ਜੀਵਨ ਹੈ। ਇਕ ਸੰਸਾਰਿਕ ਤੇ ਦੂਜਾ ਰੂਹਾਨੀ। ਸੰਸਾਰ ਦੇ ਬਹੁਤਾਤ ਬਸ਼ਿੰਦਿਆਂ ਦਾ ਜੀਵਨ ਸੰਸਾਰਿਕ ਹੈ। ਪਦਾਰਥਾਂ ਦੀ ਭਰਮਾਰ, ਚਮਕ ਦਮਕ ਵਿਚ ਪਰਚੇ ਰਹਿਣਾ ਇਹੀ ਬੱਸ ਉਨ੍ਹਾਂ ਦਾ ਸਾਰੀ ਜ਼ਿੰਦਗੀ ਦਾ ਧੇਅ ਬਣਿਆ ਰਹਿੰਦਾ ਹੈ।

ਐਸੀ ਬਿਰਤੀ ਦੇ ਧਾਰਨੀ ਸੰਸਾਰਿਕ ਜੀਵਨ ਵਾਲਿਆਂ ਦੀ ਅਵਸਥਾ ਦਾ ਜ਼ਿਕਰ ਮਹਾਰਾਜ ਇਸ ਤਰ੍ਹਾਂ ਕਰਦੇ ਹਨ -

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ ॥*
*ਅਨਦ ਕੇਲ ਮਾਇਆ ਰੰਗਿ ਰਸੈ ॥*
*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥*
*ਕਾਲੁ ਨ ਆਵੈ ਮੂੜੇ ਚੀਤਿ ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ੭ ॥*

*ਅੰਗ- ੨੬੮*

ਇਹੋ ਜਿਹੀ ਬਿਰਤੀ ਵਾਲਿਆਂ ਦਾ ਕਦਮ-ਕਦਮ, ਸੁਆਸ-ਸੁਆਸ ਪਦਾਰਥਾਂ ਦੀ ਲਾਲਸਾ ਵਿਚ ਬੀਤ ਜਾਂਦਾ ਹੈ। ਪਦਾਰਥ 'ਚ ਲੁਭਾਇਮਾਨ ਰਹਿਣਾ, ਮੋਹ ਦੇ ਬੰਧਨਾਂ ਵਿਚ ਜਕੜੇ ਰਹਿਣਾ, ਨਿਜੀ ਮੁਥਾਜਾਂ ਨਾਲ ਭਰਪੂਰ ਰਹਿਣਾ, ਆਪਣੇ ਪਰਾਏ ਦੇ ਸੀਮਤ ਦਾਇਰੇ ਵਿਚ ਰਹਿਣਾ, ਆਪਣਿਆਂ ਲਈ ਸੁਖਾਂ ਦੀ ਮੰਗ ਕਰਨੀ ਤੇ ਪਰਾਇਆਂ ਦੇ ਦੁਖਾਂ ਵੱਲ ਧਿਆਨ ਨਾ ਦੇਣਾ, ਇਸ ਬਿਰਤੀ ਦੇ ਮੁੱਖ ਅੰਗ ਹਨ। ਐਸੀ ਬੰਧਨਾਂ ਵਾਲੀ ਜ਼ਿੰਦਗੀ ਜਨਮ ਮਰਣ ਦੇ ਗੇੜਾਂ ਵਿਚ ਪਾਈ ਰਖਦੀ ਹੈ।

*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥*

*ਅੰਗ- ੯੯੯*

ਇਸ ਬਿਰਤੀ ਦਾ ਕੇਂਦਰ ਬਿੰਦੂ ਹਉਮੈ/ਹੰਕਾਰ ਹੈ। ਹਉਮੈ ਤੇ ਹੰਕਾਰ ਵਿਚ ਭਾਵੇਂ ਸਿਧਾਂਤਕ ਫਰਕ ਹੈ ਪਰ ਅਮਲੀ ਰੂਪ ਵਿਚ ਇਹ ਦੋਨੋਂ ਦੁਖਦਾਈ ਹੀ ਹਨ। ਹਉਮੈ ਗ੍ਰਸਤ ਬਿਰਤੀ ਨੂੰ ਕਿਸੇ ਜੁਗਤਿ ਰਾਹੀਂ ਛੱਡਣਾ ਹੋਵੇਗਾ। ਉਹ ਜੁਗਤਿ ਸਮਰੱਥ ਸਤਿਗੁਰੂ ਤੋਂ ਪ੍ਰਾਪਤ ਹੋਵੇਗੀ। ਗੁਰਬਾਣੀ ਦੇ ਗੂੜ੍ਹ ਸਿਧਾਂਤਾਂ ਨੂੰ ਸਮਝ ਕੇ ਹੀ ਜੁਗਤੀ ਦੀ ਪ੍ਰਾਪਤੀ ਹੋ ਸਕਦੀ ਹੈ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥* *ਅੰਗ - ੯੪੬*

ਰੱਬ ਦੇ ਪਿਆਰਿਆਂ ਦੀ ਚਾਲੀ ਹੋਰ ਹੈ। 'ਭਗਤਾ ਕੀ ਚਾਲ ਨਿਰਾਲੀ' ਨਿਰਾਲੀ ਚਾਲ ਚਲਦੇ ਹੋਏ ਮੰਜ਼ਿਲੇ-ਏ-ਮਕਸੂਦ ਤਕ ਪਹੁੰਚ ਜਾਂਦੇ ਹਨ। ਉਹ 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਦੀ ਜੁਗਤਿ ਅਪਨਾਅ ਕੇ ਅਭੇਦ ਅਵਸਥਾ ਪ੍ਰਾਪਤ ਕਰ ਲੈਂਦੇ ਹਨ। ਆਤਮ ਮਾਰਗ ਤੇ ਚਲ ਕੇ '***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥' (ਅੰਗ-969***) ਵਾਲੀ ਅਵਸਥਾ ਪ੍ਰਾਪਤ ਕਰ ਲੈਂਦੇ ਹਨ। ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਉਹ ਸੰਸਾਰਿਕ ਨਹੀਂ ਹੁੰਦੇ। ਸੰਸਾਰ ਵਿਚ ਰਹਿੰਦਿਆਂ ਉਹ ਰੂਹਾਨੀ ਮੰਡਲਾਂ ਦੇ ਵਾਸੀ ਹੁੰਦੇ ਹਨ। ਸੁਰਤਿ ਹਰ ਸਮੇਂ ਸ਼ਬਦ ਨਾਲ ਜੁੜੀ ਰਹਿੰਦੀ ਹੈ। ***'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥'(ਅੰਗ-938)'*** ਘਰ ਵਿਚ ਰਹਿੰਦਿਆਂ ਸਾਰੀ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਸੁਰਤਿ ਸਬਦ ਨਾਲ ਜੋੜ ਕੇ ਸੰਸਾਰ ਤੋਂ ਨਿਰਲੇਪ ਰਹਿਣਾ ਇਹੀ ਉੱਚ ਪਾਏ ਦੀ ਜੁਗਤਿ ਹੈ। ਰੱਬ ਦੇ ਪਿਆਰੇ ਇਸੇ ਜੁਗਤਿ ਦੇ ਧਾਰਨੀ ਹੁੰਦੇ ਹਨ - 'ਗੁਰਮੁਖ ਮਾਇਆ ਵਿਚ ਉਦਾਸੀ।'

*(ਬਾਕੀ ਪੰਨਾ 10 'ਤੇ)*

# ਅਸੁਨਿ

## ਸੰਗਰਾਂਦ-ਸਤੰਬਰ 16 (ਬੁੱਧਵਾਰ)

*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ*

***ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥***
***ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥***
***ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥***
***ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥***
***ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥***
***ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥***
***ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥***
***ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥***
***ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥ ੮ ॥ ਅੰਗ- ੧੩੪***

ਪਰਮ ਸਨਮਾਨਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ!

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

ਸਤਿਗੁਰੂ ਗੁਰੂ ਪੰਚਮ ਪਾਤਿਸ਼ਾਹ ਜੀ ਨੇ ਬਚਨ ਕੀਤਾ ਸੀ ਕਿ ਜਿਸ ਤਰ੍ਹਾਂ ਭਾਦਰੋਂ ਦੇ ਮਹੀਨੇ ਅੰਦਰ ਅਸਮਾਨ ਤੋਂ ਬੱਦਲ ਵਰਸਦਾ ਹੈ ਤੇ ਧਰਤੀ ਦੇ ਉਪਰ ਠੰਢ ਪੈਂਦੀ ਹੈ, ਇਸੇ ਤਰ੍ਹਾਂ ਮੀਂਹ ਪੈਂਦਿਆ-ਪੈਂਦਿਆਂ ਬੱਦਲ ਜਦੋਂ ਚਲਾ ਜਾਵੇ ਤੇ ਸੂਰਜ ਦੀਆਂ ਕਿਰਨਾਂ ਧਰਤੀ 'ਤੇ ਪੈਂਦੀਆਂ ਹਨ ਤੇ ਧਰਤੀ ਵਿਚੋਂ ਹੁੰਮਸ ਪੈਦਾ ਹੁੰਦਾ ਹੈ, ਜੋ ਮਨੁੱਖ ਲਈ ਘਬਰਾਹਟ ਪੈਦਾ ਕਰਦਾ ਹੈ। ਕੁਝ ਸਮੇਂ ਪਹਿਲਾਂ ਅਸਮਾਨ ਤੋਂ ਬੱਦਲ ਵਰਸਿਆ ਤੇ ਠੰਢ ਮਹਿਸੂਸ ਕੀਤੀ ਤੇ ਪਲਟ ਕੇ ਜਦੋਂ ਸੂਰਜ ਦੀਆਂ ਤਪਦੀਆਂ ਹੋਈਆਂ ਕਿਰਨਾਂ ਧਰਤੀ 'ਤੇ ਪਈਆਂ ਤਾਂ ਉਸੇ ਧਰਤੀ ਵਿਚੋਂ ਹੁੰਮਸ ਪੈਦਾ ਹੁੰਦਾ ਹੈ।

ਇਹ ਤਾਂ ਗੱਲ ਕੇਵਲ ਮੌਸਮ ਦੀ ਹੈ। ਜਿਹੜਾ ਮਨੁੱਖ ਭਾਦਰੋਂ ਦੇ ਮਹੀਨੇ ਵਿਚ ਭਟਕ ਗਿਆ ਹੈ, ਅਸਲ ਵਿਚ ਇਹ ਉਸੇ ਦੇ ਅੰਦਰ ਦੀ ਹੀ ਅਵਸਥਾ ਹੈ। ਇਕ ਘੜੀ ਤਾਂ ਉਸ ਦੇ ਅੰਦਰ ਥੋੜ੍ਹਾ ਜਿਹਾ ਹੁਲਾਰਾ ਪਵੇਗਾ ਮੀਂਹ ਦੀ ਤਰ੍ਹਾਂ ਅਤੇ ਦੂਸਰੀ ਘੜੀ ਉਸ ਦੇ ਅੰਦਰ ਵਿਕਾਰਾਂ ਦੀ ਤਪਸ਼ ਦੀ ਇਹੋ ਜਿਹੀ ਦਸ਼ਾ ਪੈਦਾ ਹੋਵੇਗੀ ਕਿ ਉਸ ਦੇ ਅੰਦਰ ਟਿਕਾਅ ਵੀ ਨਹੀਂ ਰਹੇਗਾ।

ਸਾਹਿਬ ਬਚਨ ਕਰਦੇ ਹਨ ਕਿ ਜਦੋਂ ਭਾਦਰੋਂ ਦਾ ਮਹੀਨਾ ਬਤੀਤ ਹੋਇਆ ਤੇ ਨਾਲ ਹੀ ਅੱਸੂ ਦਾ ਮਹੀਨਾ ਆਰੰਭ ਹੋ ਗਿਆ ਅਤੇ ਜਦੋਂ ਅੱਸੂ ਦਾ ਮਹੀਨਾ ਚੜ੍ਹਦਾ ਹੈ ਤਾਂ ਗਰਮੀ ਦਾ ਖ਼ਾਤਮਾ ਹੁੰਦਾ ਹੈ। ਸਰਦੀ ਅਜੇ ਪੂਰੇ ਜੋਬਨ 'ਤੇ ਆਈ ਨਹੀਂ। ਅੱਸੂ ਦਾ ਮਹੀਨਾ ਵੀ ਮੌਸਮ ਪੱਖੋਂ ਮਨੁੱਖ ਨੂੰ ਕੁਝ ਸੁੱਖ ਦਿੰਦਾ ਹੈ। ਸਾਹਿਬ ਕਹਿੰਦੇ ਹਨ ਕਿ ਜਦੋਂ ਭਾਦਰੋਂ ਦਾ ਮਹੀਨਾ ਮੁਕਿਆ ਤੇ ਅੱਸੂ ਦੇ ਮਹੀਨੇ ਦੀ ਰੁੱਤ ਨੇ ਕੇਵਲ ਤਨ ਨੂੰ ਸੁੱਖ ਨਹੀਂ ਦਿਤਾ ਬਲਕਿ ਮੇਰੇ ਅੰਦਰ, ਮੇਰੇ ਮਨ ਦੇ ਅੰਦਰ ਪ੍ਰੇਮ ਨੇ ਉਛਾਲਾ ਮਾਰਿਆ ਹੈ। ਉਸ ਪ੍ਰੇਮ ਦੇ ਉਛਾਲੇ ਵਿਚੋਂ ਜੋ ਆਵਾਜ਼ ਨਿਕਲੀ, ਕੋਈ ਸੰਸਾਰ ਵਿਚ ਇਸ ਤਰ੍ਹਾਂ ਦਾ ਹੈ, ਜਿਹੜਾ ਮੈਨੂੰ ਪ੍ਰਮਾਤਮਾ ਦੇ ਚਰਨਾਂ ਨਾਲ ਮਿਲਾਉਂਦਾ ਹੈ। ਸਾਹਿਬ ਫ਼ਰਮਾਂਦੇ ਹਨ –

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*

ਅੱਸੂ ਦੇ ਮਹੀਨੇ ਵਿਚ ਪ੍ਰੇਮ ਨੇ ਇਕ ਉਛਾਲਾ ਮਾਰਿਆ ਤੇ ਜਦੋਂ ਅੰਦਰ ਪ੍ਰੇਮ ਪੈਦਾ ਹੋਇਆ ਤਾਂ ਅੰਦਰੋਂ ਇਕ ਸਵਾਲ ਉਠਿਆ, ਮਾਲਕਾ! ਤੇਰੇ ਦਰਸ਼ਨ ਕਿਵੇਂ ਨਸੀਬ ਹੋਣਗੇ? ਫਿਰ ਸਾਹਿਬ ਕਹਿੰਦੇ ਹਨ –

*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ॥*

ਮਨ ਵਿਚ ਅਤੇ ਤਨ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਬਹੁਤ ਜ਼ਿਆਦਾ ਪੈਦਾ ਹੋਈ। ਹੇ ਮਾਂ! ਕੋਈ ਐਸਾ ਹੈ, ਜਿਹੜਾ ਮੈਨੂੰ ਉਸ ਪਿਆਰੇ ਪ੍ਰਮਾਤਮਾ ਦੇ

ਚਰਨਾਂ ਨਾਲ ਮਿਲਾ ਦੇਵੇ। ਸਾਹਿਬ ਕਹਿਣ ਲੱਗੇ ਕਿ ਅੱਸੂ ਦੇ ਮਹੀਨੇ ਵਿਚ ਸਾਡੇ ਅੰਦਰ ਪ੍ਰੇਮ ਪੈਦਾ ਹੋ ਗਿਆ। ਅਸੀਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਹਾਂ, ਪਰ ਇਕ ਗੱਲ ਧਿਆਨ ਵਿਚ ਰੱਖਣਾ, ਗੁਰੂ ਸਾਹਿਬ ਦੇ ਚਰਨਾਂ ਵਿਚ ਸਾਡਾ ਮੱਥਾ ਟੇਕਣ ਦਾ ਢੰਗ, ਸਾਡੀ ਮੁਦਰਾ ਇਕੋ ਜਿਹੀ ਹੋਵੇਗੀ, ਪਰ ਅੰਦਰ ਦੀ ਅਵਸਥਾ ਤੇ ਮੰਗ ਹਰ ਇਕ ਦੀ ਇਕੋ ਜਿਹੀ ਨਹੀਂ ਹੁੰਦੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ ਕਿ ਜਿਸ ਦੇ ਮਨ ਵਿਚ ਪ੍ਰੇਮ ਤੇ ਦਰਸ਼ਨਾਂ ਦੀ ਪਿਆਸ ਪੈਦਾ ਹੋ ਜਾਵੇ ਤਾਂ ਚੇਤੇ ਰੱਖਿਉ, ਉਹ ਜਗਿਆਸੂ ਸਭ ਤੋਂ ਸ੍ਰੇਸ਼ਟ ਹੈ। ਕਹਿੰਦੇ ਹਨ ਜੇਕਰ ਕੋਈ ਮਨੁੱਖ ਇਹ ਮੰਗ ਲੈ ਕੇ ਗੁਰੂ ਕੋਲ ਆਉਂਦਾ ਹੈ ਕਿ ਮੈਨੂੰ ਧਰਮ, ਅਰਥ, ਕਾਮ ਤੇ ਮੋਖਸ਼ ਇਹ ਚਾਰ ਪਦਾਰਥ ਚਾਹੀਦੇ ਹਨ। ਇਹ ਪ੍ਰੇਮ ਦੇ ਦਰਸ਼ਨਾਂ ਦੀ ਪਿਆਸ ਸਭ ਤੋਂ ਉੱਤਮ ਦਾਤ ਹੈ। ਕਹਿੰਦੇ ਹਨ, ਜੇ ਕਿਸੇ ਦੇ ਮਨ ਵਿਚ ਇਹ ਖ਼ਿਆਲ ਆ ਗਿਆ ਕਿ ਮੈਨੂੰ ਧਰਮ, ਅਰਥ, ਕਾਮ ਤੇ ਮੋਖ ਚਾਰ ਪਦਾਰਥ ਚਾਹੀਦੇ ਹਨ ਤਾਂ ਧੰਨ ਗੁਰੂ ਅਰਜਨ ਸਾਹਿਬ ਜੀ ਫ਼ਰਮਾਂਦੇ ਹਨ ਕਿ ਸੰਗਤ ਦੀ ਸੇਵਾ ਕਰਿਆ ਕਰ, ਤੈਨੂੰ ਚਾਰ ਪਦਾਰਥ ਮਿਲ ਸਕਦੇ ਹਨ। ਕਹਿੰਦੇ ਹਨ, ਜੇ ਕਿਸੇ ਦੇ ਮਨ ਵਿਚ ਇਹ ਇੱਛਾ ਹੈ ਕਿ ਮੇਰੇ ਤਨ ਦਾ ਰੋਗ ਚਲਾ ਜਾਵੇ ਤਾਂ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ ਕਿ ਤੂੰ ਵੀ ਸੰਗਤ ਵਿਚ ਜੁੜ ਤੇ ਪ੍ਰਮਾਤਮਾ ਦੇ ਗੁਣ ਗਾ, ਤੇਰੇ ਤਨ ਦਾ ਰੋਗ ਵੀ ਚਲਿਆ ਜਾਵੇਗਾ। ਤੀਸਰਾ, ਜੇਕਰ ਕਿਸੇ ਦੇ ਮਨ ਵਿਚ ਇਹ ਖ਼ਿਆਲ ਹੋਵੇ ਕਿ ਮੇਰੀ ਸੋਭਾ ਚਾਰ ਮਨੁੱਖਾਂ ਵਿਚ ਹੋਵੇ, ਲੋਕਾਂ ਵਿਚ ਮੇਰੀ ਵਡਿਆਈ ਹੋਵੇ ਤਾਂ ਸਾਹਿਬ ਕਹਿੰਦੇ ਹਨ ਕਿ ਜੇ ਤੂੰ ਸ਼ੋਭਾ ਭਾਲਦਾ ਹੈਂ ਤਾਂ ਪ੍ਰਮਾਤਮਾ ਦੇ ਪਿਆਰਿਆਂ ਦੀ ਸੇਵਾ ਵਿਚ ਜੁੜ ਜਾ। ਦਰਸ਼ਨਾਂ ਦੀ ਪਿਆਸ ਤੇ ਪ੍ਰਭੂ ਦਾ ਪ੍ਰੇਮ ਸਭ ਤੋਂ ਉੱਤਮ ਹੈ। ਸੱਜਣੋਂ! ਜੇ ਕਿਸੇ ਨੂੰ ਸ਼ੋਭਾ ਦੀ ਲੋੜ ਨਹੀਂ, ਕਿਸੇ ਪਦਾਰਥ ਦੀ ਲੋੜ ਨਹੀਂ, ਉਹ ਸਿਰਫ਼ ਇਕ ਬੇਨਤੀ ਕਰਨ ਆਇਆ ਹੈ ਕਿ ਮਾਲਕਾ! ਤੇਰੇ ਦਰਸ਼ਨਾਂ ਦੀ ਪਿਆਸ ਹੈ। ਗੁਰੂ ਅਰਜਨ ਸਾਹਿਬ ਜੀ! ਉਹ ਕੀ ਕਰੇ? ਕਹਿਣ ਲੱਗੇ, ਸੱਜਣਾ! ਉਸ ਦੇ ਚਰਨਾਂ ਤੋਂ ਮੈਂ ਵੀ ਕੁਰਬਾਨ ਜਾਂਦਾ ਹਾਂ, ਜਿਸ ਦੇ ਅੰਦਰ ਮਾਲਕ ਨਾਲ ਮਿਲਣ ਦੀ ਪਿਆਸ ਪੈਦਾ ਹੋ ਗਈ ਹੈ।

ਦੁਨੀਆਂ ਦੇ ਲੋਕ ਪ੍ਰੀਤ ਤਾਂ ਕਰਦੇ ਹਨ, ਪਰ ਕਿਸੇ ਦੀ ਪ੍ਰੀਤ ਪਿਆਰੇ ਨਾਲ ਹੋਵੇਗੀ, ਕਿਸੇ ਦੀ ਪ੍ਰੀਤ ਸੰਸਾਰ ਨਾਲ ਹੋਵੇਗੀ। ਅੰਦਰੋਂ ਲਗਾਉ ਹਰ ਕਿਸੇ ਦਾ ਕਿਸੇ ਨਾਲ ਹੋਵੇਗਾ, ਪਰੰਤੂ ਇਨ੍ਹਾਂ ਪ੍ਰੀਤਾਂ ਵਿਚੋਂ ਸਭ ਤੋਂ ਉੱਚੀ ਪ੍ਰੀਤ ਇਹ ਹੈ ਕਿ ਤੇਰਾ ਅੰਦਰ ਸਾਈਂ ਦੇ ਚਰਨਾਂ ਨਾਲ ਕਿੰਨਾ ਕੁ ਜੁੜਿਆ ਹੈ। ਜੇ ਵਾਹਿਗੁਰੂ ਦੇ ਚਰਨਾਂ ਨਾਲ ਪ੍ਰੀਤ ਹੈ ਤਾਂ ਇਹ ਪ੍ਰੀਤ ਸਭ ਤੋਂ ਉੱਚੀ ਹੈ। ਮਹਾਰਾਜ! ਇਹ ਪ੍ਰੀਤ ਪੈਦਾ ਕਿਵੇਂ ਹੋਵੇਗੀ? ਕਹਿਣ ਲੱਗੇ, ਹੇ ਮੇਰੇ ਮਨਾਂ! ਤੂੰ ਇਕ ਪ੍ਰਮਾਤਮਾ ਨੂੰ ਜਪ, ਇਕ ਨਾਮ ਤੋਂ ਬਿਨਾਂ ਪ੍ਰਭੂ ਦੀ ਦਰਗਾਹ ਵਿਚ ਕੋਈ ਵੀ ਕੰਮ ਲੇਖੇ ਵਿਚ ਨਹੀਂ ਪੈਂਦਾ। ਮਹਾਰਾਜ ਕਹਿੰਦੇ ਹਨ, ਫਿਰ ਇਕ ਕੰਮ ਹੋਰ ਕਰੀਂ ਕਿ ਜੇ ਤੂੰ ਗੁਰੂ ਨਾਲ ਪ੍ਰੀਤ ਕਰਨੀ ਸਿੱਖਣੀ ਹੈ ਤਾਂ ਕਿਸੇ ਕਰਨੀ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਕਰ ਲਈਂ। ਜਿਹੜਾ ਸਾਈਂ ਨੂੰ ਪ੍ਰੇਮ ਕਰਦਾ ਹੈ, ਉਸ ਦੀ ਸੰਗਤ ਕਰਕੇ ਕਿਤੇ ਤੇਰੇ ਹਿਰਦੇ ਵਿਚ ਵੀ ਕੋਈ ਜਾਗ ਲੱਗ ਜਾਏ। ਕਿਤੇ ਹਿਰਦੇ ਵਿਚ ਪ੍ਰੇਮ ਪੈਦਾ ਹੋ ਜਾਵੇ। ਇਹ ਪ੍ਰੇਮ ਦੋ ਚਾਰ ਘੜੀਆਂ ਦਾ ਨਹੀਂ।

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ॥*

ਪੰਜਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਨੇ, ਇਹ ਕੇਵਲ ਕਵੀ ਦੇ ਫੋਕੇ ਖ਼ਿਆਲ ਨਹੀਂ, ਹਕੀਕਤ ਇਹ ਹੈ ਕਿ ਇਕ-ਇਕ ਸ਼ਬਦ ਮੇਰੇ ਸਤਿਗੁਰੂ ਨੇ ਜੀਵਨ ਵਿਚ ਆਪ ਜੀਵਿਆ ਹੈ। ਉਸ ਦੇ ਚਰਨਾਂ ਵਿਚ ਜੁੜੇ ਗੁਰਮੁਖ ਵੀ ਜਿਉਂਦੇ ਪਏ ਹਨ। ਮਿਹਰਬਾਨ ਦੀ ਜਨਮ ਸਾਖੀ ਵਿਚ ਇਕ ਸਾਖੀ ਹੈ ਕਿ ਰਾਏ ਭੋਏ ਦੀ ਤਲਵੰਡੀ ਵਿਚ ਸਾਰਾ ਸ਼ਹਿਰ ਬਿਲਕੁਲ ਆਰਾਮ ਨਾਲ ਸੁੱਤਾ ਹੈ, ਪਰ ਕੇਵਲ ਇਕ ਘਰ ਦੇ ਅੰਦਰ ਦੀਵਾ ਬਲਦਾ ਪਿਆ ਹੈ, ਉਹ ਵੀ ਟਿਮਟਿਮਾਉਂਦਾ ਦੀਵਾ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ। ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਪੱਚੀ ਸਾਲ ਦੇ ਸਨ ਤੇ ਰਾਏ-ਭੋਇ ਦੀ ਤਲਵੰਡੀ ਵਿਚ ਬੈਠੇ ਸਨ। ਨਿਮਾ-ਨਿਮਾ ਦੀਵਾ ਬਲਦਾ ਪਿਆ ਹੈ ਤੇ ਅੱਧੀ ਰਾਤ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ। ਮੇਰੇ ਗੁਰਦੇਵ ਅਜੇ ਵੀ ਸਾਈਂ ਦੀ ਯਾਦ ਵਿਚ ਜੁੜੇ ਹੋਏ ਹਨ। ਅਚਨਚੇਤ ਜਦੋਂ ਮਾਂ ਤ੍ਰਿਪਤਾ ਨੇ ਦੇਖਿਆ ਕਿ ਅਜੇ ਵੀ ਦੀਵਾ ਬਲਦਾ ਪਿਆ ਹੈ ਅਤੇ ਨਾਨਕ ਜੀ ਚੌਂਕੜਾ ਮਾਰ ਕੇ ਕੋਲ ਬੈਠੇ ਹੋਏ ਹਨ ਤਾਂ ਆਵਾਜ਼ ਦੇ ਕੇ ਸ਼ਬਦ ਕਹੇ ਸਨ - ਬੇਟਾ! ਹੁਣ ਤਾਂ ਸਾਰਾ ਸੰਸਾਰ ਆਰਾਮ ਨਾਲ ਟਿਕ ਗਿਆ ਹੈ। ਤੂੰ ਦੋ ਘੜੀਆਂ ਆਰਾਮ ਨਹੀਂ ਕਰੇਂਗਾ? ਅੱਧੀ ਰਾਤ ਤੋਂ ਜ਼ਿਆਦਾ ਸਮਾਂ ਲੰਘ ਗਿਆ ਹੈ, ਤੈਨੂੰ ਚੈਨ ਨਹੀਂ। ਫਿਰ ਉਸੇ ਵੇਲੇ ਅਸਮਾਨ ਵਿਚੋਂ ਬਬੀਹਾ ਬੋਲਿਆ ਤੇ ਜਦੋਂ ਉਸ ਨੇ ਪ੍ਰਿਹੋਂ-ਪ੍ਰਿਹੋਂ ਦੇ ਸ਼ਬਦ ਕਹੇ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਹਿਰਦੇ ਵਿਚੋਂ ਬੈਰਾਗ ਉਠਿਆ। ਕਹਿਣ ਲਗੇ, ਦੇਖ ਮਾਂ! ਤੂੰ ਕਹਿੰਦੀ ਹੈਂ ਕਿ ਸਾਰੀ ਕਾਇਨਾਤ ਸੌਂ ਗਈ ਹੈ, ਪਰ ਉਹ ਸੁੱਤੇ ਹਨ ਜਿਨ੍ਹਾਂ ਦੇ ਅੰਦਰ ਪਿਆਰੇ

ਦੀ ਤੜਪ ਨਹੀਂ। ਦੇਖ, ਅਸਮਾਨ ਉਤੇ ਉੱਡਣ ਵਾਲਾ ਬਬੀਹਾ ਅੱਧੀ ਰਾਤ ਨੂੰ ਪੀਆ-ਪੀਆ ਕਰਦਾ ਪਿਆ ਹੈ। ਇਸ ਦਾ ਪਿਆਰਾ ਤਾਂ ਬਿਲਕੁਲ ਨੇੜੇ ਹੈ। ਅੱਜ ਨਹੀਂ ਤਾਂ ਕੱਲ ਜਾਂ ਸਵੇਰੇ ਮੀਂਹ ਪਵੇਗਾ, ਇਹ ਤਾਂ ਚੁੱਪ ਹੋ ਜਾਵੇਗਾ, ਪਰ ਇਸ ਦੇ ਅੰਦਰ ਨੂੰ ਵਿਛੜਿਆਂ ਤਾਂ ਕਈ ਜਨਮ ਹੋ ਗਏ ਹਨ। ਗੁਰਦੇਵ ਕਹਿਣ ਲੱਗੇ ਕਿ ਮੈਂ ਓਨੀ ਦੇਰ ਤੱਕ ਚੈਨ ਨਾਲ ਟਿਕਾਂਗਾ ਨਹੀਂ, ਜਿੰਨੀ ਦੇਰ ਤੱਕ ਮੇਰੇ ਪਿਆਰੇ ਦਾ ਮਿਲਾਪ ਨਹੀਂ ਹੋ ਜਾਂਦਾ। ਮਾਂ! ਕਦੀ ਮੇਰੀਆਂ ਅੱਖਾਂ ਵਿਚ ਝਾਤੀ ਮਾਰ ਕੇ ਦੇਖ। ਮੈਂ ਪਿਆਰੇ ਦਾ ਰਾਹ ਪਿਆ ਤੱਕਦਾ ਹਾਂ। ਇਕ ਪਲ ਲਈ ਵੀ ਮੇਰੀਆਂ ਅੱਖਾਂ ਝਮਕਦੀਆਂ ਨਹੀਂ। ਜਿੰਨੀ ਦੇਰ ਤੱਕ ਪਿਆਰੇ ਨਾਲ ਮਿਲਾਪ ਨਹੀਂ ਹੁੰਦਾ, ਓਨੀ ਦੇਰ ਤੱਕ ਮੇਰੇ ਅੰਦਰ ਟਿਕਾਅ ਨਹੀਂ। ਆਪਣੇ ਪਿਆਰੇ ਤੋਂ ਬਿਨਾਂ ਇਕ ਪਲ ਵੀ ਰਿਹਾ ਨਹੀਂ ਜਾ ਸਕਦਾ। ਉਸ ਨੂੰ ਮਿਲਣ ਤੋਂ ਬਿਨਾਂ ਨੀਂਦ ਨਹੀਂ।

ਕਬੀਰ ਜੀ ਕਹਿੰਦੇ ਹਨ ਕਿ ਐ ਬੰਦਿਆ! ਤੂੰ ਘੱਟੋ-ਘੱਟ ਆਪਣੇ ਚੌਗਿਰਦੇ ਰਹਿਣ ਵਾਲੇ ਪੰਛੀਆਂ ਵੱਲ ਵੀ ਤੱਕ ਲੈ। ਉਹ ਇਕ ਰਾਤ ਵੀ ਪਿਆਰੇ ਤੋਂ ਵਿਛੜਨ 'ਤੇ ਸਾਰੀ ਰਾਤ ਸਾਈਂ ਨੂੰ ਪੁਕਾਰਦੇ ਪਏ ਹਨ, ਪਰ ਤੂੰ ਕਿਹੋ ਜਿਹੀ ਨੀਂਦ ਵਿਚ ਸੁੱਤਾ ਪਿਆ ਹੈਂ। ਕਈ ਜਨਮ ਹੋ ਗਏ ਨੇ, ਕਦੀ ਤੂੰ ਵੀ ਮਿਲਣ ਲਈ ਉਪਰਾਲਾ ਕਰ। ਸਾਹਿਬ ਕਹਿਣ ਲੱਗੇ ਕਿ -

*ਅਸੁਨਿ ਪ੍ਰੇਮ ਉਮਾਹੜਾ॥*

ਮਨ ਦੇ ਅੰਦਰ ਪਿਆਰ ਨੇ ਇਕ ਉਛਾਲਾ ਖਾਧਾ ਹੈ, ਪਰ ਇਹ ਪਿਆਰ ਛਿੰਨ ਮਾਤਰ ਲਈ ਨਹੀਂ, ਸਾਡਾ ਪਿਆਰ ਤਾਂ ਪੀਂਘ ਦੇ ਹੁਲਾਰੇ ਦੀ ਤਰ੍ਹਾਂ ਹੈ। ਜਿਵੇਂ ਪੀਂਘ ਦਾ ਹੁਲਾਰਾ ਟਿਕਦਾ ਨਹੀਂ, ਇਹ ਪਿਆਰ ਵੀ ਪੀਂਘ ਦੇ ਹੁਲਾਰੇ ਦੀ ਤਰ੍ਹਾਂ ਹੈ, ਪਰੰਤੂ ਸਤਿਗੁਰੂ ਦੇ ਸਿੱਖਾਂ ਦਾ ਅਤੇ ਨਾਮ ਜਪਣ ਵਾਲਿਆਂ ਦਾ ਪਿਆਰ ਇਹੋ ਜਿਹਾ ਨਹੀਂ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਮੱਛੀ ਮੁੱਦਤਾਂ ਤੋਂ ਪਾਣੀ ਵਿਚ ਰਹਿੰਦੀ ਹੈ। ਉਸ ਦਾ ਪਾਣੀ ਨਾਲ ਪਿਆਰ ਛਿੰਨ ਮਾਤਰ ਲਈ ਨਹੀਂ। ਅਸੀਂ ਸੁਣਦੇ ਹਾਂ ਕਿ ਜਦੋਂ ਦੀ ਸ੍ਰਿਸ਼ਟੀ ਦੀ ਰਚਨਾ ਹੋਈ, ਉਦੋਂ ਤੋਂ ਪਾਣੀ ਬਣਾਇਆ ਗਿਆ। ਮੱਛੀ ਮੁੱਢ ਤੋਂ ਪਾਣੀ ਵਿਚ ਰਹਿੰਦੀ ਆਈ ਹੈ। ਕਦੀ ਮੱਛੀ ਨੇ ਗਿਲਾ ਕਰਕੇ ਨਹੀਂ ਕਿਹਾ ਕਿ ਕਈ ਯੁੱਗ ਹੋ ਗਏ ਹਨ ਇਸ ਪਾਣੀ ਵਿਚ ਰਹਿੰਦਿਆਂ, ਮੈਂ ਹੁਣ ਪਾਣੀ ਵਿਚ ਰਹਿਣਾ ਨਹੀਂ, ਕਿਉਂਕਿ ਮੇਰਾ ਪਾਣੀ ਤੋਂ ਮਨ ਅੱਕ ਗਿਆ ਹੈ।

ਮਹਾਰਾਜ ਫ਼ਰਮਾਂਦੇ ਹਨ ਕਿ ਪੰਛੀ ਅਸਮਾਨ ਵਿਚ ਉਡਦੇ ਹਨ ਤੇ ਕਦੀ ਇਨ੍ਹਾਂ ਪੰਛੀਆਂ ਨੇ ਹੋਕਾ ਦੇ ਕੇ ਕਿਹਾ ਹੈ ਕਿ ਅੱਜ ਤੋਂ ਬਾਅਦ ਅਸੀਂ ਬਿਲਕੁਲ ਅਸਮਾਨ ਵਿਚ ਨਹੀਂ ਉੱਡਣਾ? ਅਸੀਂ ਕਵੇਲ ਇਸ ਧਰਤੀ 'ਤੇ ਮਨੁੱਖ ਵਾਂਗ ਤੁਰਾਂਗੇ। ਮੁੱਢ ਤੋਂ ਹੀ ਪੰਛੀ ਅਸਮਾਨ 'ਤੇ ਉਡਾਰੀਆਂ ਮਾਰਦੇ ਹਨ। ਸਾਹਿਬ ਕਹਿਣ ਲੱਗੇ, ਕਮਲ ਦੇ ਫੁੱਲ ਵਿਚ ਭੰਵਰੇ ਅੱਜ ਦੇ ਨਹੀਂ, ਪਤਾ ਨਹੀਂ ਕਿੰਨੇ ਕੁ ਸਮੇਂ ਤੋਂ ਉਸ ਸੁਗੰਧੀ ਵਿਚ ਖਚਿਤ ਹੋ ਰਹੇ ਹਨ। ਫੁੱਲ ਉਨ੍ਹਾਂ ਨੂੰ ਮਾਰ ਦਿੰਦਾ ਹੈ ਸਾਹ ਗੁੰਮ ਕਰਕੇ, ਪਰ ਕਦੀ ਭੰਵਰਿਆਂ ਨੇ ਕਿਹਾ ਹੈ ਕਿ ਅੱਜ ਤੋਂ ਬਾਅਦ ਅਸੀਂ ਫੁੱਲ ਕੋਲ ਨਹੀਂ ਜਾਣਾ। ਸਾਹਿਬ ਕਹਿੰਦੇ ਹਨ ਕਿ ਐ ਮਨੁੱਖ! ਜਿਵੇਂ ਮੁੱਢ ਤੋਂ ਹੀ ਅਸਮਾਨ 'ਤੇ ਕਾਲੇ ਬੱਦਲ ਚੜ੍ਹਦੇ ਹਨ, ਮੋਰ ਪੈਲਾਂ ਪਾਉਂਦਾ ਹੈ ਤੇ ਚਕੋਰ ਪੀਆ-ਪੀਆ ਦੀ ਰੱਟ ਲਗਾਉਂਦਾ ਹੈ, ਕੀ ਹੁਣ ਉਨ੍ਹਾਂ ਨੇ ਚੁੱਪ ਕਰਕੇ ਬੋਲਣਾ ਛੱਡ ਦਿਤਾ ਹੈ? ਸਾਹਿਬ ਸੱਚੇ ਪਾਤਿਸ਼ਾਹ ਕਹਿੰਦੇ ਹਨ ਕਿ ਮੱਛੀਆਂ ਤੇ ਪੰਛੀਆਂ ਨੇ ਕਦੀ ਵੀ ਪਿਆਰੇ ਤੋਂ ਮੂੰਹ ਨਹੀਂ ਮੋੜਿਆ। ਇਸ ਲਈ ਐ ਮਨੁੱਖ੍ ਇਕ ਗੱਲ ਚੇਤੇ ਰੱਖੀਂ ਕਿ ਇਸੇ ਤਰ੍ਹਾਂ ਸਾਈਂ ਨੂੰ ਪਿਆਰ ਕਰਨ ਵਾਲਾ ਕਦੀ ਪ੍ਰੀਤ ਤੋੜਦਾ ਨਹੀਂ। ਜੇ ਤੂੰ ਇਕੱਲਾ ਹੈਂ, ਕਿਸੇ ਗੁਰਸਿੱਖ ਦੀ ਸੰਗਤ ਕਰਨੀ ਹੈ ਤਾਂ ਭੱਟਾਂ ਦੀ ਬਾਣੀ ਪੜ੍ਹਿਆ ਕਰ। ਗੁਰੂ ਦੇ ਸਿੱਖ ਗੁਰੂ ਦੇ ਗੀਤ ਗਾਉਂਦੇ ਹਨ। ਸੱਤੇ ਬਲਵੰਡ ਦੀ ਵਾਰ ਪੜ੍ਹਿਆ ਕਰ, ਇਹ ਗੁਰੂ ਦੇ ਸਿੱਖਾਂ ਦੀ ਸੰਗਤ ਹੈ। ਰਾਮਕਲੀ ਸੱਦ ਦਾ ਪਾਠ ਪੜ੍ਹਿਆ ਕਰ, ਇਹ ਗੁਰੂ ਦੇ ਸਿੱਖਾਂ ਦੀ ਸੰਗਤ ਹੈ ਤੇ ਜੇ ਤੂੰ ਲੋਚਦਾ ਹੈਂ ਕਿ ਰੰਗ ਰਤੜੇ ਸੰਤਾਂ ਦੀ, ਭਗਤਾਂ ਦੀ ਸੰਗਤ ਕਰਨੀ ਹੈ ਤਾਂ ਕਦੀ ਜੁੜੇ ਹੋਏ ਭਗਤਾਂ ਦੇ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪੜ੍ਹ, ਇਹ ਸੰਤਾਂ ਦੇ ਅੰਦਰ ਦਾ ਪ੍ਰੇਮ ਹੈ।

ਖ਼ਾਲਸਾ ਕੀ ਹੈ? ਕਹਿੰਦੇ ਹਨ, ਖ਼ਾਲਸਾ ਇਸ ਤਰ੍ਹਾਂ ਦਾ ਨਹੀਂ ਕਿ ਜਿਵੇਂ ਤੇਰੀ ਮੋਟਰਕਾਰ ਹੈ, ਤੂੰ ਕਹੇਂ ਇਹ ਮੇਰਾ ਖ਼ਾਲਸਾ ਹੈ। ਖ਼ਾਲਸਾ ਇਸ ਤਰ੍ਹਾਂ ਦਾ ਨਹੀਂ ਕਿ ਜਿਵੇਂ ਤੁਹਾਡੇ ਘਰ ਦੀਆਂ ਪੁੱਤਰ-ਧੀਆਂ। ਗੁਰੂ ਜੀ ਕਹਿੰਦੇ ਹਨ ਕਿ ਖ਼ਾਲਸਾ ਇਸ ਤਰ੍ਹਾਂ ਦਾ ਹੈ ਜਿਵੇਂ ਸੂਰਜ ਤੇ ਸੂਰਜ ਦੀ ਕਿਰਨ ਹੈ। ਖ਼ਾਲਸਾ ਇਸ ਤਰ੍ਹਾਂ ਦਾ ਨਹੀਂ ਕਿ ਜਿਵੇਂ ਤੂੰ ਤੇ ਤੇਰੀ ਜ਼ਮੀਨ ਹੈ।

ਕਿੰਨਾ ਫ਼ਰਕ ਹੈ ਗੱਲ ਕਰਨ ਵਿਚ, ਕਿਉਂਕਿ ਮਨੁੱਖ ਦੀ ਮੌਤ ਹੋ ਜਾਏ ਤਾਂ ਜ਼ਮੀਨ ਫਿਰ ਵੀ ਫ਼ਸਲ ਦਿੰਦੀ ਰਹਿੰਦੀ ਹੈ। ਜ਼ਮੀਨ ਨੇ ਕਦੀ ਨਹੀਂ ਕਿਹਾ ਕਿ ਮੇਰੇ ਮਾਲਕ ਦੀ ਮੌਤ ਹੋ ਗਈ ਹੈ ਤੇ ਹੁਣ ਮੈਂ ਵੀ ਆਪਣੇ ਆਪ ਨੂੰ ਖ਼ਤਮ ਕਰ ਦੇਣਾ ਹੈ। ਮਾਲਕ ਚਲਾ ਜਾਏ, ਪਰ ਜ਼ਮੀਨ ਫਿਰ ਵੀ ਕਾਇਮ ਰਹੇਗੀ। ਮਨੁੱਖ ਚਲਾ ਜਾਏ ਤਾਂ ਘਰ ਨੇ ਫਿਰ ਵੀ ਰਹਿਣਾ ਹੈ। ਖ਼ਾਲਸਾ ਵੀ ਇਸ ਤਰ੍ਹਾਂ ਹੈ ਜਿਵੇਂ ਸੂਰਜ ਅਤੇ ਸੂਰਜ ਦੀ ਕਿਰਨ। ਜੇ ਸੂਰਜ ਦੇ ਅੱਗੇ ਬੱਦਲ ਆ ਗਏ ਹਨ ਤਾਂ ਕਦੀ ਧਰਤੀ ਉੱਤੇ ਡਿਗਦੀ ਹੋਈ ਕਿਰਨ ਨੇ ਕਿਹਾ ਕਿ ਭਾਵੇਂ

ਸੂਰਜ ਨਹੀਂ ਦਿਸਦਾ, ਪਰ ਮੈਂ ਤਾਂ ਸੂਰਜ ਤੋਂ ਬਿਨਾਂ ਵੀ ਰਹਾਂਗੀ? ਸਾਹਿਬ ਕਹਿਣ ਲੱਗੇ, ਨਹੀਂ, ਸੂਰਜ ਹੈ ਤਾਂ ਕਿਰਨ ਹੈ। ਖ਼ਾਲਸਾ ਤਾਂ ਹੈ ਜੇ ਅੰਦਰ ਵਾਹਿਗੁਰੂ ਹੈ, ਜੇ ਅੰਦਰ ਵਾਹਿਗੁਰੂ ਨਹੀਂ ਤਾਂ ਚੇਤੇ ਰੱਖੀਂ ਸੱਜਣਾ! ਸੂਰਜ ਤੋਂ ਬਿਨਾਂ ਕਿਰਨ ਨਹੀਂ ਰਹਿੰਦੀ। ਹਜ਼ੂਰ ਦੇ ਸਿੱਖ ਨੇ ਕਿਹਾ ਕਿ ਜਦੋਂ ਮੈਨੂੰ ਰਾਤ ਨੂੰ ਇਕਾਂਤ ਵਿਚ ਸਮਾਂ ਮਿਲਦਾ ਹੈ ਤਾਂ ਮੈਂ ਉਸ ਵੇਲੇ ਮੇਰੇ ਗੁਰੂ ਨਾਨਕ ਜੀ! ਤੇਰੇ ਸ਼ਬਦ ਨੂੰ ਪੜ੍ਹਦਾ ਹਾਂ। ਜਦੋਂ ਸ਼ਬਦ ਪੜ੍ਹਦਾ ਹਾਂ ਤਾਂ ਲੋਕ ਕਹਿੰਦੇ ਹਨ ਕਿ ਬਾਣੀ ਪੜ੍ਹ ਕੇ ਰਸ ਨਹੀਂ, ਪਰ ਮੈਨੂੰ ਤਾਂ ਇੰਝ ਲਗਦਾ ਹੈ ਕਿ ਜਿਵੇਂ ਬਾਣੀ ਸ਼ਬਦ ਵਿਚ ਢਕੀਆਂ ਹੋਈਆਂ ਬਾਹਵਾਂ ਮੈਨੂੰ ਤੇਰੇ ਸੀਨੇ ਦਾ ਪਿਆਰ ਦਿੰਦੀਆਂ ਹਨ। ਸਾਹਿਬ ਅੰਦਰ ਮੇਰੇ ਨਾਲ ਰਚੇ ਹੋਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ -

*ਅਸੁਨਿ ਪ੍ਰੇਮ ਉਮਾਹੜਾ*

ਹੇ ਮੇਰੇ ਵਾਹਿਗੁਰੂ! ਅੱਸੂ ਦੇ ਮਹੀਨੇ ਵਿਚ ਪ੍ਰੇਮ ਨੇ ਉਛਾਲਾ ਖਾਧਾ ਤੇ ਮਾਨੋ ਆਵਾਜ਼ ਆਈ -

*ਉਮਕਿਓ ਹੀਉ ਮਿਲਨ ਪ੍ਰਭ ਤਾਈ॥ ਅੰਗ- ੨੩੨*

ਅੰਦਰੋਂ ਹਿਰਦਾ ਖੁਸ਼ੀ ਵਿਚ ਆਇਆ ਹੈ -

*ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥*
*ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥*
*ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥ ੧ ॥*
*ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥*
*ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥ ੧ ॥ ਅੰਗ - ੨੩੨*

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ....॥*

ਕਹਿੰਦੇ ਹਨ, ਮਨ ਵਿਚ ਅਤੇ ਤਨ ਵਿਚ ਕੇਵਲ ਤੇਰੇ ਦਰਸ਼ਨਾਂ ਦੀ ਪਿਆਸ ਹੈ।

*....ਕੋਈ ਆਨਿ ਮਿਲਾਵੈ ਮਾਇ॥*

ਹੇ ਮਾਂ! ਕੋਈ ਇਹੋ ਜਿਹਾ ਹੋਵੇ ਜਿਹੜਾ ਮੈਨੂੰ ਉਸ ਸਾਈਂ ਨਾਲ ਜੋੜ ਦੇਵੇ। ਇਥੋਂ ਤੱਕ ਸੀ ਜਗਿਆਸੂ ਦੇ ਅੰਦਰ ਦੀ ਅਵਸਥਾ। ਹੁਣ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਜੇ ਕਿਤੇ ਤੇਰੇ ਮਨ ਅੰਦਰ ਇਹ ਪਿਆਸ ਪੈਦਾ ਹੋ ਜਾਏ ਤਾਂ ਫਿਰ ਭਟਕੀਂ ਨਾ, ਇਕ ਕੰਮ ਕਰੀਂ -

*ਸੰਤ ਸਹਾਈ ਪ੍ਰੇਮ ਕੇ*

ਜਿਹੜੇ ਰੱਤੇ ਹੋਏ ਸੰਤ ਜਨ ਹਨ, ਉਹ ਤੇਰੀ ਸਾਈਂ ਦੇ ਚਰਨਾਂ ਨਾਲ ਪ੍ਰੀਤ ਪਾਉਣ ਲਈ ਮਦਦ ਕਰਨਗੇ। ਫਿਰ ਆਕੜ ਕੇ ਨਾ ਉਸ ਕੋਲ ਜਾਈਂ।

*ਹਉ ਤਿਨ ਕੈ ਲਾਗਾ ਪਾਇ॥*

ਉਹਨਾਂ ਦੇ ਚਰਨਾਂ ਵਿਚ ਨਿਮਰਤਾ ਨਾਲ ਜੁੜ ਜਾਈਂ। ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਹਰ ਜੀਵ ਨੂੰ ਪ੍ਰੇਮ ਦੀ ਦਾਤ ਦਿਤੀ ਹੈ। ਪਿਆਰਿਉ! ਅੱਜ ਭਾਵੇਂ ਅਸੀਂ ਸਟੇਜਾਂ ਉੱਤੇ ਚੜ੍ਹ ਕੇ ਬੋਲਦੇ ਹਾਂ ਕਿ ਪ੍ਰਚਾਰ ਨਹੀਂ। ਪ੍ਰਚਾਰ ਬੜਾ ਹੈ, ਪਰ ਦਰਅਸਲ ਅੰਦਰ ਪਿਆਰ ਕੋਈ ਨਹੀਂ।

ਕਈ ਵਾਰ ਅਸੀਂ ਨਾਮ ਬਹੁਤ ਉੱਚੇ ਰੱਖਦੇ ਹਾਂ, ਪਰ ਨਾਮ ਨੂੰ ਸਫਲ ਨਹੀਂ ਕਰਦੇ। ਨਾਮ ਹੋਵੇਗਾ ਸੰਤ ਸਿੰਘ ਤੇ ਕੰਮ ਸਾਰੇ ਸਾਕਤਾਂ ਵਾਲੇ ਕਰੇਗਾ। ਨਾਮ ਹੋਵੇਗਾ ਗੁਰਮੁਖ ਸਿੰਘ ਤੇ ਕੰਮ ਸਾਰੇ ਮਨਮੁਖਾਂ ਵਾਲੇ ਹੋਣਗੇ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ -

*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*

ਜੇ ਸੁੱਖ ਭਾਲਦਾ ਹੈਂ ਤਾਂ ਕਦੀ ਨਾਮ ਤੋਂ ਬਿਨਾਂ ਕਿਸੇ ਨੂੰ ਸੁੱਖੀ ਦੇਖਿਆ ਹੈ? ਕਹਿੰਦੇ ਹਨ, ਨਾਮ ਤੋਂ ਬਿਨਾਂ ਕਦੀ ਕੋਈ ਸੁੱਖ ਨਹੀਂ ਪਾਉਂਦਾ। ਇਥੇ ਜਾਇ ਦਾ ਅਰਥ ਹੈ ਥਾਂ। ਸਾਹਿਬ ਕਹਿੰਦੇ ਹਨ, ਮੈਨੂੰ ਦੱਸੋ ਕਿ ਰੱਬ ਦੇ ਨਾਮ ਤੋਂ ਬਿਨਾਂ ਦੂਜੀ ਕਿਹੜੀ ਥਾਂ ਹੈ ਜਿੱਥੇ ਸੁੱਖ ਮਿਲਦਾ ਹੋਵੇ?

*ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥*

ਜਿਨ੍ਹਾਂ ਨੇ ਸਾਈਂ ਦੇ ਨਾਮ ਦੇ ਰਸ ਨੂੰ ਚੱਖਿਆ ਹੈ, ਉਹ ਤ੍ਰਿਪਤ ਹੋ ਗਏ। ਅੰਦਰੋਂ ਬਿਲਕੁਲ ਰੱਜ ਗਏ। ਉਹਨਾਂ ਦੇ ਅੰਦਰ ਦੁਨੀਆਂ ਦੀ ਕੋਈ ਵਾਸ਼ਨਾ ਨਹੀਂ। ਸਾਹਿਬ ਫਿਰ ਅੱਗੇ ਬਖ਼ਸ਼ਿਸ਼ ਕਰਦੇ ਹਨ ਕਿ ਜਿਹੜੇ ਰੱਜ ਜਾਂਦੇ ਹਨ, ਉਹਨਾਂ ਦੇ ਸੰਤ ਸਹਾਈ ਹੋ ਗਏ। ਫਿਰ ਸੰਤਾਂ ਨੇ ਇਕ ਗੱਲ ਸੁਣਾਈ ਕਿ ਤੂੰ ਸਵੇਰੇ ਉੱਠ ਕੇ ਜਦੋਂ ਤੈਨੂੰ ਮੌਕਾ ਮਿਲਦਾ ਹੈ ਤਾਂ ਤੂੰ ਇਕ ਅਰਦਾਸ ਕਰਿਆ ਕਰ -

*ਆਪੁ ਤਿਆਗਿ ਬਿਨਤੀ ਕਰਹਿ*

ਆਪਣੀ ਹਉ ਨੂੰ ਵਿਚੋਂ ਕੱਢ ਕੇ, ਆਪਣੀ ਮੈਂ ਨੂੰ ਛੱਡ ਕੇ ਇਕ ਬੇਨਤੀ ਕਰ ਤੇ ਉਸ ਬੇਨਤੀ ਵਿਚ ਕਹਿ-

*ਲੇਹੁ ਪ੍ਰਭੂ ਲੜਿ ਲਾਇ॥*

ਹੇ ਮੇਰੇ ਮਾਲਕਾ! ਜੇ ਤਰੁੱਠਾ ਹੈਂ ਤਾਂ ਆਪਣੇ ਲੜ ਲਾ ਲੈ। ਆਪਣੇ ਚਰਨਾਂ ਨਾਲ ਜੋੜ ਲੈ। ਸਾਹਿਬ ਜਿਸ ਨੂੰ ਆਪਣੇ ਲੜ ਨਾਲ ਲਾ ਲਵੇ, ਉਹ ਕਿੰਨਾ ਕੁ ਭਾਗਾਂ ਵਾਲਾ ਹੈ।

ਪਿਆਰਿਉ! ਮਾਛੀਵਾੜੇ ਕਦੀ ਜਾਇਉ ਤਾਂ ਉਸ ਘਰ ਜ਼ਰੂਰ ਜਾਇਉ ਜਿੱਥੇ ਗ਼ਨੀ ਖ਼ਾਂ ਤੇ ਨਬੀ ਖ਼ਾਂ ਦੋਨਾਂ ਭਰਾਵਾਂ ਨੇ ਸੱਚੀ ਸਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕੀਤੀ ਸੀ। ਜਦੋਂ ਜਾਈਦਾ ਹੈ ਤਾਂ ਜਾਂਦਿਆਂ ਖੱਬੇ ਹੱਥ ਦੋਨੋਂ ਭਰਾਵਾਂ ਦੀਆਂ ਕਬਰਾਂ ਹਨ। ਇਹਨਾਂ ਦੋਹਾਂ ਭਰਾਵਾਂ ਨੇ ਗੁਰੂ ਸਾਹਿਬ ਜੀ ਦੀ ਆਪਣੇ ਘਰ ਰੱਖ ਕੇ ਸੇਵਾ ਕੀਤੀ। ਦੋਹਾਂ ਭਰਾਵਾਂ ਨੇ ਕਿਹਾ, ਮਹਾਰਾਜ!

ਇਕ ਬੇਨਤੀ ਹੈ। ਤਾਂ ਸਾਹਿਬ ਨੇ ਕਿਹਾ, ਦੱਸੋ? ਕਹਿਣ ਲੱਗੇ, ਮਾਲਕ! ਘਰ ਜਾਣ ਨੂੰ ਦਿਲ ਨਹੀਂ ਕਰਦਾ। ਚਿੱਤ ਕਰਦਾ ਹੈ ਤੇਰੇ ਚਰਨਾਂ ਵਿਚ ਬੈਠੇ ਰਹੀਏ। ਸਾਹਿਬ ਕਹਿੰਦੇ ਹਨ, ਹੁਣ ਜਾਉ ਘਰ ਨੂੰ। ਥੋੜ੍ਹਾ ਜਿਹਾ ਤੁਰੇ ਤੇ ਫਿਰ ਪਿਛੇ ਆ ਗਏ। ਆ ਕੇ ਚਰਨ ਫੜ ਲਏ ਤੇ ਕਹਿਣ ਲੱਗੇ, ਦਾਤਿਆ! ਤੇਰੇ ਤੋਂ ਬਿਨਾਂ ਘਰ ਵੀ ਸੁੰਞਾ ਲੱਗਣਾ ਹੈ। ਸਾਹਿਬ ਨੇ ਕਲਮ ਚੁੱਕੀ ਤੇ ਇਕ ਹੁਕਮਨਾਮਾ ਲਿਖਿਆ। ਕਹਿਣ ਲੱਗੇ, ਦੋਨੋਂ ਬੈਠ ਜਾਉ। ਕਹਿੰਦੇ ਹਨ, ਅੱਜ ਤੋਂ ਬਾਅਦ ਤੁਸੀਂ ਮੇਰੇ ਲੀਕ ਪੁੱਤਰ ਹੋ। ਇਸ ਤੋਂ ਭਾਵ ਕਿ ਮੈਂ ਲੀਕ ਮਾਰ ਕੇ ਕਹਿ ਦਿੰਦਾ ਹਾਂ ਕਿ ਤੁਸੀਂ ਮੇਰੇ ਬੱਚੇ ਹੋ। ਹੁਕਮਨਾਮਾ ਲਿਖਿਆ - ੴ ਵਾਹਿਗੁਰੂ ਜੀ ਕੀ ਫ਼ਤਹਿ। ਸ੍ਰੀ ਸਤਿਗੁਰ ਜੀ ਕੀ ਆਗਿਆ ਹੈ ਗਨੀ ਖ਼ਾਂ ਨਬੀ ਖ਼ਾਂ ਇਹ ਜੋ ਹਨ ਇਹ ਮੇਰੇ ਕੰਮ ਆਏ ਹੈਂ। ਜੋ ਸਿੱਖ ਇਨ ਕੀ ਖਿਦਮਤ ਅੰਦਰ ਰਜੂ ਰਹਿਤ, ਸੋ ਸਿੱਖ ਨਿਹਾਲ ਹੋਤ, ਉਸ ਉੱਪਰ ਮੇਰੀ ਕ੍ਰਿਪਾ ਹੋਤ ਉਸ ਉਪਰ ਮੇਰਾ ਹੱਥ ਹੋਤ, ਇਹ ਜੋ ਹੈਨ ਮੇਰੇ ਹਨ। ਜੋ ਇਹਨਾਂ ਦੀ ਸੇਵਾ ਕਰੇਗਾ ਉਹ ਮੇਰੀ ਸੇਵਾ ਕਰੇਗਾ। ਕਿਹੋ ਜਿਹਾ ਹਿਰਦਾ ਸੀ? ਸਾਹਿਬ ਕਹਿਣ ਲੱਗੇ -

*ਜੋ ਹਰਿ ਕੰਤਿ ਮਿਲਾਈਆ*
*ਸਿ ਵਿਛੁੜਿ ਕਤਹਿ ਨ ਜਾਇ॥*

ਉਹਨਾਂ ਦਾ ਕਦੀ ਵਿਛੋੜਾ ਨਹੀਂ, ਜਿਨ੍ਹਾਂ ਨੂੰ ਸਾਈਂ ਨੇ ਆਪਣਾ ਬਣਾ ਲਿਆ। ਹਜ਼ੂਰ ਕਹਿਣ ਲੱਗੇ -

*ਪ੍ਰਭੁ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*

ਸਾਈਂ ਤੋਂ ਬਿਨਾਂ ਹੋਰ ਕੋਈ ਦੂਸਰਾ ਰੱਖਣ ਵਾਲਾ ਨਹੀਂ। ਮੈਂ ਆਪਣੇ ਮਾਲਕ ਦੀ ਸ਼ਰਨ ਵਿਚ ਆਇਆ ਹਾਂ। ਅਖ਼ੀਰ ਵਿਚ ਫਿਰ ਕਹਿਣ ਲੱਗੇ -

*ਅਸੁ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥*

ਜਿਨ੍ਹਾਂ ਉੱਤੇ ਹਰੀ ਰਾਇ ਵਾਹਿਗੁਰੂ ਦੀ ਕ੍ਰਿਪਾ ਹੋ ਗਈ, ਅੱਸੂ ਦੇ ਮਹੀਨੇ ਵਿਚ ਉਹ ਸੁਖੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰਨ, ਕਿਤੇ ਅੰਦਰ ਦੀ ਖੁਸ਼ਕੀ ਮੁੱਕੇ ਤੇ ਪ੍ਰੇਮ ਦੀ ਕਿਰਨ ਕਿਤੇ ਲਗ ਜਾਏ। ਸਤਿਗੁਰ ਬਖਸ਼ਿਸ਼ ਕਰਨ, ਕਿਤੇ ਇਹ ਅਵਸਥਾ ਨਸੀਬ ਹੋ ਜਾਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

*(ਪੰਨਾ 5 ਦੀ ਬਾਕੀ)*

'ਆਤਮ ਮਾਰਗ' ਦੀ ਸਾਰੀ ਸਮੱਗਰੀ/ਮੈਟਰ ਅਧਿਆਤਮਿਕ ਜੁਗਤਿ ਨਾਲ ਭਰਪੂਰ ਹੁੰਦੀ ਹੈ। ਸੰਸਾਰਿਕ ਜੁਗਤਿ ਤੋਂ ਬਿਰਤੀ ਉਠਾ ਕੇ ਆਤਮ ਮੰਡਲਾਂ ਵਿਚ ਲੈ ਜਾਣ ਦੇ ਸਮਰੱਥ ਹੈ। ਪਿਆਰੇ ਮਹਾਂਪੁਰਖਾਂ ਦਾ ਇਕ-ਇਕ ਬਚਨ ਸਭਨਾਂ ਲਈ ਪ੍ਰੇਰਨਾਦਾਇਕ ਹੈ।

ਇਹਨਾਂ ਬਚਨਾਂ ਨੂੰ ਲੜੀਵਾਰ ਹਰ ਮਹੀਨੇ ਪੜ੍ਹ ਕੇ ਜੀਵਨ ਜੁਗਤਿ ਦੀ ਸੋਝੀ ਹੋ ਜਾਂਦੀ ਹੈ। ਇਹ ਘਾਲਣਾ ਕਮਾਈ ਵਿਚੋਂ ਨਿਕਲੇ ਪ੍ਰਵਚਨ ਹਨ। ਫੋਕੇ ਫਾਇਰ ਨਹੀਂ, ਸ਼ਰਧਾ ਪ੍ਰੇਮ, ਪਿਆਰ, ਵੈਰਾਗ ਨਾਲ ਭਰਪੂਰ ਇਹਨਾਂ ਬਚਨਾਂ ਨੂੰ ਪੜ੍ਹ ਕੇ, ਕਮਾ ਕੇ ਜੀਵਨ ਜੁਗਤਿ ਦੀ ਸਹਿਜੇ ਹੀ ਸੋਝੀ ਹੋ ਜਾਂਦੀ ਹੈ। ਲੱਖਾਂ ਪ੍ਰੇਮੀ ਪਿਛਲੇ 26 ਸਾਲਾਂ ਤੋਂ 'ਆਤਮ ਮਾਰਗ' ਪੜ੍ਹ ਕੇ ਅਧਿਆਤਮਿਕ ਜਾਗ ਵਿਚ ਰੂਹਾਨੀ ਜੀਵਨ ਬਸਰ ਕਰ ਰਹੇ ਹਨ। ਸਾਰੇ ਬਚਨਾਂ ਦਾ ਇਕੋ ਹੀ ਸਾਰ ਹੈ ਕਿ ਦੁਰਲੱਭ ਮਨੁੱਖਾ ਜਨਮ ਮਿਲਿਆ ਹੈ ਇਹ ਕਿਵੇਂ ਸਫ਼ਲ ਹੋਵੇ? ਜਨਮ ਮਰਨ ਦੇ ਬੰਧਨਾਂ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ। ਅਭੇਦ ਅਵਸਥਾ ਦੀ ਪ੍ਰਾਪਤੀ ਹੀ 'ਆਤਮ ਮਾਰਗ' ਦਾ ਨਿਸ਼ਾਨਾ ਹੈ। ਸੋ ਸੰਸਾਰਿਕ ਜੁਗਤਿ ਤੋਂ ਉਪਰ ਉਠ ਕੇ ਆਤਮ ਮਾਰਗੀ ਜੁਗਤਿ ਅਪਨਾਉਣੀ ਹੈ -

***'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥' (ਅੰਗ- 846)*** ਵਾਲੀ ਅਵਸਥਾ ਤਕ ਪਹੁੰਚਾਣਾ 'ਆਤਮ ਮਾਰਗ' ਦਾ, ਮੁੱਖ ਮੰਤਵ ਹੈ। ਇਸੇ ਸਿਧਾਂਤ ਨੂੰ ਲੈ ਕੇ 'ਆਤਮ ਮਾਰਗ' ਪਿਛਲੇ 26 ਸਾਲਾਂ ਤੋਂ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੈ। ਹਥਲੇ ਅੰਕ ਤੋਂ ਆਪ ਜੀ ਦੇ ਰੂਹਾਨੀ ਗਿਆਨ ਵਿਚ ਵਾਧਾ ਕਰਨ ਲਈ ਇਕ ਨਵਾਂ ਲੇਖ ਲੜੀਵਾਰ 'ਪੰਜ ਖੰਡ' ਸਿਰਲੇਖ ਹੇਠ ਡਾ. ਰਾਮ ਸਿੰਘ ਵਲੋਂ ਰਚਿਤ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਵਿਚ ਬਹੁਤ ਹੀ ਵਿਸਥਾਰ ਨਾਲ ਆਤਮਿਕ ਅਵਸਥਾ ਦੇ ਪੰਜ ਪੜਾਵਾਂ ਦਾ ਜ਼ਿਕਰ ਮਿਲੇਗਾ। ਇਸ ਤੋਂ ਇਲਾਵਾ ਪ੍ਰਸਿੱਧ ਕਥਾਵਾਚਕ ਪੰਥ ਰਤਨ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਵਲੋਂ ਰਚਿਤ ਬਾਰਹ-ਮਾਹਾ ਸ਼ੁਰੂ ਕੀਤਾ ਜਾ ਰਿਹਾ ਹੈ। ਆਸ ਹੈ ਕਿ ਪਾਠਕ ਜਨ ਇਨ੍ਹਾਂ ਆਤਮਿਕ ਗਿਆਨ ਭਰਪੂਰ, ਰਚਨਾਵਾਂ ਨੂੰ ਪੜ੍ਹ ਕੇ ਲਾਹੇ ਪ੍ਰਾਪਤ ਕਰਨਗੇ।

'ਆਤਮ ਮਾਰਗ' ਆਉਣ ਵਾਲੇ ਸਮੇਂ ਵਿਚ ਵੀ ਗੁਰੂ ਬਖਸ਼ਿਸ਼ਾਂ ਸਦਕਾ, ਪਿਆਰੇ ਮਹਾਂਪੁਰਸ਼ਾਂ ਦੇ ਬਚਨਾਂ 'ਤੇ ਪਹਿਰਾ ਦਿੰਦਿਆਂ ਸਦਾ ਹੀ ਇਸ ਸਿਧਾਂਤ ਦੀ ਪੂਰਤੀ ਦੀ ਆਪ ਸਭਨਾਂ ਲਈ ਅਰਦਾਸ ਕਰਦਾ ਹੈ।

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-41)*

ਇਸੇ ਤਰ੍ਹਾਂ ਹੀ ਇਕ ਹੋਰ ਬਹੁਤ ਪੁਰਾਣੀ ਕਥਾ ਸੁਣੀ ਜਾਂਦੀ ਹੈ ਕਿ ਜਦੋਂ ਸਿਕੰਦਰੇ ਆਜ਼ਮ ਨੇ ਭਾਰਤ ਤੇ ਹਮਲਾ ਕੀਤਾ ਉਸ ਵੇਲੇ ਉਹ ਰਾਵੀ ਕੰਢੇ ਆ ਕੇ ਰੁਕ ਗਿਆ ਕਿਉਂਕਿ ਉਥੇ ਇਕ ਬਹੁਤ ਹੀ ਸ਼ਕਤੀਸ਼ਾਲ ਰਾਜਾ ਰਾਜ ਕਰਦਾ ਸੀ ਜਿਸ ਦਾ ਨਾਮ ਪੋਰਸ ਸੀ। ਉਸ ਦਾ ਖਿਆਲ ਸੀ ਕਿ ਜਿਸ ਤਰ੍ਹਾਂ ਰਾਜਾ ਅੰਬੀ ਮੈਨੂੰ ਮੰਨ ਗਿਆ, ਇਸ ਤਰ੍ਹਾਂ ਮੇਰੀ ਤਾਕਤ ਦੇਖ ਕੇ ਰਾਜਾ ਪੋਰਸ ਵੀ ਹਾਰ ਮੰਨ ਜਾਵੇਗਾ। ਪਰ ਰਾਜਾ ਪੋਰਸ ਆਪਣੀ ਜਾਨ ਤੇ ਖੇਲ੍ਹਣ ਵਾਲਾ ਬਹੁਤ ਹੀ ਅਣਖੀ ਰਾਜਾ ਸੀ, ਉਸ ਨੇ ਸਿਕੰਦਰ ਨੂੰ ਉਸ ਦੀ ਦੋ ਲੱਖ ਫੌਜ ਸਮੇਤ ਰਾਵੀ ਪਾਰ ਨਾ ਕਰਨ ਦਿਤੀ। ਤਿੰਨ ਮਹੀਨੇ ਲੰਘਣ ਉਪਰੰਤ ਦਰਿਆ ਵਿਚ ਪਾਣੀ ਘਟਿਆ। ਇਹ ਉਪਰ ਜੰਮੂ ਵਲ ਨੂੰ ਹੋ ਕੇ ਰਾਜੇ ਪੋਰਸ ਨਾਲ ਲੜਨ ਆਇਆ। ਉਸ ਨੇ ਆਕਰਮਣ ਕੀਤਾ ਤਾਂ ਬਹੁਤ ਸਖਤ ਮੁਕਾਬਲਾ ਹੋਣ ਪਿਛੋਂ ਰਾਜਾ ਪੋਰਸ ਹਾਰ ਗਿਆ। ਆਪਸ ਵਿਚ ਸੁਲ੍ਹਾ ਸਫਾਈ ਹੋ ਗਈ। ਉਸ ਵੇਲੇ ਸਿਕੰਦਰ ਨੇ ਰਾਜੇ ਪੋਰਸ ਨੂੰ ਆਖਿਆ ਕਿ ਮੈਂ ਕਿਸੇ ਭਾਰਤੀ ਸੰਤ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ, ਮੇਰੇ ਮਨ ਵਿਚ ਬੜੀ ਜਗਿਆਸਾ ਹੈ ਕਿਉਂਕਿ ਮੈਂ ਸੁਣਿਆ ਹੈ ਕਿ ਭਾਰਤੀ ਸੰਤ ਆਤਮਕ ਉਨਤੀ ਵਿਚ ਬਹੁਤ ਉਚੇ ਹਨ। ਉਸ ਵੇਲੇ ਰਾਜਾ ਪੋਰਸ ਨੇ ਉਸ ਦੀ ਜਗਿਆਸਾ ਸਮਝਦਿਆਂ ਹੋਇਆਂ ਕਿਹਾ ਕਿ ਕਲ੍ਹ ਨੂੰ ਦਰਸ਼ਨ ਕਰਾਂਗੇ। ਦੂਸਰੇ ਦਿਨ ਉਹ ਰਾਜੇ ਪੋਰਸ ਨੂੰ ਲੈ ਕੇ ਰਾਵੀ ਦੇ ਕੰਢੇ-ਕੰਢੇ ਚਲਦਾ ਜੰਗਲਾਂ ਵਿਚੀਂ ਹੁੰਦਾ ਹੋਇਆ ਇਕ ਥਾਂ ਪਹੁੰਚਿਆ, ਜਿਥੇ ਸੰਤ ਕੰਪੀਨ ਮਾਤਰ ਪਹਿਨ ਕੇ ਸੂਰਜ ਦੀ ਚੜ੍ਹਦੀ ਧੁੱਪ ਲੈ ਰਹੇ ਸਨ। ਪੋਹ ਦਾ ਮਹੀਨਾ ਸੀ, ਉਹ ਧੁੱਪੇ ਬੈਠੇ ਪ੍ਰਸੰਨ ਚਿੱਤ ਸਨ। ਸਿਕੰਦਰ ਨੇ ਕਿਹਾ ਕਿ ਸਾਧੂ ਕਿਥੇ ਹੈ? ਤਾਂ ਪੋਰਸ ਨੇ ਇਸ਼ਾਰਾ ਕਰਿਆ ਕਿ ਓ ਬੈਠੇ ਹਨ। ਉਸ ਨੇ ਫੇਰ ਦੋਹਰਾਇਆ ਕਿ ਉਹ ਜੋ ਨੰਗਾ ਧੜੰਗਾ ਬੈਠਾ ਹੈ, ਓਹੀ ਹੈ। ਪੋਰਸ ਨੇ ਕਿਹਾ ਹਾਂ ਜੀ, ਓਹੀ ਹੈ। ਉਨ੍ਹਾਂ ਸੰਤਾਂ ਨੇ ਵੀ ਗਰਦਨ ਮੋੜ ਕੇ ਇਨ੍ਹਾਂ ਦੋਹਾਂ ਨੂੰ ਆਉਂਦਿਆਂ ਦੇਖਿਆ। ਅੰਗਰਕਸ਼ਕ ਦੋਹਾਂ ਨੇ ਦੂਰ ਖੜ੍ਹੇ ਕਰ ਦਿਤੇ ਸਨ। ਸਿਕੰਦਰ ਦੇ ਮਨ ਵਿਚ ਆਇਆ ਕਿ ਇਹ ਅਸਾਨੂੰ ਦੇਖ ਕੇ ਬੈਠਾ ਕਿਉਂ ਹੈ, ਅਸਾਡੇ ਸਤਿਕਾਰ ਵਾਸਤੇ ਖੜ੍ਹਾ ਕਿਉਂ ਨਹੀਂ ਹੋਇਆ? ਇਹ ਉਸ ਦੇ ਅਭਿਮਾਨ ਦਾ ਪ੍ਰਤੀਕ ਸੀ। ਉਹ ਗੁੱਸੇ ਵਿਚ ਆ ਗਿਆ, ਉਸ ਨੇ ਆਪਣੀ ਤਲਵਾਰ ਇਸ ਇਰਾਦੇ ਨਾਲ ਕੱਢ ਲਈ ਕਿ ਮੈਂ ਹੁਣੇ ਹੀ ਤਲਵਾਰ ਮਾਰ ਕੇ ਦੋ ਟੁਕ ਕਰ ਦੇਣੇ ਹਨ। ਕਹਿਣ ਲੱਗਿਆ ਕਿ ਐਡੀ ਗੁਸਤਾਖੀ, ਸਾਰੀ ਦੁਨੀਆਂ ਦਾ ਮੈਂ ਵਿਜੈਤਾ ਹਾਂ, ਇਹ ਮੇਰਾ ਉਠ ਕੇ ਸਤਿਕਾਰ ਵੀ ਨਹੀਂ ਕਰ ਸਕਦਾ। ਪੋਰਸ ਸਭ ਕੁਝ ਦੇਖ ਰਿਹਾ ਸੀ। ਉਸ ਨੂੰ ਸੰਤਾਂ ਦੀ ਕਰਨੀ ਦਾ ਪਤਾ ਸੀ। ਜਦੋਂ ਸਿਕੰਦਰ ਨੇੜੇ ਪਹੁੰਚਿਆ ਤਾਂ ਸੰਤਾਂ ਨੇ ਉਸ ਨੂੰ ਇਕ ਨਜ਼ਰ ਵਿਚ ਜੜ੍ਹ ਪੱਥਰ ਬਣਾ ਦਿਤਾ।

ਜਿਵੇਂ ਕਿ ਜਦੋਂ ਗੁਰੂ ਅੰਗਦ ਸਾਹਿਬ ਜੀ ਉਪਰ ਹਮਾਯੂੰ ਨੇ ਤਲਵਾਰ ਚੁਕੀ ਤਾਂ ਲੱਖ ਯਤਨ ਕਰਨ ਤੇ ਵੀ ਨਾ ਤਲਵਾਰ ਕੱਢ ਸਕਿਆ ਅਤੇ ਨਾ ਹੱਥ ਮੁੱਠੇ ਨਾਲੋਂ ਦੂਰ ਹੋ ਸਕਿਆ। ਇਸ ਤਰ੍ਹਾਂ ਸਿਕੰਦਰ ਨੂੰ ਪੋਰਸ ਨੇ ਕਿਹਾ ਕਿ ਸੰਤਾਂ ਪਾਸ ਨਿਮਰਤਾ ਨਾਲ ਆਈਦਾ ਹੈ। ਪ੍ਰਭੂ ਇਨ੍ਹਾਂ ਨਾਲ ਇਕਮਿਕ ਹੋਇਆ ਹੁੰਦਾ ਹੈ। ਤੁਸੀਂ ਇਨ੍ਹਾਂ ਪ੍ਰਤੀ ਸ਼ਰਧਾ ਮਨ ਵਿਚ ਲਿਆਓ। ਆਪਣੀ ਭੁੱਲ ਦੀ ਖਿਮਾ ਮੰਗੋ। ਮਜ਼ਬੂਰਨ ਸਿਕੰਦਰ ਨੂੰ ਇਹ ਕਰਨਾ ਪਿਆ, ਉਸ ਵੇਲੇ ਸੰਤਾਂ ਨੇ ਪੁਛਿਆ ਕਿ ਤੂੰ ਐਨੇ ਕ੍ਰੋਧ ਵਿਚ ਕਿਉਂ ਆਇਆ? ਸਿਕੰਦਰ ਨੇ ਕਿਹਾ ਕਿ ਮੈਂ ਸਾਰੀ ਦੁਨੀਆਂ ਨੂੰ ਜਿੱਤਣ ਵਾਲਾ ਸੰਸਾਰ ਦਾ ਜੇਤੂ ਹਾਂ। ਤੁਸੀਂ ਮੇਰਾ ਆਦਰ ਕਿਉਂ ਨਹੀਂ ਕੀਤਾ ਅਤੇ ਆਦਰ ਕਰਨ ਲਈ ਖੜ੍ਹੇ ਕਿਉਂ ਨਹੀਂ ਹੋਏ? ਇਸ ਕਰਕੇ ਮੈਨੂੰ ਗੁੱਸਾ ਆਉਣਾ ਕੁਦਰਤੀ ਸੀ। ਰੱਬ ਤੋਂ ਦੂਜੇ ਨੰਬਰ ਉਪਰ ਮੇਰੀ ਸ਼ਕਤੀ ਹੈ। ਸੰਤ ਮੁਸਕਰਾ ਪਏ। ਕਹਿਣ ਲੱਗੇ, "ਸਿਕੰਦਰ! ਤੇਰੀ ਸ਼ਕਤੀ ਤਾਂ ਤੂੰ ਆਪੇ ਦੇਖ ਹੀ ਲਈ ਹੈ, ਜੜ੍ਹ ਹੋ ਕੇ ਹਿੱਲ ਹੀ ਨਹੀਂ ਸਕਿਆ। ਇਹ ਕੇਵਲ ਤੇਰਾ ਭਰਮ ਹੈ, ਬਾਦਸ਼ਾਹੀ ਪ੍ਰਮੇਸ਼ਰ ਦੀ ਦਾਤ ਹੋਇਆ ਕਰਦੀ ਹੈ, ਇਹ ਕੰਡਿਆਂ ਦਾ ਤਾਜ ਹੁੰਦਾ ਹੈ, ਸੱਚੀ ਬਾਦਸ਼ਾਹੀ ਸਾਧੂਆਂ ਨੂੰ ਮਿਲੀ ਹੁੰਦੀ ਹੈ ਕਿਉਂਕਿ ਫੁਰਮਾਨ ਹੈ -

***ਛਤ੍ਰਧਾਰ ਬਾਦਿਸਾਹੀਆ***
***ਵਿਚਿ ਸਹਸੇ ਪਰੀਆ॥ ਅੰਗ - ੪੨***

ਹਾਂ, ਤੇਰੀ ਗੱਲ ਦਾ ਉਤਰ ਦਿੰਦੇ ਹਾਂ, ਤੂੰ ਇਹ ਦੱਸ ਜੇ ਤੇਰਾ ਗੁਲਾਮ ਆ ਜਾਵੇ ਤਾਂ ਤੂੰ ਖੜ੍ਹਾ ਹੁੰਦਾ ਹੈਂ?"

ਉਸ ਨੇ ਕਿਹਾ ਕਿ ਨਹੀਂ।

ਮਹਾਤਮਾ ਨੇ ਕਿਹਾ ਕਿ ਜੇ ਤੇਰੇ ਗੁਲਾਮਾਂ ਦੇ, ਗੁਲਾਮਾਂ ਦਾ, ਗੁਲਾਮ ਆ ਜਾਵੇ ਫੇਰ?

ਤਾਂ ਕਹਿਣ ਲੱਗਿਆ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ।

ਤਾਂ ਆਪ ਨੇ ਕਿਹਾ ਕਿ ਸਿਕੰਦਰ ਤੂੰ ਸਾਡੇ ਗੁਲਾਮਾਂ ਦੇ ਗੁਲਾਮਾਂ ਦਾ, ਗੁਲਾਮ ਹੈਂ। ਮੈਂ ਤੇਰੇ ਆਏ ਤੇ ਖੜ੍ਹਾ ਕਿਉਂ ਹੋਵਾਂ? ਸੁਣ, ਤੇਰੇ ਦੇਸ਼ ਦੇ ਅੰਦਰ ਕੁਲੀ, ਜੁਲੀ, ਗੁਲੀ ਤਿੰਨੇ ਚੀਜ਼ਾਂ ਹਨ। ਫੇਰ ਤੂੰ ਦੁਨੀਆਂ ਨੂੰ ਮਾਰਨ ਲਈ

ਕਿਉਂ ਨਿਕਲਿਆ? ਕਿਉਂਕਿ ਤੇਰਾ ਮਨ ਲੋਭ ਦਾ ਗੁਲਾਮ ਹੋ ਗਿਆ ਸੀ। ਤੂੰ ਮਨ ਦਾ ਗੁਲਾਮ ਹੈਂ, ਪਹਿਲਾਂ ਤੇਰਾ ਮਨ ਲਭ ਦਾ ਗੁਲਾਮ ਹੋਇਆ ਫੇਰ ਤੂੰ ਮਨ ਦਾ ਗੁਲਾਮ ਹੋਇਆ। ਅਸੀਂ ਓਹ ਖੜ੍ਹਾਵਾਂ ਦੇ ਥੱਲੇ ਲਭ, ਮਨ ਤੇ ਤੈਨੂੰ ਰੱਖਿਆ ਹੋਇਆ ਹੈ। ਉਸ ਵੇਲੇ ਸਿਕੰਦਰ ਨੂੰ ਗੱਲ ਸਮਝ ਵਿਚ ਆਈ, ਉਸ ਨੇ ਕਿਹਾ ਕਿ ਮਹਾਰਾਜ! ਮੈਨੂੰ ਸੇਵਾ ਬਖਸ਼ੋ, ਮੈਂ ਇਥੇ ਸੋਹਣੇ ਪਾਰਕ ਬਣਵਾ ਕੇ ਫੁਹਾਰੇ ਲੁਆ ਦੇਵਾਂਗਾ, ਸੜਕਾਂ ਬਣਵਾ ਦਿੰਦਾ ਹਾਂ, ਦਰਸ਼ਕ ਤੇ ਸ਼ਰਧਾਲੂ ਆਪ ਦੇ ਦਰਸ਼ਨ ਕਰਨ ਸੁਖਾਲੇ ਆ ਜਾਇਆ ਕਰਨਗੇ। ਖੇਤਰ (ਲੰਗਰ) ਲੁਆ ਦਿੰਦਾ ਹਾਂ ਜਿਥੇ ਭੁੱਖੇ ਪੇਟ ਦੀ ਭੁੱਖ ਮਿਟਾਇਆ ਕਰਨਗੇ। ਮਹਾਤਮਾ ਨੇ ਕਿਹਾ ਕਿ ਸਿਕੰਦਰ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਸੰਸਾਰੀ ਲੋਕ ਕੀ ਹੁੰਦੇ ਹਨ। ਇਹ ਮੱਖੀਆਂ ਹੁੰਦੀਆਂ ਹਨ। ਇਹ ਗਰਜ਼ਾਂ ਦੇ ਬੰਨ੍ਹੇ ਬੰਦੇ ਹੁੰਦੇ ਹਨ ਇਨ੍ਹਾਂ ਦੀਆਂ ਗਰਜ਼ਾਂ ਪੂਰੀਆਂ ਕਰਨੀਆਂ ਮੁਸ਼ਕਲ ਹੁੰਦੀਆਂ ਹਨ। ਸੋ ਇਨ੍ਹਾਂ ਮੈਲੀਆਂ ਮੱਖੀਆਂ ਤੋਂ ਲਾਂਭੇ ਬੈਠੇ ਹਾਂ। ਕੋਈ ਬਹੁਤ ਸ਼ਰਧਾਲੂ ਹੋਵੇ, ਉਹੀ ਇਸ ਥਾਂ ਪਹੁੰਚ ਸਕਦਾ ਹੈ। ਉਸ ਨੇ ਕਿਹਾ ਕਿ ਮੈਂ ਤਾਂ ਤੁਹਾਨੂੰ ਜ਼ਰੂਰ ਕੁਝ ਦੇ ਕੇ ਜਾਣਾ ਹੈ, ਮੈਨੂੰ ਸੇਵਾ ਬਖਸ਼ੋ। ਤਾਂ ਆਪ ਨੇ ਬੜੀ ਬੇਪ੍ਰਵਾਹੀ ਨਾਲ ਕਿਹਾ ਕਿ ਜੇ ਤੂੰ ਦੇਣਾ ਹੀ ਹੈ ਤਾਂ ਤੂੰ ਆਪਣਾ ਪਰਛਾਵਾਂ ਮੇਰੇ ਉਤੇ ਨਾ ਪੈਣ ਦੇ, ਅਸਾਨੂੰ ਧੁੱਪ ਛੱਡ ਦੇ। ਇਹ ਬੇਪਰਵਾਹੀ ਹੋਇਆ ਕਰਦੀ ਹੈ ਕਿਉਂਕਿ ਸੰਸਾਰ ਗਰਜਾਂ ਵਿਚ ਬੰਨ੍ਹਿਆਂ ਸਦਾ ਹੀ ਨੀਵਾਂ ਸੋਚਦਾ ਹੈ। ਜਿਸ ਦੇ ਅੰਦਰ ਪ੍ਰਭੂ ਦਾ ਗੁੰਜ਼ਾਰਾਂ ਪਾਉਂਦਾ ਨਾਮ ਹੋਵੇ, ਰਿੱਧੀਆਂ ਸਿੱਧੀਆਂ ਹੱਥ ਬੰਨ੍ਹੀ ਸੇਵਾ ਲਈ ਮਿੰਨਤਾਂ ਕਰਦੀਆਂ ਫਿਰਨ ਫੇਰ ਉਹ ਕਿਸੇ ਦੀ ਮੁਹਥਾਜੀ ਕਿਉਂ ਕੱਢੇ।

ਸੋ ਇਸ ਤਰ੍ਹਾਂ ਸੰਤ ਮਹਾਰਾਜ ਜੀ ਨਾਮ ਵਿਚ ਰੰਗੇ ਹੋਏ ਸਨ। ਨਾਮ ਰਸ ਵਿਚ ਪੂਰੀ ਤਰ੍ਹਾਂ ਲਿਵਲੀਨ ਸਨ। ਆਪਾ ਭਾਵ ਖਤਮ ਕਰਕੇ ਉਹ ਪ੍ਰਭੂ ਦਾ ਰੂਪ ਹੋਏ ਹੋਏ ਸਨ। ਸੋ ਉਨ੍ਹਾਂ ਨੂੰ ਮੁਹਥਾਜੀ ਕਿਉਂ? ਸੋ ਏਸ ਗੱਲ ਨੂੰ ਅਭਿਮਾਨ ਨਹੀਂ ਆਖਿਆ ਜਾਂਦਾ, ਨਾ ਹੀ ਗ੍ਰਿਹਿਸਤੀਆਂ ਵਾਲਾ ਸਵੈਮਾਨ ਹੁੰਦਾ ਹੈ, ਇਹ ਚੜ੍ਹਦੀ ਕਲਾ ਦਾ ਪ੍ਰਤੀਕ ਹੁੰਦਾ ਹੈ। ਸੋ ਠੀਕ ਹੀ ਕਿਹਾ ਹੈ -

***ਰੰਗਿ ਹਸਹਿ ਰੰਗਿ ਰੋਵਹਿ***
***ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***
***ਅੰਗ - ੪੭੩***

ਗੁਰੂ ਨਾਨਕ ਪਾਤਸ਼ਾਹ ਬਾਬਰ ਨੂੰ ਆਖਦੇ ਹਨ -

***ਨਾਨਕ ਕਹਤ ਸੁਣ ਬਾਬਰ ਮੀਰ***
***ਤੁਝ ਸੇ ਮਾਂਗੇ ਸੋ ਅਹਮਕ ਫਕੀਰ।***

ਸੰਤ ਮਹਾਰਾਜ ਜੀ ਅਚਾਹ ਸਨ, ਉਨ੍ਹਾਂ ਨੇ ਆਪਣੇ ਮਨ ਨੂੰ ਪੂਰੀ ਤਰ੍ਹਾਂ ਜਿੱਤ ਲਿਆ ਸੀ। ਸੋ ਇਸ ਕਰਕੇ ਆਪ ਰੂਹਾਨੀ ਬਾਦਸ਼ਾਹੀ ਦਾ ਨੂਰਾਨੀ ਤਾਜ਼ ਸਿਰ ਉਪਰ ਪਹਿਨੇ ਹੋਏ ਸਨ। ਆਪ ਦਾ ਇਕ ਬਚਨ ਕੰਗਲਿਆਂ ਨੂੰ ਬਾਦਸ਼ਾਹ ਬਣਾ ਸਕਣ ਦੀ ਸਮਰਥਾ ਰਖਦਾ ਸੀ। ਇਥੇ ਮੈਂ ਜ਼ਿਕਰ ਨਹੀਂ ਕਰਨਾ ਚਾਹੁੰਦਾ, ਫੇਰ ਵੀ ਮੈਂ ਅੰਸ ਮਾਤਰ ਬੇਨਤੀ ਕਰ ਦਿੰਦਾ ਹਾਂ ਕਿ ਮੇਰੇ ਸਾਮ੍ਹਣੇ ਸ. ਮੋਹਨ ਸਿੰਘ ਜੀ ਕੋਕਾਕੋਲਾ ਵਾਲਿਆਂ ਨੂੰ ਭੌਰਾ ਬਣਨ ਸਮੇਂ ਸੰਤ ਮਹਾਰਾਜ ਨੇ ਬਚਨ ਕੀਤਾ ਕਿ ਅਸਾਨੂੰ ਤੁਸੀਂ ਪ੍ਰਭੂ ਨੂੰ ਅਖੰਡਤਾ ਸਹਿਤ ਜੁੜਨ ਲਈ ਭੌਰਾ ਬਣਾ ਕੇ ਜੋ ਉੱਦਮ ਕੀਤਾ ਹੈ, ਅਸੀਂ ਤੁਹਾਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਦੀਨ ਵੀ, ਦੁਨੀਆਂ ਵੀ ਬਖਸ਼ਾਉਂਦੇ ਹਾਂ। ਸੋ ਇਹ ਸੀ ਸੰਤ ਮਹਾਰਾਜ ਜੀ ਦੀ ਬੇਪਰਵਾਹੀ ਦੀ ਦਸ਼ਾ। ਆਪ ਜੀ ਦੇ ਦਰ ਤੇ ਰਾਜਿਆਂ ਨੂੰ ਵੀ ਸਮਾਂ ਮੰਗਣਾ ਪੈਂਦਾ ਸੀ ਕਿਉਂਕਿ ਜਿਸ ਸੰਪਰਦਾ ਨਾਲ ਆਪ ਦਾ ਸਬੰਧ ਸੀ, ਉਹ ਬੇਮੁਹਤਾਜ ਬਾਦਸ਼ਾਹਾਂ ਦੀ ਸੰਪਰਦਾ ਸੀ।

ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਇਕ-ਇਕ ਹਫਤਾ ਠਹਿਰ ਕੇ ਦਰਸ਼ਨ ਹੋਇਆ ਕਰਦੇ ਸਨ। ਵੱਡੇ-ਵੱਡੇ ਸਰਦਾਰ ਮਹੀਨਿਆਂ ਬੱਧੀ ਊਨਾ ਸਾਹਿਬ ਬੈਠੇ ਰਹਿੰਦੇ ਸਨ ਪਰ ਇਸ ਬੇਤਾ੍ਹ ਬਾਦਸ਼ਾਹ ਤੋਂ ਸਮਾਂ ਪ੍ਰਾਪਤ ਕਰਕੇ ਹੀ ਦਰਸ਼ਨ ਕਰਿਆ ਕਰਦੇ ਸਨ।

ਜਦੋਂ ਆਪ ਬਹੁਤ ਜਲਾਲ ਵਿਚ ਆ ਕੇ ਸ਼ਬਦ ਪੜ੍ਹਿਆ ਕਰਦੇ ਸਨ ਉਨ੍ਹਾਂ ਦੀ ਅਵਸਥਾ ਬਾਦਸ਼ਾਹਾਂ ਦੇ ਬਾਦਸ਼ਾਹਾਂ ਦੀ ਪ੍ਰਤੀਤ ਹੋਇਆ ਕਰਦੀ ਸੀ, ਧਾਰਨਾ ਇਹ ਹੁੰਦੀ -

***ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ -2,2***
***ਪਰਵਾਹ ਨਾ ਕਿਸੇ ਦੀ ਰਖਦੇ ਸਾਧੂ***

ਕਿਸੇ ਕਿਸਮ ਦਾ ਦੇਖ ਦਿਖਾਵਾ ਆਪ ਦੇ ਜੀਵਨ ਵਿਚ ਕਿਸੇ ਪੱਖੋਂ ਵੀ ਨਜ਼ਰ ਨਹੀਂ ਸੀ ਆਉਂਦਾ। ਆਪ ਦਾ ਸਰੀਰਕ ਵਜੂਦ ਐਵੇਂ ਜਿਵੇਂ ਲਗਦਾ ਰਹਿੰਦਾ ਜਿਵੇਂ ਕੋਈ ਮਹਾਨ ਪ੍ਰਤਾਪੀ ਕਿਸੇ ਹੋਰ ਮੰਡਲ ਤੋਂ ਇਸ ਸੰਸਾਰ ਵਿਚ ਪ੍ਰਵੇਸ਼ ਕਰਕੇ ਕ੍ਰਿਆ ਕਰ ਰਿਹਾ ਹੈ। ਲੋਕਾਂ ਦਾ ਸੁਭਾਅ ਹੋਇਆ ਕਰਦਾ ਹੈ ਕਿ ਹਰ ਕੋਈ ਉਨ੍ਹਾਂ ਦੀ ਖੁਸ਼ਾਮਦ ਕਰੇ, ਜੀ ਆਇਆਂ ਕਹੇ। ਸੰਤ ਮਹਾਰਾਜ ਪੂਰਨ ਨਿਮਰਤਾ ਭਾਵ ਵਿਚ ਰਹਿ ਕੇ ਕਿਸੇ ਦੀ ਕਾਣ ਨਹੀਂ ਕੱਢਿਆ ਕਰਦੇ ਸਨ। ਗਰੀਬ ਤੋਂ ਗਰੀਬ ਪੁਰਸ਼ ਨੂੰ ਵੀ ਮਿਲ ਲਿਆ ਕਰਦੇ ਸਨ। ਪਰ ਅਭਿਮਾਨੀ ਪੁਰਸ਼ਾਂ ਦੀਆਂ ਲਹਿਰਾਂ (ਟੈਲੀਪੈਥੀ) ਰਾਹੀਂ ਉਨ੍ਹਾਂ ਪਾਸ ਪਹਿਲਾਂ ਹੀ ਪਹੁੰਚ ਜਾਇਆ ਕਰਦੀਆਂ ਸਨ, ਉਨ੍ਹਾਂ ਨੂੰ ਆਪ ਘੱਟ ਹੀ ਮਿਲਿਆ ਕਰਦੇ ਸਨ।

ਸੰਤ ਮਹਾਰਾਜ ਜੀ ਕਈ ਵਾਰੀ ਸਹਿਜ ਨਾਲ ਬਚਨ ਕਰਦੇ ਦੱਸਿਆ ਕਰਦੇ ਸਨ ਕਿ ਭਜਨ ਕਰਨ ਲਈ ਕਿਸੇ

ਪੂਰਨ ਮਹਾਂਪੁਰਸ਼ ਦੀ ਸੰਗਤ ਦੀ ਬਹੁਤ ਹੀ ਲੋੜ ਹੈ ਕਿਉਂਕਿ ਜਿਉਂ-ਜਿਉਂ ਮਨ ਸੂਖਸ਼ਮ ਹੁੰਦਾ ਜਾਂਦਾ ਹੈ ਤਿਉਂ-ਤਿਉਂ ਸੂਖਸ਼ਮ ਮੰਡਲਾਂ ਵਿਚ ਪ੍ਰਵੇਸ਼ ਕਰਦਾ ਜਾਂਦਾ ਹੈ। ਆਤਮਕ ਮੰਡਲ ਵਿਚ ਪਹੁੰਚਣ ਤੋਂ ਪਹਿਲਾਂ ਬਹੁਤ ਹੀ ਸੂਖਸ਼ਮ ਸ਼ਕਤੀਆਂ ਨਾਲ ਵਾਹ ਪੈਂਦਾ ਹੈ ਅਤੇ ਉਹ ਆਦਮੀ ਦੇ ਮਨ ਨੂੰ ਬਹੁਤ ਹੀ ਲੁਭਾਉਂਦੀਆਂ ਹਨ। ਕੁਦਰਤੀ ਤੌਰ ਤੇ ਹਰ ਬੰਦਾ ਆਪਣਾ ਮਾਣ ਚਾਹੁੰਦਾ ਹੈ, ਆਪਣੀ ਸ਼ੋਹਰਤ ਚਾਹੁੰਦਾ ਹੈ। ਕੋਈ ਪੈਸੇ ਨਾਲ ਆਪਣੀ ਸ਼ੋਹਰਤ ਪ੍ਰਾਪਤ ਕਰਦਾ ਹੈ, ਕੋਈ ਰਾਜਸੀ ਸ਼ਕਤੀ ਪ੍ਰਾਪਤ ਕਰਕੇ ਆਪਣਾ ਮਾਣ ਕਰਾਉਂਦਾ ਹੈ, ਕੋਈ ਵੱਡਾ ਪ੍ਰਚਾਰਕ ਬਣ ਕੇ, ਕੋਈ ਹੋਰ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਕੇ ਮਾਨ ਦੀ ਇੱਛਾ ਕਰਦਾ ਰਹਿੰਦਾ ਹੈ। ਗੁਰੂ ਮਹਾਰਾਜ ਜੀ ਨੇ ਪੂਰਨ ਅਵਸਥਾ ਤੇ ਪਹੁੰਚਿਆਂ ਹੋਇਆਂ ਬਾਰੇ ਜ਼ਿਕਰ ਕਰਦਿਆਂ ਦਸਿਆ ਹੈ ਕਿ ਜਿਸ ਨੂੰ ਪ੍ਰਭੂ ਦੀ ਆਗਿਆ ਪਿਆਰੀ ਲਗਦੀ ਹੈ ਉਹ ਜੀਵਨ ਮੁਕਤ ਅਵਸਥਾ ਨੂੰ ਮਾਣ ਰਿਹਾ ਹੁੰਦਾ ਹੈ ਅਤੇ ਉਸ ਦੀ ਬਾਹਰਲੀ ਕ੍ਰਿਆ, ਸੰਸਾਰ ਦੀ ਵਰਤੋਂ, ਮੇਲ ਜੋਲ, ਪ੍ਰਾਪਤੀਆਂ, ਅਪ੍ਰਾਪਤੀਆਂ, ਉਸ ਨਾਲ ਹੋਰ ਤਰ੍ਹਾਂ ਵਰਤਦੀਆਂ ਹਨ। ਖੁਸ਼ੀ ਤੇ ਗਮੀ ਉਸ ਦੀ ਪ੍ਰਮ ਸ਼ਾਂਤ ਅਵਸਥਾ ਵਿਚ ਦਖਲ ਨਹੀਂ ਦੇ ਸਕਦੀ, ਮਹਾਨ ਖੇੜਾ ਹਰ ਸਮੇਂ ਉਨ੍ਹਾਂ ਨੂੰ ਲੀਨਤਾ ਵਿਚ ਰਖਦਾ ਹੈ। ਗਮੀ ਉਸ ਥਾਂ ਉਪਰ ਪ੍ਰਵੇਸ਼ ਹੀ ਨਹੀਂ ਕਰਿਆ ਕਰਦੀ। ਗਮੀ ਦਾ ਮੰਡਲ ਬੁੱਧੀ ਮੰਡਲ ਵਿਚ ਹੁੰਦਾ ਹੈ। ਅਚਾਨਕ ਖੁਸ਼ੀ ਆ ਕੇ ਖੁਸ਼ੀ ਅਨੁਭਵ ਕਰਨਾ ਇਹ ਵੀ ਬੁੱਧੀ ਮੰਡਲ ਦੀ ਮਾਇਕ ਅਵਸਥਾ ਹੈ। ਪਰ ਆਤਮਕ ਮੰਡਲ ਖੇੜਿਆਂ ਦਾ ਘਰ ਹੈ, ਉਥੇ ਸਰੀਰ ਦਾ ਇਕ-ਇਕ ਅੰਗ ਪੂਰੀ ਤਰ੍ਹਾਂ ਵਿਗਸਿਆ ਹੁੰਦਾ ਹੈ, ਉਹ ਅਵਸਥਾ ਹੋਰ ਹੁੰਦੀ ਹੈ। ਬਹੁਤ ਸਾਰੇ ਪ੍ਰੇਮੀ ਪਹਿਲਾਂ ਬੈਰਾਗ ਹੋਣ ਕਰਕੇ ਪ੍ਰਭੂ ਦੇ ਰਾਹ ਦਾ ਸਫਰ ਕੱਟਣ ਲਈ ਆਤਮ ਮਾਰਗ ਤੇ ਚਲਦੇ ਹਨ, ਪਰ ਅੰਦਰ ਲੁਕੀਆਂ ਹੋਈਆਂ ਵਾਸ਼ਨਾਵਾਂ ਉਪਰੋਂ ਇਸ ਤਰ੍ਹਾਂ ਦੱਬੀਆਂ ਹੁੰਦੀਆਂ ਹਨ ਜਿਵੇਂ ਕਿਸੇ ਦਰੱਖਤ ਨੂੰ ਗਲੋਂ ਕੱਟ ਦੇਈਏ, ਜੜ੍ਹਾਂ ਉਸੇ ਤਰ੍ਹਾਂ ਰਹਿਣ ਦੇਈਏ। ਜਿਵੇਂ ਕੋਈ ਬਲਦੀ ਅੱਗ ਉਪਰ ਮਾਂਲੀਹ ਪਾ ਦੇਵੇ, ਉਹ ਅੰਦਰ ਹੀ ਅੰਦਰ ਧੁਖਦੀ ਰਹਿੰਦੀ ਹੈ, ਫੁਰਮਾਨ ਹੈ -

***ਫਰੀਦਾ ਗਲੀ ਸੁ ਸਜਣ ਵੀਹ***
***ਇਕੁ ਢੂੰਢੇਦੀ ਨ ਲਹਾਂ॥***
***ਧੁਖਾਂ ਜਿਉ ਮਾਂਲੀਹ***
***ਕਾਰਣਿ ਤਿੰਨਾ ਮਾ ਪਿਰੀ॥ ਅੰਗ - ੧੩੮੨***

ਇਸੇ ਤਰ੍ਹਾਂ ਨਾਲ ਜਿਨ੍ਹਾਂ ਅੰਦਰ ਪੂਰਨ ਬੈਰਾਗ ਨਹੀਂ ਹੁੰਦਾ ਉਨ੍ਹਾਂ ਦੇ ਅੰਦਰ ਵਾਸ਼ਨਾਵਾਂ ਉਸੇ ਤਰ੍ਹਾਂ ਸੁਲਗਦੀਆਂ ਰਹਿੰਦੀਆਂ ਹਨ। ਜਦੋਂ ਸਮਾਂ ਆਉਂਦਾ ਹੈ, ਉਹ ਅਗਨ ਰੂਪ ਵਿਚ ਪ੍ਰਜ੍ਵਲਤ ਹੋ ਜਾਂਦੀਆਂ ਹਨ। ਪਰ ਜੇ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਕਰਦਾ ਹੋਵੇ ਅਤੇ ਇਮਾਨਦਾਰੀ ਨਾਲ ਘਾਲ ਕਮਾਈ ਕਰਦਾ ਹੋਵੇ, ਫੇਰ ਮਾਨ-ਅਪਮਾਨ, ਲਾਭ-ਹਾਨ, ਖੁਸ਼ੀ-ਗਮੀ, ਵੈਰੀ-ਮਿਤਰ, ਸੋਨੇ-ਮਿੱਟੀ ਤੋਂ, ਅੰਮ੍ਰਿਤ-ਜ਼ਹਿਰ ਤੋਂ ਉਸਦੀ ਬਿਰਤੀ ਉਚੀ ਉਠ ਕੇ -

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥***
***ਅੰਗ- ੪੮੫***

ਵਿਚ ਲੀਨ ਹੋ ਜਾਇਆ ਕਰਦੀ ਹੈ, ਉਥੇ ਮਾਨ-ਅਪਮਾਨ ਦਾ ਸਵਾਲ ਹੀ ਪੈਦਾ ਨਹੀਂ ਹੋਇਆ ਕਰਦਾ। ਉਹ ਜੀਵਨ ਮੁਕਤ ਦੀ ਅਵਸਥਾ ਹੁੰਦੀ ਹੈ ਜਿਸ ਦੇ ਬਾਰੇ ਫੁਰਮਾਨ ਹੈ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ।।***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਅੰਗ - ੨੭੫***

ਇਸ ਤੋਂ ਹੇਠਾਂ ਦੀ ਅਵਸਥਾ ਵਾਲੇ ਭਾਵੇਂ ਦੇਖਣ ਨੂੰ ਸਾਧੂ ਪ੍ਰਤੀਤ ਦਿੰਦੇ ਹਨ ਅਤੇ ਇਹ ਵੀ ਬਹੁਤ ਵਾਰੀ ਸੁਣੀਦਾ ਹੈ ਕਿ ਮਹਾਤਮਾ ਜੀ ਜਪ ਤਪ ਕਰਦੇ ਰਹਿੰਦੇ ਹਨ, ਉਨ੍ਹਾਂ ਨੇ ਜਪ 40 ਦਿਨ ਕਰਨਾ ਸੀ। ਕਿਸੇ ਦਾ ਪ੍ਰੋਗਰਾਮ 40 ਦਿਨ ਦਾ, ਕਿਸੇ ਦਾ ਛੇ ਮਹੀਨੇ ਦਾ ਹੁੰਦਾ ਹੈ। ਉਹ ਆਪਣੇ ਜੀਵਨ ਵਿਚ ਕਰਦੇ ਹੀ ਰਹਿੰਦੇ ਹਨ। ਕਈ ਸਾਧੂ ਮੈਂ ਦੇਖੇ ਹਨ ਉਹ ਹਰ ਸਾਲ ਹੀ ਚਾਲੀਸੇ ਕੱਟਦੇ ਹਨ। ਇਹ ਕਿਉਂ ਹੁੰਦਾ ਹੈ? ਕਿਉਂਕਿ ਉਨ੍ਹਾਂ ਨੂੰ ਅਜਿਹੀ ਅਵਸਥਾ ਪ੍ਰਾਪਤ ਨਹੀਂ ਹੋਇਆ ਕਰਦੀ ਜਿਥੇ ਜਾ ਕੇ ਸਹਿਜ ਸਮਾਧ ਲੱਗੀ ਰਹੇ। ਹੁੰਦਾ ਇਹ ਹੈ ਕਿ ਇਕਾਗਰਤਾ ਨਾਲ ਰਿੱਧੀਆਂ-ਸਿੱਧੀਆਂ ਦੀਆਂ ਸ਼ਕਤੀਆਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ, ਉਹ ਕਿਸੇ ਨੂੰ ਪੁੱਤਰ ਦਿੰਦੇ ਹਨ, ਕਿਸੇ ਨੂੰ ਨੌਕਰੀ ਦਿੰਦੇ ਹਨ ਇਥੋਂ ਤਕ ਕਿ ਜਾਦੂ ਟੂਣੇ ਕਰਕੇ ਭੂਤਾਂ ਪ੍ਰੇਤਾਂ ਨੂੰ ਵਸ ਕਰਕੇ ਆਪਣਾ ਮਾਣ ਕਰਾਈ ਜਾਂਦੇ ਹਨ। ਇਹ ਲੋਕ ਸਾਧੂ ਨਹੀਂ ਹੋਇਆ ਕਰਦੇ, ਸਾਧੂ ਦੀ ਬਿਰਤੀ ਤਾਂ ਬਹੁਤ ਹੀ ਉਚੀ ਹੁੰਦੀ ਹੈ, ਇਹ ਇਕ ਤਰ੍ਹਾਂ ਦੇ ਤਾਂਤਰੀ ਹੁੰਦੇ ਹਨ, ਇਹ ਤਵੀਤਾਂ, ਮੰਤ੍ਰਾਂ, ਜੰਤ੍ਰਾਂ, ਧਾਗੇ, ਜਾਦੂ, ਟੂਣੇ, ਫੂਕਾਂ, ਮੁਠਾਂ, ਝਾੜੇ, ਸਰੋਂ, ਜਵੈਣ ਮੰਤ੍ਰਾ ਕੇ, ਵਰ ਸਰਾਪ ਦਾ ਭੈ ਦਿਖਾ ਕੇ ਲੋਕਾਂ ਨੂੰ ਧੋਖਾ ਦਿਆ ਕਰਦੇ ਹਨ। ਉਹ ਪੈਸੇ ਬਟੋਰਦੇ ਹਨ, ਕਬਰਾਂ, ਮੜੀਆਂ ਨੂੰ ਮੱਥੇ ਟਿਕਾਉਂਦੇ ਹਨ। ਉਜਾੜਾਂ ਤੇ ਮਸਾਣਾਂ ਦੀ ਖਾਕ ਛਾਣਦੇ ਫਿਰਦੇ ਹਨ। ਪਹਿਲਾਂ-ਪਹਿਲਾਂ ਉਹ ਚੱਲੇ ਤਾਂ ਪ੍ਰਭੂ ਮਿਲਣ ਨੂੰ ਹੀ ਸਨ ਪਰ ਉਨ੍ਹਾਂ ਦੇ ਚੇਲੇ ਚਪਟੇ ਐਨੇ ਉਨ੍ਹਾਂ ਦੇ ਦੁਆਲੇ ਇਕੱਠੇ

*(ਬਾਕੀ ਪੰਨਾ 22 'ਤੇ)*

# ਸਾਈ ਨਾਮੁ ਅਮੋਲੁ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

ਸ਼ਾਨ..............................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਪ੍ਰਭ ਮੋਹਿ ਨਾ ਵਿਸਾਰੋ,*
*ਮੈਂ ਜਨ ਤੇਰਾ-ਮੈਂ ਜਨ ਤੇਰਾ।*

*ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥*
*ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥ ੧ ॥*
*ਰਾਮ ਗੁਸਈਆ ਜੀਅ ਕੇ ਜੀਵਨਾ ॥*
*ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥ ੧ ॥ ਰਹਾਉ ॥*
*ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥*
*ਚਰਣ ਨ ਛਾਡਉ ਸਰੀਰ ਕਲ ਜਾਈ ॥ ੨ ॥*
*ਕਹੁ ਰਵਿਦਾਸ ਪਰਉ ਤੇਰੀ ਸਾਭਾ ॥*
*ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥ ੩ ॥ ੧ ॥*
*ਅੰਗ- ੩੪੫*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ। ਕੰਨਾਂ ਦੇ ਨਾਲ ਬਾਨੀ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ। ਹਿਰਦੇ ਵਿਚ ਧਾਰਨ ਕਰੋ। ਇਹ ਜੋ ਚਾਰ ਪੰਜ ਅੱਖਰ ਮੈਂ ਬੋਲਿਆ ਹਾਂ, ਹਰ ਹਫਤੇ ਬੋਲੀਦੇ, ਹਰ ਵਾਰੀ ਕਹੀਦੇ ਹਨ। ਪਰ ਜੋ ਗੱਲ ਬਾਰ-ਬਾਰ ਕਹੀ ਜਾਵੇ, ਜ਼ਿੰਦਗੀ ਦੇ ਅੰਦਰ ਕਿਤੇ ਵੀ ਤਜਰਬਾ ਕਰਕੇ ਦੇਖ ਲਓ, ਇਕੋ ਹੀ ਗੱਲ ਬਾਰ-ਬਾਰ ਕਹਿਣੀ ਸ਼ੁਰੂ ਕਰ ਦਿਓ। ਨਤੀਜਾ ਇਹ ਹੁੰਦੈ ਕਿ ਸੁਣਨ ਵਾਲਿਆਂ ਦੇ ਕੰਨਾਂ ਦੇ ਵਿਚ ਪਹਿਲਾਂ ਤਾਂ ਇਹ ਬਚਨ ਜਾ ਕੇ ਅਸਰ ਕਰਦੇ ਨੇ, ਲੇਕਿਨ ਹੌਲੀ-ਹੌਲੀ ਅਸਰ ਕਰਨ ਤੋਂ ਹਟ ਜਾਂਦੇ ਨੇ। ਇਕ ਰੁਟੀਨ ਬਣ ਜਾਂਦੀ ਹੈ। ਦੁਨੀਆਂ ਪੂਜਾ ਪਾਠ ਕਰਦੀ ਹੈ, ਬਾਣੀ ਪੜ੍ਹਦੀ ਹੈ। ਪਹਿਲਾਂ-ਪਹਿਲਾਂ ਕੋਈ ਪੜ੍ਹਨ ਲਗਦੈ, ਅਰਥਾਂ ਦੇ ਵਿਚ ਮਨ ਜਾਂਦੈ, ਭਾਵ ਦੇ ਵਿਚ ਮਨ ਜਾਂਦੈ। ਹੌਲੀ-ਹੌਲੀ ਆਦੀ ਹੋ ਜਾਂਦੈ। ਉਸ 'ਤੇ ਅਸਰ ਨਹੀਂ ਰਹਿੰਦਾ। ਬੱਚੇ ਨੂੰ ਬਾਰ-ਬਾਰ ਕਹੀ ਜਾਓ, ਤੂੰ ਪੜ੍ਹਦਾ ਨਹੀਂ, ਤੂੰ ਪੜ੍ਹਦਾ ਨਹੀਂ, ਰੋਜ਼ ਕਹੋ। ਬਿਲਕੁਲ ਨਹੀਂ ਉਸ 'ਤੇ ਕੋਈ ਅਸਰ ਹੋਇਆ ਕਰਦਾ। ਸਗੋਂ ਮਾਂ ਬਾਪ ਵਿਚ ਦੋਸ਼ ਕੱਢਣ ਲਗ ਜਾਂਦੈ। ਆਪਸ ਵਿਚ ਜਦੋਂ ਇਕੱਠੇ ਹੋਣਗੇ, ਮਾਤਾ ਨੇ ਜਾਂ ਪਿਤਾ ਨੇ ਝਿੜਕ ਦਿਤੇ, ਕੁਝ ਮੱਤਾਂ ਦਿਤੀਆਂ ਤਾਂ ਇਸ ਤਰ੍ਹਾਂ ਕਹਿਣਗੇ ਕਿੰਨੇ ਨੰਬਰ ਦਾ ਰਿਕਾਰਡ ਲੱਗਿਆ ਹੋਇਐ ਅੱਜ।

ਇਵੇਂ ਜਿਵੇਂ ਸਾਧਸੰਗਤ ਜੀ! ਅੱਖਰ ਤਾਂ ਬੜੇ ਸਿੱਧੇ ਨੇ। ਪਰ ਇਹਨਾਂ ਦਾ ਮਤਲਬ ਬੜਾ ਗਹਿਰਾ ਹੈ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰਕੇ, ਨੇਤਰਾਂ ਦੇ ਰਾਹੀਂ ਜਦੋਂ ਸਾਰਿਆਂ ਦਾ ਸੰਗਤ ਦੇ ਦਰਸ਼ਨਾਂ ਦਾ ਪ੍ਰਭਾਵ ਅੰਦਰ ਜਾਂਦੈ, ਅੰਦਰਲੀ ਮੈਲ ਅੰਦਰ ਖਤਮ ਹੋਣੀ ਸ਼ੁਰੂ ਹੋ ਜਾਂਦੀ ਹੈ। 80%-84% ਆਦਮੀ ਦੇ ਉਤੇ ਅੱਖਾਂ ਨਾਲ ਦੇਖੀਆਂ ਹੋਈਆਂ ਚੀਜ਼ਾਂ ਦਾ ਅਸਰ ਪੈਂਦੈ। 13% ਸੁਣੀਆਂ ਹੋਈਆਂ ਚੀਜ਼ਾਂ ਦਾ ਅਸਰ ਪਿਆ ਕਰਦੈ। 1% ਛੋਹੀ ਹੋਈ ਚੀਜ਼ ਦਾ ਅਸਰ ਹੁੰਦੈ। 1% ਟੇਸਟ ਕੀਤੀ ਹੋਈ ਚੀਜ਼ ਦਾ ਅਸਰ ਹੁੰਦੈ। 1% ਖਾਧੀ ਹੋਈ ਚੀਜ਼ ਦਾ ਅਸਰ ਹੁੰਦੈ। ਇਸ ਕਰਕੇ ਬੇਨਤੀ ਕੀਤੀ ਜਾਂਦੀ ਹੈ ਕਿ ਪਿਆਰਿਓ! ਸਾਵਧਾਨ ਹੋਵੋ, ਮਨ ਵਿਚ ਭਾਵਨਾ ਲਿਆਵੋ ਕਿ ਅਸੀਂ ਗੁਰੂ ਨਾਨਕ ਦੇ ਦਰ 'ਤੇ ਆ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਪ੍ਰਤੱਖ ਆਪ ਭੀ ਬੈਠੇ ਨੇ, ਇਥੇ ਤੱਕ ਕਿ ਅਕਾਲ ਪੁਰਖ ਵੀ ਸੰਗਤ 'ਚ ਆ ਜਾਂਦੈ। ਇਹ ਐਸਾ ਨਿਰਣਾ ਹੈ ਗੁਰੂ ਘਰ ਦਾ। ਜਿਸ ਥਾਂ ਦੇ ਉਤੇ ਸਾਧੂ ਦੀ ਸੰਗਤ ਹੋ ਰਹੀ ਹੋਵੇ, ਉਥੇ ਕਹਿੰਦੇ ਵਿਸ਼ਨੂੰ ਮਹਾਰਾਜ ਵੀ ਆ ਕੇ ਬਿਰਾਜਮਾਨ ਹੋ ਜਾਂਦੇ ਨੇ ਤੇ ਉਹ ਜਿਹੜਾ ਥੋੜ੍ਹਾ ਜਿਹਾ ਥਾਂ ਹੈ, ਬੈਕੁੰਠ ਦਾ ਅਨੰਦ ਦੇਣਾ ਸ਼ੁਰੂ ਕਰ ਦਿੰਦੈ -

*ਕਹਿ ਕਮੀਰ ਅਬ ਕਹੀਐ ਕਾਹਿ ॥*
*ਸਾਧਸੰਗਤਿ ਬੈਕੁੰਠੈ ਆਹਿ ॥* *ਅੰਗ- ੧੧੬੧*

ਸਾਧੂ ਦੀ ਸੰਗਤ ਬੈਕੁੰਠ ਬਣ ਜਾਇਆ ਕਰਦੀ ਹੈ। ਦੂਸਰੀ ਬੇਨਤੀ ਕਰੀ ਹੈ ਕਿ ਚਿੱਤ ਬਿਰਤੀਆਂ ਇਕਾਗਰ ਕਰੋ। ਜੇ ਚਿੱਤ ਸਾਵਧਾਨ ਹੀ ਨਹੀਂ ਹੈ, ਕੋਈ ਗੱਲ ਅੰਦਰ ਨਹੀਂ ਜਾਏਗੀ। ਇਕ ਭੀੜੇ ਮੂੰਹ ਵਾਲੀ ਬੋਤਲ ਨਲਕੇ ਦੇ ਹੇਠਾਂ ਰਖ ਦਿਓ। ਉਹ ਬੋਤਲ ਹਿੱਲ ਰਹੀ ਹੈ, ਪਾਣੀ ਲਗਾਤਾਰ ਚੱਲ ਰਿਹੈ। ਲੇਕਿਨ ਉਹਦੇ ਵਿਚ ਕਤਰਾ ਵੀ ਨਹੀਂ ਜਾ ਰਿਹਾ। ਕਿਉਂਕਿ ਬਹੁਤ ਹਿਲਦੀ ਹੈ ਉਹ। ਉਹਦਾ ਮੂੰਹ ਭੀੜਾ ਹੈ, ਉਹ ਹਿਲੀ ਜਾਂਦੈ, ਉਹਦੇ 'ਚ ਪਾਣੀ ਕਿੱਥੋਂ ਪੈ ਜਾਏਗਾ। ਜਦੋਂ ਟਿਕਾ ਕੇ

ਰੱਖ ਦਿਓ ਧਾਰ ਦੇ ਹੇਠਾਂ, ਉਸੇ ਵੇਲੇ ਬੋਤਲ ਭਰ ਜਾਏਗੀ। ਇਸੇ ਤਰ੍ਹਾਂ ਸਾਡਾ ਜੋ ਮਨ ਹੈ ਇਹ ਉਡਾਰੀਆਂ ਮਾਰਦੈ, ਇਹਦਾ ਸਬੰਧ ਸਰੀਰ ਨਾਲ ਵੀ ਹੈ। ਇਹਦਾ ਅਧਿਆਤਮਵਾਦ ਨਾਲ ਵੀ ਹੈ। ਆਤਮਕ ਸਬੰਧ ਵੀ ਇਥੋਂ ਹੀ ਚਲਦੈ। ਜੇ ਤਾਂ ਮਨ ਦਾ ਰੁਖ ਆਤਮਾ ਵਲ ਹੋ ਜਾਵੇ ਤਾਂ ਇਹ ਪ੍ਰਮੇਸ਼ਰ ਬਣ ਜਾਇਆ ਕਰਦੈ। ਜੇ ਇਹਦਾ ਹੇਠਾਂ ਰੁਖ ਹੋ ਜਾਵੇ, ਤਾਂ ਇਹ ਨਰਕਾਂ ਨੂੰ ਲੈ ਜਾਂਦੈ –

*ਕਬਹੂ ਜੀਅੜਾ ਊਭਿ ਚੜਤੁ ਹੈ*
*ਕਬਹੂ ਜਾਇ ਪਇਆਲੇ ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥ ੨ ॥*
*ਅੰਗ– ੮੭੬*

ਚਿੱਤ ਦੀ ਇਕਾਗਰਤਾ ਦੇ ਵਾਸਤੇ ਸਾਨੂੰ ਚਿੱਤ ਬਿਰਤੀਆਂ ਨੂੰ ਸੰਕੋਚਣਾ ਪੈਂਦੈ। ਚਿੱਤ ਬਿਰਤੀਆਂ ਕੀ ਹੁੰਦੀਆਂ ਨੇ, ਇਹਨੂੰ ਸਮਝਣ ਦੀ ਲੋੜ ਹੈ। ਸਾਡੇ ਚਿੱਤ ਵਿਚ ਪੰਜ ਹਾਲਤਾਂ ਨੇ, ਜਿਹੜੀਆਂ ਬਦਲਦੀਆਂ ਰਹਿੰਦੀਆਂ ਨੇ। ਬਹੁਤ ਛੇਤੀ-ਛੇਤੀ ਬਦਲਦੀਆਂ ਨੇ। ਪਹਿਲੀ ਦਾ ਨਾਮ ਹੈ ਪ੍ਰਮਾਣ। ਪ੍ਰਮਾਣ ਕਹਿੰਦੇ ਨੇ ਜੋ ਅੱਖਾਂ ਨਾਲ ਚੀਜ਼ਾਂ ਦਿਸਦੀਆਂ ਨੇ, ਉਹਦੇ ਵਿਚ ਮਨ ਲਾ ਲੈਣੈ। ਅੱਖਾਂ ਨਾਲ ਦਿਸਣ ਵਾਲੀਆਂ ਚੀਜ਼ਾਂ 'ਚ ਪਰਚੇ ਰਹਿਣਾ ਤੇ ਸਮਾਂ ਲੰਘ ਜਾਣਾ। ਇਹ ਇਕ ਬਿਰਤੀ ਹੈ। ਕੋਈ ਮੱਥਾ ਟੇਕਣ ਵਾਸਤੇ ਆਉਂਦੈ, ਅਸੀਂ ਅੱਖਾਂ ਨਾਲ ਦੇਖਣਾ ਸ਼ੁਰੂ ਕਰ ਦਿਤਾ। ਫੇਰ ਸਾਡੀ ਪਛਾਣ 'ਚ ਆ ਗਿਆ, ਅਸੀਂ ਉਹਦਾ ਨਾਉਂ ਯਾਦਾਸ਼ਤ ਵਿਚੋਂ ਲੈ ਆਂਦਾ, ਫੇਰ ਇਹ ਪਤਾ ਲਗ ਗਿਆ ਕਿ ਇਹ ਫਲਾਣੇ ਥਾਂ ਮਿਲਿਆ ਸੀ। ਫਲਾਣੇ ਵੇਲੇ ਫਲਾਣੇ ਥਾਂ ਖੜ੍ਹਾ ਸੀ। ਇਹਨੇ ਮਨ ਨੂੰ ਨਠਾ ਦਿਤਾ। ਹੁਣ ਕੀਰਤਨ ਕੌਣ ਸੁਣੇ, ਵਿਚਾਰ ਕੌਣ ਸੁਣੇ, ਉਹ ਤਾਂ ਦੌੜ ਗਿਆ ਜਿਹਨੇ ਸੁਣਨਾ ਸੀ। ਦੇਖਣ ਵਾਲੀਆਂ ਚੀਜ਼ਾਂ 'ਚ ਪਰਚੇ ਰਹਿਣਾ ਇਹਨੂੰ ਪ੍ਰਮਾਣ ਬਿਰਤੀ ਕਹਿੰਦੇ ਨੇ। ਦੂਸਰੀ ਹੋਇਆ ਕਰਦੀ ਹੈ ਬਿਪਰਜੈ ਬਿਰਤੀ। ਬਿਪਰਜੈ ਬਿਰਤੀ ਉਹ ਹੁੰਦੀ ਹੈ ਕਿ ਹੋਵੇ ਤਾਂ ਚੀਜ਼ ਹੋਰ ਤੇ ਦਿਸਦੀ ਹੋਵੇ ਹੋਰ। ਰੜੇ ਮੈਦਾਨ ਦੇ ਅੰਦਰ ਦਿਸਦਾ ਤਾਂ ਪਾਣੀ ਹੈ। ਲੇਕਿਨ ਹੈਗਾ ਰੜਾ ਮੈਦਾਨ। ਕਿਰਨਾਂ ਦੇ ਨਾਲ ਉਹਦਾ ਅਸਰ ਐਸਾ ਪੈਂਦਾ ਹੈ ਕਿ ਰੜਾ ਮੈਦਾਨ ਇਸ ਤਰ੍ਹਾਂ ਲੱਗੇਗਾ ਕਿ ਦਰਿਆ ਜਾ ਰਿਹਾ ਹੈ। ਉਹਨੂੰ ਤਾਂ ਮੰਨਣਾ ਸਤਿ, ਜਿਹੜਾ ਕਹਿੰਦੇ ਨੇ ਰੜਾ ਮੈਦਾਨ ਹੈ ਉਹਨੂੰ ਮੰਨਣਾ ਅਸਤਿ। ਹਨ੍ਹੇਰੇ ਵਿਚ ਰੱਸੀ ਪਈ ਹੈ। ਉਹਦੇ ਵਿਚ ਸੱਪ ਦਾ ਅਧਿਆਸ ਮੰਨ ਕੇ ਸੱਚ ਮੰਨਣਾ ਕਿ ਸੱਪ ਬੈਠਾ ਹੈ ਮੇਰੇ ਦਰਵਾਜ਼ੇ ਮੂਹਰੇ, ਹੁਣ ਨਹੀਂ ਮੈਂ ਨਿਕਲਣਾ। ਸਾਰੀ ਰਾਤ ਡਰਿਆ ਰਿਹਾ, ਕਮਜ਼ੋਰ ਹੋਵੇ, ਦਿਲ ਧੱਕ-ਧੱਕ ਕਰੇਗਾ। ਦਿਲ ਦਾ ਦੌਰਾ ਪੈ ਜਾਏਗਾ। ਦਿਨ ਚੜ੍ਹ ਗਿਆ ਕੀ ਦੇਖਦੈ ਕਿ ਇਹ ਤਾਂ ਰੱਸੀ ਪਈ ਸੀ ਐਵੇਂ ਸਾਰੀ ਰਾਤ ਡਰੀ ਗਿਆ। ਇਹ ਬਿਰਤੀ ਨੂੰ ਬਿਪਰਜੈ ਬਿਰਤੀ ਕਹਿੰਦੇ ਨੇ। ਚੀਜ਼ ਹੋਵੇ ਨਾ, ਮਿੱਥ ਉਹਦੇ ਵਿਚ ਹੋਰ ਲਈ ਜਾਵੇ। ਤੀਸਰੀ ਹੋਇਆ ਕਰਦੀ ਹੈ ਸਿਮ੍ਰਿਤੀ ਬਿਰਤੀ। ਸਿਮ੍ਰਿਤੀ ਬਿਰਤੀ ਹੁੰਦੀ ਹੈ ਕਿ ਕੀਰਤਨ ਸੁਣਨ ਲਗ ਗਏ। ਗੱਲਾਂ ਚੱਲ ਪਈਆਂ। ਪੁਰਾਣੀਆਂ ਗੱਲਾਂ ਯਾਦ ਆਉਣ ਲਗ ਗਈਆਂ। ਮਨ ਟਿਕਿਆ ਹੀ ਨਾ। ਇਧਰ ਉਧਰ ਦੇਖਣ ਲਗ ਗਿਆ। ਸੋ ਚੌਥੀ ਹੋਇਆ ਕਰਦੀ ਹੈ ਨਿੰਦਰਾ। ਜਾਗ ਨਹੀਂ ਆਉਂਦੀ। ਹਾਕਾਂ ਮਾਰੀ ਜਾਓ–

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥ ੧੫ ॥*
*ਅੰਗ – ੧੩੭੮*

ਉਹਨੂੰ ਜਾਗ ਨਹੀਂ ਆਇਆ ਕਰਦੀ। ਸੋ ਇਹ ਜੋ ਬਿਰਤੀ ਹੇ ਨਿੰਦਰਾ ਬਿਰਤੀ ਹੁੰਦੀ ਹੈ। ਭਜਨ ਵੇਲੇ ਵੀ ਇਵੇਂ ਕਰਦੀ ਹੈ, ਬਾਣੀ ਪੜ੍ਹਨ ਵੇਲੇ ਵੀ ਇਸੇ ਤਰ੍ਹਾਂ ਕਰਦੀ ਹੈ।

ਪੰਜਵੀਂ ਹੋਇਆ ਕਰਦੀ ਹੈ ਵਿਖਸ਼ੇਪ ਬਿਰਤੀ। ਜ਼ਰਾ ਕੁ ਸੁਰਤੀ ਟਿਕਦੀ ਹੈ, ਉਸੇ ਵੇਲੇ ਟੁੱਟ ਗਈ, ਆਲੇ ਦੁਆਲੇ ਨੱਠ ਗਿਆ। ਫੇਰ ਜ਼ਰਾ ਕੁ ਟਿਕਿਆ, ਖਿਆਲ ਆਉਣੇ ਸ਼ੁਰੂ ਹੋ ਗਏ ਕਿ ਫਲਾਣਾ ਬੰਦਾ ਹੈ। ਇਹਦੀ ਦੁਕਾਨ ਫਲਾਣੇ ਥਾਉਂ ਹੈ, ਇਹ ਫਲਾਣੇ ਦਫ਼ਤਰ 'ਚ ਹੈ। ਫਲਾਣੇ ਵੇਲੇ ਮੈਂ ਇਹਨੂੰ ਇਸ ਤਰ੍ਹਾਂ ਦੇਖਿਆ ਸੀ। ਬਗੈਰ ਕਿਸੇ ਮਤਲਬ ਤੋਂ ਇਕ ਕਹਾਣੀ ਚਲਾ ਲੈਣੀ। ਆਏ ਹਾਂ ਅਸੀਂ ਸਤਿਸੰਗ ਕਰਨ ਵਾਸਤੇ। ਪਰ ਉਸ ਕਹਾਣੀ ਨੇ ਸਾਡਾ ਜੋ ਸਤਿਸੰਗ ਦਾ ਸਮਾਂ ਸੀ, ਉਸ ਨੂੰ ਆਪਣੇ ਵਲ ਲਾ ਲਿਆ ਤੇ ਉਹਦਾ ਨਤੀਜਾ ਕੀ ਹੋਇਆ। ਸਾਨੂੰ ਕੁਛ ਨਹੀਂ ਪਤਾ ਲਗਦਾ। ਸੋ ਇਸ ਕਰਕੇ ਜੋ ਗੁਰੂ ਮਹਾਰਾਜ ਨੇ ਰਹਿਤ ਦਸੀ ਹੈ ਉਹਦੇ ਉਤੇ ਪਹਿਰਾ ਦਿਓ ਸਾਧਸੰਗਤ ਜੀ –

*ਧਾਰਨਾ – ਜਸ ਕਰੋ ਵਾਹਿਗੁਰੂ ਦਾ ਪਿਆਰਿਓ*
*ਚਿੱਤ ਨੂੰ ਇਕਾਗਰ ਕਰਕੇ।*
*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ– ੨੯੫*

'ਸਾਵਧਾਨ' ਫੌਜ ਦਾ ਕਾਸ਼ਨ ਹੈ। ਕਮਾਂਡਰ ਕਹਿ ਦੇਵੇ ਸਾਵਧਾਨ। ਨਾ ਹੱਥ ਹਿਲਦੇ ਨੇ, ਨਾ ਗਰਦਨ ਹਿਲਦੀ ਹੈ, ਨਾ ਪੈਰ ਹਿਲਦਾ। ਬੁੱਤ ਬਣਿਆ ਬੰਦਾ ਖੜ੍ਹਾ ਹੈ। ਐਨੀ ਇਕਾਗਰਤਾ ਮਹਾਰਾਜ ਕਹਿੰਦੇ, ਸਾਵਧਾਨਤਾ ਚਾਹੀਦੀ ਹੈ ਸੰਗਤ 'ਚ ਆ ਕੇ। ਫੇਰ ਚਿੱਤ ਪੰਜ ਬਿਰਤੀਆਂ ਤੋਂ ਰਹਿਤ ਹੋਣਾ ਚਾਹੀਦਾ ਹੈ। ਸ਼ਬਦ ਦੇ ਭਾਵ ਵਿਚ ਲੀਨ ਹੋਇਆ ਗੱਲ ਸਮਝੇ।ਢੀਠ (immune) ਨਾ ਹੋਵੇ। ਬਾਰ-ਬਾਰ ਗੱਲ ਕਹੀ ਜਾਂਦੇ ਹਾਂ ਅਸੀਂ ਨਾਮ ਜਪ-ਨਾਮ ਜਪ, ਸੁਣਦਿਆਂ ਨੂੰ ਕਿੰਨੇ ਸਾਲ ਹੋ ਗਏ। ਉਸ ਦਾ ਉਤਸ਼ਾਹ ਨਹੀਂ ਜਾਗਦਾ। ਕਿਉਂਕਿ ਢੀਠ ਹੋ

ਗਿਆ। ਅਸਰ ਹੋਣ ਤੋਂ ਹਟ ਗਿਆ। ਜਿਵੇਂ ਬਹੁਤ ਸਾਰੀਆਂ ਬਿਮਾਰੀਆਂ ਨੇ ਏਡਜ਼ ਵਰਗੀਆਂ, ਕਹਿੰਦੇ ਇਸ ਨੂੰ ਦਵਾਈ ਕੋਈ ਨਹੀਂ ਲਗਦੀ। ਇਸੇ ਤਰ੍ਹਾਂ ਦੇ ਨਾਲ ਉਪਦੇਸ਼ ਉਸ ਮਨ ਨੂੰ ਨਹੀਂ ਲੱਗਿਆ ਕਰਦਾ ਜਿਹੜਾ ਮਨ ਢੀਠ (immune) ਹੋ ਜਾਂਦੈ। ਮਹਾਂਪੁਰਸ਼ ਬਚਨ ਕਰਦੇ ਨੇ, ਕਹਿਣਗੇ ਇਹ ਤਾਂ ਸੁਣਿਆ ਹੋਇਐ ਸਾਡਾ। ਸੁਣਿਆ ਤਾਂ ਹੈ ਪਰ ਤੂੰ ਕਰਿਆ ਵੀ ਉਹਦੇ ਮੁਤਾਬਿਕ ਕੋਈ ਕੰਮ? ਕੋਈ ਨਤੀਜਾ ਵੀ ਕੱਢਿਐ? ਉਹ ਤਾਂ ਨਹੀਂ ਕੱਢਿਆ, ਸੁਣਦੇ ਜਾਂਦੇ ਹਾਂ। ਮਹਾਰਾਜ ਕਹਿੰਦੇ ਪਿਆਰਿਓ! –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

*ਅੰਗ- ੬੬੯*

ਸੋ ਆਪਾਂ ਇਕ ਕਲਾਸ ਵਿਚ ਬੈਠੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਟੀਚਰ ਸਾਨੂੰ ਪੜ੍ਹਾ ਰਹੇ ਨੇ ਬਾਣੀ ਦੇ ਰਾਹੀਂ। ਜਿਹੜੇ ਵਿਦਿਆਰਥੀ ਚਿੱਤ ਇਕਾਗਰ ਕਰਕੇ ਸਤਿਸੰਗ ਕਰਨਗੇ, ਉਹ ਫਸਟ ਕਲਾਸ, ਮੈਰਿਟ ਲਿਸਟ ਇਸ ਤੋਂ ਵੀ ਉਪਰ ਕਲਾਸ ਵਿਚ ਆਉਣਗੇ। ਜਿਹੜੇ ਵਿਦਿਆਰਥੀਆਂ ਦੇ ਚਿੱਤ ਇਕਾਗਰ ਨਹੀਂ ਉਹਨੂੰ ਦੀਵਾਨ ਤੋਂ ਬਾਅਦ ਪੁੱਛੋ ਕਿ ਕੀ ਸੁਣਾਇਆ ਸੀ ਬਾਬਾ ਜੀ ਨੇ? ਸਾਖੀ ਤਾਂ ਕੋਈ ਸੁਣਾ ਸਕਦੈ, ਉਹ ਵੀ ਯਾਦ ਕਰਕੇ। ਲੇਕਿਨ ਬਚਨ ਨਹੀਂ ਸੁਣਾ ਸਕਦਾ, ਸੋ ਬਚਨਾਂ ਦੀ ਲੋੜ ਹੈ। ਹਰ ਵਾਰੀ ਬੇਨਤੀ ਕੀਤੀ ਜਾਂਦੀ ਹੈ ਕਿ ਨਾਮ ਜੋ ਹੈ ਬਹੁਤ ਕੀਮਤੀ ਚੀਜ਼ ਹੈ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ- ੮੧*

ਜਿੰਨੀ ਕੀਮਤੀ ਹੈ ਓਨਾਂ ਹੀ ਅਸੀਂ ਇਸ ਤੋਂ ਬੇਪਰਵਾਹ ਹਾਂ। ਸਾਡੇ ਅੰਦਰ ਚਾਉ ਨਹੀਂ ਉਠਦਾ ਕਿ ਨਾਮ ਐਨਾ ਕੀਮਤੀ ਹੈ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥*

*ਅੰਗ – ੬੪੯*

ਜੇ ਐਡੀ ਸੋਹਣੀ ਚੀਜ਼ ਹੈ ਪਿਆਰਿਓ, ਫੇਰ ਨਾਮ ਦਾ ਖਹਿੜਾ ਨਾ ਛੱਡੋ। ਨਾਮ ਜਪੋ। ਅੰਮ੍ਰਿਤ ਵੇਲੇ ਉਠ ਕੇ ਬੈਠਿਆ ਕਰੋ, ਚੌਂਕੜਾ ਮਾਰ ਕੇ। ਅੰਦਰ ਬੜੀਆਂ ਖੇਡਾਂ ਨੇ, ਬੜੀਆਂ ਚੀਜ਼ਾਂ ਨੇ।

ਮੈਗਜ਼ੀਨ ਦੇ ਅੰਦਰ ਇਕ ਲੇਖ ਆਉਂਦੈ, ਅਨੁਭਵੀ ਬਚਨ। ਜਿਨ੍ਹਾਂ ਨੇ ਨਹੀਂ ਪੜ੍ਹਿਆ ਹੋਇਆ ਉਹ ਅਪ੍ਰੈਲ 95 ਤੋਂ ਪੜ੍ਹ ਲੈਣ। ਉਹਦੇ 'ਚ ਮਹਾਤਮਾ ਦਸਦੇ ਨੇ ਕਿ ਅੰਦਰ ਬੜਾ ਕੁਛ ਪਿਐ। ਬੜੀਆਂ ਚੀਜ਼ਾਂ ਪਈਆਂ ਨੇ। ਕਹਿੰਦੇ, ਜਿਹੜਾ ਸੁਪਨਾ ਹੈ, ਸੁਪਨੇ ਦੇ ਅੰਦਰ ਅਸੀਂ ਕੁਛ ਦੇਖਦੇ ਹਾਂ ਕਿਉਂ ਦੇਖਦੇ ਹਾਂ ਕਿਉਂਕਿ ਉਸ ਵੇਲੇ ਬਿਰਤੀਆਂ ਜਿਹੜੀਆਂ ਨੇ ਦੌੜਨ ਤੋਂ ਰੁਕੀਆਂ ਹੁੰਦੀਆਂ ਨੇ। ਉਹਦੇ ਵਿਚ ਸੱਚ ਚੀਜ਼ਾਂ ਵੀ ਦੇਖ ਲੈਂਦੇ ਹਾਂ, ਝੂਠੀਆਂ ਵੀ ਦੇਖ ਲੈਂਦੇ ਹਾਂ, ਲੰਘੀਆਂ ਹੋਈਆਂ ਵੀ ਦੇਖ ਲੈਂਦੇ ਹਾਂ। ਜਿਹੜੀਆਂ ਆਉਣੀਆਂ ਨੇ ਉਹ ਵੀ ਦੇਖ ਲੈਂਦੇ ਹਾਂ। ਹੁਣ ਜਿਹੜਾ ਕੁਛ ਆਉਣਾ ਹੈ, ਸਾਡੇ ਨਾਲ ਭਾਣਾ ਵਰਤਣ ਵਾਲਾ ਹੈ, ਉਹ ਦੇਖ ਲੈਂਦੇ ਹਾਂ ਕਿੱਡੀ ਬੜੀ ਬਾਤ ਹੋਈ। ਪਏ ਸੁੱਤੇ ਹਾਂ, ਸੁਪਨੇ ਦੇ ਅੰਦਰ ਦੇਖ ਰਹੇ ਹਾਂ ਅਸੀਂ ਕਿ ਮੇਰੇ ਨਾਲ ਤਾਂ ਆਹ ਭਾਣਾ ਵਰਤਣ ਵਾਲਾ ਹੈ। ਉਹ ਕਿਉਂ ਦਿਸ ਗਿਆ, ਜਾਗਦਿਆਂ ਨੂੰ ਕਿਉਂ ਨਾ ਦਿਸਿਆ। ਕਹਿੰਦੇ, ਜਾਗਦਿਆਂ ਦੀ ਮਨ ਦੀ ਮਤੀਂ ਜਿਹੜੀ ਸੀ ਉਹ ਖਿੰਡੀ ਹੋਈ ਸੀ–

*ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥*
*ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥*

*ਅੰਗ- ੧੪੬*

ਗੋਤੇ ਖਾਂਦੈ ਬਾਰ-ਬਾਰ। ਨਿਕਲਦਾ ਨਹੀਂ ਹੈ, ਦੌੜਦੈ ਭੱਜਦੈ, ਇਸ ਕਰਕੇ ਅੱਖਾਂ ਖੁਲ੍ਹੀਆਂ ਵੇਲੇ, ਜਾਗਦੇ ਵੇਲੇ, ਇਸ ਤਰ੍ਹਾਂ ਨਹੀਂ ਪਤਾ ਕਿ ਦਸ ਦਿਨ ਨੂੰ ਮੇਰੇ ਨਾਲ ਕੀ ਭਾਣਾ ਵਰਤਣੈਂ। ਜਦੋਂ ਸੌਂ ਗਿਆ, ਬਿਰਤੀਆਂ ਰੁਕ ਗਈਆਂ। ਉਸ ਵੇਲੇ ਸੁਪਨੇ ਦੇ ਵਿਚ ਇਕ ਨਜ਼ਾਰਾ, ਫੁਰਨਾ vision ਦੇਖਣ ਲਗ ਗਿਆ। ਫੁਰਨੇ (vision) ਨੇ ਦਸ ਦਿਤਾ ਕਿ ਤੇਰੇ ਨਾਲ ਆਹ ਚੀਜ਼ ਹੋਣੀ ਹੈ। ਕਈਆਂ ਨੂੰ ਫੁਰਨੇ (vision) ਸਪੱਸ਼ਟ ਆਉਂਦੇ ਨੇ। ਕਈਆਂ ਨੂੰ ਇਹ ਕੋਡ ਭਾਸ਼ਾ ਵਿਚ ਆਇਆ ਕਰਦੇ ਨੇ। ਸੁਪਨਾ ਆਉਂਦੈ, ਬੜੀ ਪਰੇਸ਼ਾਨੀ ਹੁੰਦੀ ਹੈ ਕਿ ਆਹ ਕੀ ਹਾਲ ਹੋ ਗਿਆ ਮੇਰਾ। ਸੋ ਇਸ ਤਰ੍ਹਾਂ ਦੇ ਨਾਲ ਉਹ ਤਾਂ ਸੁਪਨੇ 'ਚ ਕਿਉਂ ਦਿਸਦੀਆਂ ਨੇ ਕਿਉਂਕਿ ਚਿੱਤ ਬਿਰਤੀਆਂ ਨੂੰ ਠੱਲ੍ਹ ਪਈ ਹੋਈ ਹੈ। ਦੌੜਦੀਆਂ ਨਹੀਂ। ਜਦੋਂ ਇਸ ਤੋਂ ਉਪਰਲੀ ਸਟੇਜ 'ਚ ਜਾਂਦੈ, ਸੁਪਨੇ ਵਾਲੀ ਸਟੇਜ ਤੋਂ ਉਪਰ ਜਾਂਦੈ। ਇਕਾਗਰਤਾ ਦੀ ਅਵਸਥਾ 'ਚ ਜਾਂਦੈ। ਜਿਉਂ-ਜਿਉਂ ਇਕਾਗਰਤਾ ਵਧਦੀ ਜਾਂਦੀ ਹੈ, ਤਿਉਂ-ਤਿਉਂ ਨਵੇਂ ਤੋਂ ਨਵੇਂ vision (ਨਜ਼ਾਰੇ) ਆਉਂਦੇ ਜਾਂਦੇ ਨੇ। ਨਵੀਆਂ ਤੋਂ ਨਵੀਆਂ ਚੀਜ਼ਾਂ ਦੇਖਦੈ। ਕਈ ਵਾਰੀ ਸਵਰਗ ਲੋਕ 'ਚ ਚਲਿਆ ਜਾਂਦੈ ਭਜਨ ਕਰਦਾ-ਕਰਦਾ। ਦੇਵਤਿਆਂ ਨੂੰ ਦੇਖਣਾ ਸ਼ੁਰੂ ਕਰ ਦਿੰਦੈ, ਭਾਵੇਂ ਇਹ ਛੋਟੀ ਅਵਸਥਾ ਹੈ। ਵੱਡੀ ਨਹੀਂ ਹੈ। ਲੇਕਿਨ ਹੈ ਅਵਸਥਾ ਹੀ। ਇਹ ਵੀ ਬਹੁਤ ਵਧੀਆ ਚੀਜ਼ ਹੈ। ਉਹ ਜਗਤ ਜਿਹੜਾ ਸਾਨੂੰ ਦਿਸਦਾ ਨਹੀਂ, ਉਹਨੂੰ ਦੇਖ ਲੈਣਾ, ਇਥੇ ਬੈਠੇ ਹੀ ਅੰਦਰਲੀ ਦੂਰਬੀਨ ਨਾਲ। ਉਹ ਅੱਖਾਂ ਭਜਨ ਨਾਲ ਖੁਲ੍ਹਦੀਆਂ ਨੇ।

ਇਕ ਵਾਰੀ ਇਕ ਸਾਧਕ ਸੀਗਾ। ਉਹ ਸਾਧਨਾ

ਕਰਦਾ-ਕਰਦਾ ਧਰਮ ਖੰਡ ਦੇ ਵਿਚ ਦੇਖਣ ਲਗ ਗਿਆ। ਉਥੇ ਰੋਜ਼ ਦੇਖਦੈ। ਆਹ ਰੂਹ ਲਿਆਂਦੀ ਹੈ ਇਹਨਾਂ ਨੇ। ਆਹ ਮਾਰ ਪੈ ਰਹੀ ਹੈ, ਆਹ ਸਜ਼ਾ ਦੇ ਦਿਤੀ। ਆਹ ਕੁੱਤੇ ਦੇ ਸਰੀਰ 'ਚ ਭੇਜ ਦਿਤਾ ਇਹਨੂੰ। ਆਹ ਖੋਤੇ ਦੇ ਸਰੀਰ ਵਿਚ ਭੇਜ ਦਿਤਾ। ਆਹ ਬਲਦ ਦੇ ਸਰੀਰ 'ਚ ਭੇਜ ਦਿਤਾ। ਉਥੇ ਤੱਕ ਜਾਂਦੈ ਕਿ ਬਲਦ ਕੀਹਦਾ ਹੈ। ਇਕ ਵਾਰੀ ਇਹਦਾ ਚਾਚਾ ਚੜ੍ਹਾਈ ਕਰ ਗਿਆ। ਚਾਚੇ ਦੇ ਮੁੰਡਿਆਂ ਨੇ ਕਿਹਾ ਕਿ ਬਾਈ! ਤੂੰ ਦਸ ਸਕਦੈਂ ਕਿ ਸਾਡਾ ਪਿਤਾ ਕਿਥੇ ਗਿਐ? ਉਹ ਕਹਿੰਦਾ, ਦੇਖ ਤਾਂ ਮੈਂ ਸਕਦਾ ਹਾਂ। ਪਰ ਇਹ ਦੱਸਣਾ ਜ਼ਰਾ ਔਖਾ ਹੈ।

ਕਹਿੰਦੇ, ਨਹੀਂ, ਸਾਨੂੰ ਜ਼ਰੂਰ ਦੱਸ।

ਤਿੰਨ ਮਹੀਨੇ ਹੋ ਗਏ, ਕਹਿਣ ਲੱਗਿਆ, ਲਓ ਬਈ ਤੁਹਾਡਾ ਪਿਤਾ ਟੋਲ੍ਹ ਲਿਆ ਮੈਂ।

ਕਹਿੰਦੇ, ਕਿੱਥੇ ਹੈ?

ਕਹਿੰਦਾ, ਫਲਾਣੇ ਪਿੰਡ ਦੇ ਵਿਚ ਇਥੋਂ ਚਾਲੀ ਮੀਲ ਦੇ ਉਤੇ ਉਹ ਇਕ ਬੀਬੀ ਦੇ ਪੇਟ ਵਿਚ ਸੁੱਟ ਦਿਤਾ ਗਿਆ। ਮਨੁੱਖ ਬਣੇਗਾ।

ਕਹਿੰਦੇ, ਸਾਨੂੰ ਇਤਬਾਰ ਕਿਵੇਂ ਆਵੇ?

ਪਿੰਡ ਦਾ ਨਾਉਂ ਲੈ ਦਿਤਾ। ਕਹਿੰਦਾ, ਮੇਰੇ ਨਾਲ ਚੱਲੋ। ਉਥੇ ਲੈ ਗਿਆ। ਉਥੇ ਜਾ ਕੇ ਉਹਨਾਂ ਦੇ ਘਰਦਿਆਂ ਨੂੰ ਕਿਹਾ ਕਿ ਅਸੀਂ ਥੋੜ੍ਹੀ ਬੀਬੀ ਨਾਲ ਗੱਲਬਾਤ ਕਰਨੀ ਹੈ ਜੋ ਨਵੀਂ ਵਿਆਹੀ ਹੋਈ ਆਈ ਹੈ। ਇਕਾਂਤ ਵਿਚ ਗੱਲ ਕਰਨੀ ਹੈ। ਜਦੋਂ ਸਮਾਂ ਮਿਲ ਗਿਆ। ਕਹਿਣ ਲੱਗੇ, ਬੀਬਾ! ਇਹਨਾਂ ਦਾ ਪਿਤਾ ਮਰ ਗਿਆ ਸੀ ਤੇ ਤੇਰੀ ਕੁਖ ਤੋਂ ਉਹਨੇ ਜਨਮ ਲੈਣੈ ਤੇ ਅੱਜ ਤਿੰਨ ਮਹੀਨੇ ਹੋ ਗਏ। ਤੂੰ ਇਸ ਤਰ੍ਹਾਂ ਦਸ ਕਿ ਦੋ ਮਹੀਨੇ ਤੋਂ ਮੈਨੂੰ ਦਿਸਿਆ ਕਿ ਉਹ ਉਥੇ ਪੇਟ ਵਿਚ ਆ ਗਿਆ।

ਉਹ ਕਹਿੰਦੀ, ਠੀਕ ਹੈ, ਭਾਈ ਗੱਲ। ਬਿਲਕੁਲ ਠੀਕ ਹੈ। ਭੋਰਾ ਜਿੰਨੀ ਵੀ ਗਲਤ ਨਹੀਂ।

ਜਦੋਂ ਦੂਸਰੇ ਦਿਨ ਭਜਨ ਕਰਨ ਗਿਆ। ਬਿਰਤੀ ਦੇ ਨਾਲ ਚੜ੍ਹਿਆ ਉਥੇ। ਉਥੇ ਗੱਲ ਕੀ ਹੋ ਰਹੀ ਹੈ? ਕਹਿੰਦੇ, ਕੋਈ ਚੋਰ ਆਉਂਦੈ ਮਾਤ ਲੋਕ ਦਾ। ਉਹ ਸਾਰੀ ਕਿਰਿਆ ਨੂੰ ਦੇਖਦੈ ਛੁਪ ਕੇ। ਜੇ ਤਾਂ ਕਿਰਿਆ ਨੂੰ ਦੇਖਦਾ ਹੀ ਹੋਵੇ ਫੇਰ ਤਾਂ ਕੋਈ ਨੀਂ। ਪਰ ਉਹ ਲੋਕਾਂ ਨੂੰ ਜਾ ਕੇ ਦਸਦੈ। ਅਜੇ ਕੱਲ੍ਹ ਦੀ ਹੀ ਗੱਲ ਹੈ ਕਿ ਉਸ ਨੇ ਦਸ ਦਿਤਾ ਕਿ 40 ਮੀਲ ਦੇ ਉਤੇ ਜਾ ਕੇ ਉਹਨੇ ਜਨਮ ਲੈਣੈ। ਉਹਨੇ ਪੁਛਿਆ, ਉਸ ਬੀਬੀ ਨੂੰ।

ਕਹਿੰਦੇ, ਉਹਨੂੰ ਸਜ਼ਾ ਦਿਓ। ਦੂਸਰੇ ਦਿਨ ਘੇਰ ਲਿਆ। ਘੇਰ ਕੇ ਕੁੱਟਿਆ। ਕੁੱਟਣ ਦੇ ਨਾਲ ਕੀ ਹੋਇਆ, ਉਹਦਾ ਸਾਰਾ ਸਰੀਰ ਫਿਸ ਗਿਆ। ਫੋੜੇ-ਫੋੜੇ ਹੋ ਗਏ, ਬਹੁਤ ਦੁਖੀ ਹੋ ਗਿਆ। ਰੋਂਦਾ ਫਿਰਦੈ, ਕੋਈ ਇਲਾਜ ਨਹੀਂ ਹੋ ਰਿਹਾ।

ਕਿਉਂਕਿ ਇਕ ਤਾਂ ਜਿਹੜੇ ਯੋਗ ਭ੍ਰਿਸ਼ਟ ਹੋ ਜਾਇਆ ਕਰਦੇ ਨੇ ਉਹਦਾ ਇਲਾਜ ਨਹੀਂ ਹੁੰਦਾ। ਪ੍ਰਾਣਾਯਾਮ ਕਰਦਾ ਹੋਇਆ, ਕੁੰਡਲਨੀ ਨੂੰ ਜਗਾਉਂਦਾ ਹੋਇਆ ਜੇ ਕਾਮਯਾਬ ਨਹੀਂ ਹੁੰਦਾ ਤਾਂ ਉਹਨੂੰ ਰੋਗ ਲਗ ਜਾਂਦੇ ਨੇ। ਇਸੇ ਤਰ੍ਹਾਂ ਜੋ ਦਰਗਾਹੀ ਭੇਤ ਦੁਨੀਆਂ ਨੂੰ ਦਿੰਦੈ, ਉਹਦੀ ਵੀ ਜੇ ਕੁਟਾਈ ਹੋ ਜਾਵੇ, ਉਥੋਂ ਦੇ ਦੇਵ ਲੋਕਾਂ ਦੀ, ਉਹਦਾ ਸਰੀਰ ਗਲਣਾ ਸ਼ੁਰੂ ਹੋ ਜਾਂਦੈ। ਬੜੇ ਇਲਾਜ ਕਰਾਉਂਦਾ ਫਿਰਿਆ। ਮਹਾਤਮਾ ਕੋਲ ਵੀ ਗਿਆ, ਮਹਾਤਮਾ ਕਹਿੰਦੇ, ਭਾਈ ਇਹਦਾ ਇਲਾਜ ਨਹੀਂ ਹੈ ਕੋਈ।

ਅਖੀਰ ਇਕ ਪਹੁੰਚੇ ਹੋਏ ਮਹਾਤਮਾ ਸੀ, ਉਥੇ ਗਿਆ, ਜਾ ਕੇ ਦਸਿਆ ਕਿ ਮਹਾਰਾਜ! ਆਹ ਮੇਰੇ ਨਾਲ ਭਾਣਾ ਵਰਤਿਐ। ਪਹਿਲਾਂ ਮੈਨੂੰ ਨਜ਼ਰ ਆਇਆ ਕਰਦੀ ਸੀ ਦਰਗਾਹ। ਹੁਣ ਹਟ ਗਈ। ਮੈਨੂੰ ਉਹਨਾਂ ਨੇ ਕੁਟਿਆ ਕਿ ਇਸ ਦਾ ਭੇਤ ਕਿਉਂ ਦਿਤਾ ਜਾ ਕੇ ਦੁਨੀਆਂ ਨੂੰ। ਉਹਨਾਂ ਦੀ ਮਾਰ ਐਸੀ ਕਿ ਮੇਰਾ ਸਾਰਾ ਸਰੀਰ ਗਲ ਗਿਆ। ਹੁਣ ਕ੍ਰਿਪਾ ਕਰੋ। ਮੈਨੂੰ ਸੁਮੱਤ ਦੇਵੋ। ਕੁਦਰਤ ਦੇ ਗੁਪਤ ਭੇਤ ਤੂੰ ਦੁਨੀਆਂ ਨੂੰ ਦੱਸਣ ਲਗ ਗਿਆ। ਤੈਨੂੰ ਉਹਨਾਂ ਨੇ ਮਾਰਿਐ, ਕੱਢ ਦਿਤਾ ਦਰਗਾਹ 'ਚੋਂ। ਜਾਹ, ਹੁਣ ਤੈਨੂੰ ਅਸੀਂ ਜੁਗਤੀ ਦਸਦੇ ਹਾਂ। ਉਹਦੇ ਨਾਲ ਉਹ ਅਵਸਥਾ ਤਾਂ ਨਹੀਂ ਆਉਣੀ। ਹੋਰ ਅਵਸਥਾ ਤੈਨੂੰ ਪ੍ਰਾਪਤ ਹੋ ਜਾਣਗੀਆਂ।

ਸੋ ਇਹ ਵੀ ਆਪਣੇ ਅੰਦਰੋਂ ਹੀ ਆਦਮੀ ਦੇਖ ਲੈਂਦੈ ਕਿ ਕੀ ਹੋ ਰਿਹੈ ਦੁਨੀਆਂ ਦੇ ਅੰਦਰ, ਦੇਵਤਿਆਂ ਦੀ ਦੁਨੀਆਂ ਦੇ ਅੰਦਰ ਕੀ ਹੋ ਰਿਹੈ।

ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲੇ ਆਪ ਦੇ ਪ੍ਰੇਮੀ ਸੀ, ਜੇ ਕੋਈ ਉਹਨਾਂ ਦਾ ਸੇਵਕ ਚੜ੍ਹਾਈ ਕਰ ਜਾਂਦਾ ਤਾਂ ਉਹਦੇ ਫੁਲ ਲੈ ਕੇ ਬਾਬਾ ਜੀ ਕੋਲ ਜਾਇਆ ਕਰਦੇ ਸੀ। ਬਾਬਾ ਜੀ ਨੇ ਉਹ ਫੁਲ ਹੱਥ ਵਿਚ ਲੈ ਲੈਣੇ ਤੇ ਨੇਤਰ ਬੰਦ ਕਰਕੇ ਅਰਦਾਸ ਕਰਨੀ। ਪਾਤਸ਼ਾਹ! ਤੇਰੀ ਸਿੱਖੀ ਧਾਰਨ ਕਰੀ ਹੋਈ ਸੀ। ਇਹ ਚੰਗਾ ਹੈ ਜਾਂ ਮੰਦਾ ਹੈ। ਤੁਸੀਂ ਲਾਜ ਰੱਖਣੀ ਹੈ। ਕ੍ਰਿਪਾ ਕਰੋ।

ਇਕ ਵਾਰੀ ਐਸਾ ਦਸਦੇ ਨੇ ਕਿ ਇਕ ਪ੍ਰੇਮੀ ਦਾ ਭਰਾ ਚੜ੍ਹਾਈ ਕਰ ਗਿਆ। ਉਹਦੇ ਮਨ ਵਿਚ ਆਇਆ ਕਿ ਬਾਬਾ ਜੀ ਤੋਂ ਮੈਂ ਕਲਿਆਣ ਕਰਾ ਲਵਾਂ। ਪੋਟਲੀ 'ਚ ਫੁਲ ਪਾ ਕੇ ਲੈ ਗਿਆ। ਪਰ ਉਹ ਸ਼ਰਾਬੀ, ਕਬਾਬੀ,

ਨਿਗੁਰਾ ਪੁਰਸ਼ ਸੀ।

ਬਾਬਾ ਜੀ ਨੇ ਹੱਥ ਵਿਚ ਫੜੀ ਪੋਟਲੀ। ਦਰਗਾਹ ਦੇ ਵਿਚ ਪਹੁੰਚੇ, ਬੇਨਤੀ ਕਰੀ ਅਜੇ ਬੇਨਤੀ ਕਰਨ ਲੱਗੇ ਨੇ, ਉਤੋਂ ਆਇਆ ਕਿ ਸੰਤ ਜੀ! ਇਹ ਤਾਂ ਤੁਸੀਂ ਨਿਗੁਰੇ ਦੀਆਂ ਹੱਡੀਆਂ ਹੱਥ ਵਿਚ ਫੜੀਆਂ ਹੋਈਆਂ ਨੇ। ਗੁਰੂ ਘਰ ਨਾਲ ਇਹਦਾ ਕੋਈ ਸਬੰਧ ਨਹੀਂ ਸੀ। ਉਸ ਵੇਲੇ ਬਾਬਾ ਜੀ ਨੇ ਨੇਤਰ ਖੋਲ੍ਹ ਕੇ ਥੋੜ੍ਹੀ ਤਾੜਨਾ ਦੀ ਆਵਾਜ਼ 'ਚ ਕਿਹਾ ਕਿ ਕਹਿੰਦੇ, ਗੁਰਮੁਖਾ! ਸਾਨੂੰ ਧੋਖਾ ਦਿੰਦੈਂ? ਇਹ ਤੇਰਾ ਭਾਈ ਸ਼ਰਾਬੀ-ਕਬਾਬੀ ਸਾਨੂੰ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਝਿੜਕ ਮਾਰੀ ਹੈ।

ਸੋ ਇਹ ਦਰਗਾਹ ਦੀਆਂ ਬਾਤਾਂ ਆਦਮੀ ਭਜਨ ਦੇ ਵਿਚ ਦੇਖ ਲਿਆ ਕਰਦੈ। ਉਸ ਤੋਂ ਵੀ ਅਗਾਂਹਾਂ ਦੀਆਂ ਗੱਲਾਂ ਦੇਖ ਲੈਂਦੈ।

ਮਾਤਾ ਜੀਤੋ ਜੀ ਨੇ ਜਿੰਨਾਂ ਉਜਾੜਾ ਪੈਣਾ ਸੀ, ਸਾਰਾ ਹੀ ਪਹਿਲਾਂ ਦੇਖ ਕੇ ਸਰੀਰ ਛੱਡ ਦਿਤਾ। ਸੋ ਇਹ ਸਾਰੀਆਂ ਸ਼ਕਤੀਆਂ ਨਾਮ ਦੇ ਲੱਗਣ ਨਾਲ ਕੁਦਰਤੀ ਤੌਰ 'ਤੇ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ। ਮਹਾਰਾਜ ਕਹਿੰਦੇ ਨੇ ਕਿ 'ਨਾਮ' ਜਿੰਨੀ ਕੀਮਤੀ ਚੀਜ਼ ਹੈ ਓਨੀਂ ਹੀ ਤੁਸੀਂ ਸਸਤੀ ਜਾਣ ਕੇ ਇਹਦੀ ਬੇਕਦਰੀ ਕਰਦੇ ਹੋਂ। ਨਾਮ ਨੂੰ ਸਮਝੋ। ਨਾਮ ਸਭ ਤੋਂ ਵੱਡੀ ਸ਼ਕਤੀ ਹੈ। ਇਹ ਜਿਸ ਨੇ ਵੀ ਜਪਿਐ, ਮਹਾਰਾਜ ਕਹਿੰਦੇ ਜਿਹਨੂੰ ਪਿਆਰਾ ਲਗ ਗਿਆ ਨਾ ਨਾਮ, ਉਥੇ ਕੀ ਕਰਦੈ -

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - ੬੩੮*

ਉਹ ਅਜੇ ਕਹਿੰਦਾ ਹੀ ਨਹੀਂ ਪ੍ਰਮੇਸ਼ਰ ਨੂੰ ਕਿ ਮੇਰਾ ਮਹਾਰਾਜ ਕਹਿੰਦੇ, ਜਿਹੜਾ ਆਹ ਕੰਮ ਹੋ ਜਾਏ ਉਸ ਤੋਂ ਪਹਿਲਾਂ ਹੀ ਹੋ ਜਾਂਦੈ। ਦੂਜੇ ਪਾਸੇ ਜ਼ੋਰ ਲਾਉਂਦੈ ਤੇ ਪ੍ਰਮੇਸ਼ਰ ਨੂੰ ਯਾਦ ਨਹੀਂ ਕਰਦਾ, ਕਹਿੰਦੇ, ਉਹਦੇ ਬਣਦੇ-ਬਣਦੇ ਕੰਮ ਰੁਕ ਜਾਣਗੇ। ਉਹਦਾ ਕੰਮ ਤਾਂ ਵਾਹਿਗੁਰੂ ਮੁਕਾਵੇਗਾ। ਉਧਰਲੇ ਪਾਸੇ ਕੰਮ ਬਣਦਿਆਂ ਦੇ ਵਿਚ ਵਿਘਨ ਪੈ ਜਾਵੇਗਾ।

ਮੇਰੇ ਕੋਲ ਆਉਂਦੇ ਨੇ ਪ੍ਰੇਮੀ ਕਹਿਣਗੇ ਜੀ ਵਿਘਨ ਪੈ ਗਿਆ। ਵਿਘਨ ਤਾਂ ਪੈ ਗਿਆ, ਤੁਸੀਂ ਤਾਂ ਕੰਮ ਦੇ ਵਲ ਸਾਰੀ ਸੁਰਤ ਲਾਈ ਹੋਈ ਹੈ, ਵਾਹਿਗੁਰੂ ਵਲ ਵੀ ਲਾਈ ਹੈ ਕਦੇ। ਜੇ ਸੁਰਤੀ ਤੁਹਾਡੀ ਵਾਹਿਗੁਰੂ ਵਲ ਲਗਦੀ-

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ- ੧੧੯੫*

ਕਰੋੜਾਂ ਵਿਘਨਾਂ ਦਾ ਨਾਸ਼ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਅੰਗ- ੨੬੨*

ਵਿਘਨ ਲਗਦਾ ਕਿੱਥੇ ਹੈ। ਕਹਿੰਦੇ, ਜਿਥੇ ਨਾਮ ਭੁੱਲਦੈ। ਜਿੱਥੇ ਨਾਮ ਜਪ ਲਿਆ। ਕਹਿੰਦੇ, ਨਾਮ ਜਪਣ ਵਾਲਾ ਸਭ ਤੋਂ ਵੱਡਾ ਰਾਜਾ ਹੁੰਦੈ।

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਅੰਗ - ੧੧੫੫*

ਵੱਡਾ ਰਾਜਾ ਹੋਇਆ ਕਰਦੈ। ਚਾਹੇ ਉਹ ਕਿੰਨਾ ਹੀ ਗਰੀਬ ਬੰਦਾ ਹੈ। ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

*ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,*
*ਨਾਮਾ ਅੱਧੀ ਦਮੜੀ ਦਾ।*
*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥*
*ਅੰਗ- ੪੮੭*

ਨਾਮਦੇਵ ਜੀ ਦਾ ਮਨ ਜਿਹੜਾ ਸੀ ਵਾਹਿਗੁਰੂ ਦੇ ਵਿਚ ਲੀਨ ਹੋ ਗਿਆ। ਆਪਾ ਆਮ ਜਾਣਦੇ ਹਾਂ 'ਲੀਨ' ਕਿਸ ਚੀਜ਼ ਨੂੰ ਕਹਿੰਦੇ ਨੇ। ਕੋਈ ਬੰਦਾ ਕੋਈ ਗੱਲ ਸੋਚੀ ਜਾਂਦੈ। ਨਾ ਆਲੇ ਦੁਆਲੇ ਦਾ ਪਤੈ ਹੈ ਨਾ ਕਿਸੇ ਨਾਲ ਗੱਲ ਕਰਦੈ। ਦੂਸਰਾ ਦੇਖਣ ਵਾਲਾ ਕਹਿੰਦੈ ਕਿ ਤੂੰ ਕਿਹੜੀ ਗੱਲ ਵਿਚ ਲੀਨ ਹੋ ਗਿਆ ਭਾਈ? ਆਲੇ ਦੁਆਲੇ ਦੀ ਤੈਨੂੰ ਕੋਈ ਖ਼ਬਰ ਨਹੀਂ ਹੈ। ਉਹ ਪ੍ਰਮੇਸ਼ਰ ਦੇ ਨਾਲ ਲਿਵਧਾਰੀ ਹੋ ਗਿਆ। ਲੀਨ ਹੋ ਗਿਆ। ਇਕ ਸਕਿੰਟ ਵਾਸਤੇ ਵੀ ਉਹਨੂੰ ਵਾਹਿਗੁਰੂ ਨਹੀਂ ਭੁੱਲਦਾ। ਮਹਾਰਾਜ ਕਹਿੰਦੇ, ਹੋਇਆ ਕੀ? ਕਹਿੰਦੇ, ਸਮਾਜ ਦੀ ਨਜ਼ਰ ਦੇ ਅੰਦਰ ਉਹ ਐਨਾ ਗਰੀਬ ਸੀ, ਕਿ ਉਹਦੀ ਮਾਇਕ ਹਾਲਤ ਜਿਹੜੀ ਸੀ ਉਹ ਅੱਧੀ ਦਮੜੀ ਦੀ ਵੀ ਨਹੀਂ ਸੀ। ਕੋਈ ਜਮਾਨਤ ਦੇਣ ਨੂੰ ਤਿਆਰ ਨਹੀਂ ਸੀ। ਕੋਈ ਪੈਸੇ ਦਿਵਾਉਣ ਨੂੰ ਤਿਆਰ ਨਹੀਂ ਸੀ ਕਿਉਂਕਿ ਗਰੀਬੀ ਦੀ ਸੀਮਾ ਹੀ ਨਹੀਂ ਸੀ। ਪਰ ਜਦੋਂ ਬੰਦਗੀ ਕੀਤੀ ਲੱਖਾਂ ਦਾ ਹੋ ਗਿਆ। ਹੁਣ ਕਿੱਡੀ ਵੱਡੀ ਮਹਿਮਾ ਹੈ ਬੰਦਗੀ ਦੇ ਅੰਦਰ, ਜਿਹਨੂੰ ਅਸੀਂ ਜ਼ਿੰਦਗੀ ਦੇ ਅੰਦਰ ਕੋਈ ਸਥਾਨ ਨਹੀਂ ਦੇਣਾ ਚਾਹੁੰਦੇ, ਸਗੋਂ ਨਕਾਰਦੇ ਹਾਂ ਕਿ ਕੀ ਹੈ ਇਹ, ਕੁਛ ਨਹੀਂ ਹੈ, ਐਵੇਂ ਗੱਲਾਂਬਾਤਾਂ ਨੇ।

ਮਹਾਰਾਜ ਕਹਿੰਦੇ, ਨਾਮਦੇਵ ਦੀ ਮਹਿਮਾ ਬੜੀ ਜ਼ਬਰਦਸਤ ਸੀ, 72 ਵਾਰੀ ਵਾਹਿਗੁਰੂ ਨੇ ਸਾਕਾਰ ਰੂਪ ਵਿਚ ਦਰਸ਼ਨ ਦਿਤੇ। ਇਹਨਾਂ ਗੱਲਾਂ ਨੂੰ ਸੁਣ ਕੇ ਸਾਡੇ ਮਨ ਦੇ ਅੰਦਰ ਚਾਉ ਜਾਗਣਾ ਚਾਹੀਦੈ ਕਿ ਹੈਂ! ਨਾਮਦੇਵ ਜੀ ਨੂੰ 72 ਵਾਰੀ ਦਰਸ਼ਨ ਦਿਤੇ ਪ੍ਰਮੇਸ਼ਰ ਨੇ। ਉਹ ਉਪਾਅ ਕਿਹੜਾ ਸੀ, ਉਹ ਭਗਤੀ ਦਾ ਕਿਹੜਾ ਤਰੀਕਾ ਸੀ ਜਿਹਦੇ ਨਾਲ ਨਾਮਦੇਵ ਜੀ ਭਗਤੀ ਕਰਦੇ ਸੀ ਤੇ ਵਾਹਿਗੁਰੂ ਜੀ ਆ ਜਾਂਦੇ ਸੀ। ਕੰਮ ਕਰਦੇ ਫਿਰਦੇ ਸੀ ਉਹਦੇ। ਕਿਹਾ ਤਾਂ ਉਹਨੇ ਹੈਗਾ ਹੀ ਨਹੀਂ। ਆਪਣੇ ਆਪ ਹੀ ਉਹਦੇ ਕੰਮ ਕਰਦਾ ਸੀ ਪ੍ਰਮੇਸ਼ਰ। ਜੇ ਗਊ ਮਰ ਗਈ, ਨਾਮਦੇਵ ਜੀ ਨੇ ਨਹੀਂ ਕਰੀਆਂ ਬੇਨਤੀਆਂ ਕਿ ਮਹਾਰਾਜ ਗਊ ਜਿਉਂਦੀ ਕਰ ਦਿਓ। ਉਹ ਅਕਾਲ ਪੁਰਖ

ਪ੍ਰਗਟ ਹੋ ਗਿਆ। ਉਹਨੇ ਕਿਹਾ ਕਿ ਨਾਮਦੇਵ! ਜੇ ਕਹੇਂ ਤਾਂ ਮੈਂ ਮਰੀ ਹੋਈ ਗਊ ਜਿਊਂਦੀ ਕਰ ਦੇਵਾਂ। ਜੇ ਕਹੇਂ ਤਾਂ ਮੈਂ ਰਾਜੇ ਨੂੰ ਸਜ਼ਾ ਦੇਣੀ ਚਾਹੁੰਦਾ ਹਾਂ, ਇਹਦੇ ਸਿਰ ਦੇ ਉਤੇ ਧਰਤੀ ਰਖ ਦੇਵਾਂ? ਜਿਹੜਾ ਕੁਛ ਵੀ ਕਹੇਂ ਮੈਂ ਕਰਨ ਨੂੰ ਤਿਆਰ ਹਾਂ।

ਉਹ ਕਹਿੰਦੇ ਮਹਾਰਾਜ! ਝਗੜਾ ਤਾਂ ਸਾਰਾ ਮਰੀ ਹੋਈ ਗਊ ਜਿਊਂਦੀ ਕਰਨ ਦਾ ਹੈ। ਤੁਸੀਂ ਇਹ ਕਰ ਦਿਓ ਝਗੜਾ ਖਤਮ ਹੋ ਜਾਏਗਾ। ਕਾਹਨੂੰ ਧਰਤੀ ਉਲਟਾਵੋਂਗੇ। ਬੇਅੰਤ ਬੇਕਸੂਰੇ ਜੀਵਾਂ ਦਾ ਨੁਕਸਾਨ ਹੋ ਜਾਏਗਾ। ਉਹ ਵੀ ਨਾਮ ਦੀ ਮਹਿਮਾ ਦੇ ਨਾਲ ਹੋਇਆ। ਜੇ ਨਾਮਦੇਵ ਜੀ ਜਾ ਕੇ ਪਿਛਵਾੜੇ ਬਹਿ ਜਾਂਦੇ ਨੇ। ਸਵਰਣ ਜਾਤੀਆਂ ਨੇ ਧੱਕੇ ਮਾਰ ਕੇ ਕੱਢ ਦਿਤਾ ਉਹਨਾਂ ਨੂੰ ਮੰਦਰ ਦੇ ਵਿਚੋਂ ਤੇ ਉਸ ਪਾਸੇ ਨੂੰ ਮੰਦਰ ਦਾ ਮੂੰਹ ਘੁੰਮ ਜਾਂਦੈ। ਬਹੁਤ ਵੱਡੀ ਬਾਤ ਹੈ ਸਾਡੇ ਇਤਿਹਾਸ ਦੇ ਅੰਦਰ। ਫੇਰ ਤਾਂ ਜ਼ਰੂਰ ਸਾਨੂੰ ਲਗਨ ਲਗਣੀ ਚਾਹੀਦੀ ਹੈ ਨਾਮ ਜਪਣ ਦੀ।

ਕਹਿੰਦੇ, ਪਿਆਰਿਓ! ਪ੍ਰਮੇਸ਼ਰ ਆਪਣੇ ਭਗਤਾਂ ਦੇ ਪਿੱਛੇ-ਪਿੱਛੇ ਤੁਰਿਆ ਫਿਰਦੈ ਪਰ ਭਗਤ ਐਸੇ ਨੇ ਉਹ ਕੋਈ ਹੁਕਮ ਹੀ ਨਹੀਂ ਕਰਦੇ ਉਸ ਨੂੰ ਕਿ ਇਸ ਤਰ੍ਹਾਂ ਕਰ ਦੇ, ਇਹ ਕਰ ਦੇ। ਕੁਛ ਨਹੀਂ ਕਹਿੰਦੇ, ਆਪਣੀ ਮੌਜ ਵਿਚ ਰਹਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਨਾਮਦੇਵ ਜੀ ਨੇ ਜਦੋਂ ਨਾਮ ਜਪਿਆ ਬਰਕਤਾਂ ਹੀ ਬਰਕਤਾਂ ਪੈ ਗਈਆਂ। ***'ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥'*** ਤੇ ਨਾਲ ਪ੍ਰਮੇਸ਼ਰ ਉਹਨਾਂ ਦੇ ਕੰਮ ਕਰਦਾ ਫਿਰਦੈ।

ਅੱਜ ਨਾਮਦੇਵ ਜੀ ਬਾਹਰ ਬੈਠੇ ਨੇ। ਅਚਾਨਕ ਘਰ ਨੂੰ ਅੱਗ ਲਗ ਗਈ। ਲੋਕਾਂ ਨੇ ਆਪਣੇ-ਆਪਣੇ ਬਚਾ ਲਏ ਛੱਪਰ ਤੇ ਨਾਮਦੇਵ ਜੀ ਦਾ ਜਿਹੜਾ ਘਰ ਸੀ ਉਹ ਜਲ ਗਿਆ। ਸਮਾਨ ਵੀ ਵਿਚ ਹੀ ਜਲ ਗਿਆ। ਉਸ ਤੋਂ ਬਾਅਦ ਪ੍ਰਭੂ ਨੇ ਆ ਕੇ ਐਨੀ ਫੁਰਤੀ ਦੇ ਨਾਲ ਛੱਪਰੀ ਬਣਾਈ ਕਿ ਸਾਰੇ ਹੈਰਾਨ ਹੋ ਗਏ। ਵਾਹਿਗੁਰੂ ਜੀ ਜੋ ਕਰੋੜਾਂ ਬ੍ਰਹਿਮੰਡਾਂ ਨੂੰ ਰਚ ਦਿੰਦੇ ਨੇ। ਉਹਨਾਂ ਨੂੰ ਇਕ ਛਪਰੀ ਬਣਾਉਣੀ ਕੀ ਔਖੀ ਸੀ। ਲੇਕਿਨ ਜਿਹੜੇ ਸਾਡੇ ਅਰਥ ਕਰਨ ਵਾਲੇ ਨੇ। ਵੱਡੇ-ਵੱਡੇ ਵਿਦਵਾਨਾਂ ਦੀ ਮੈਂ ਗੱਲ ਕਰਦਾਂ। ਛੋਟਿਆਂ ਦੀ ਨਹੀਂ ਕਰਦਾ। ਸ਼ਬਦਾਰਥ ਜਿਹੜਾ ਹੈ ਚਾਰ ਵੱਡੇ-ਵੱਡੇ ਪ੍ਰਿੰਸੀਪਲ ਲੱਗੇ ਰਹੇ ਇਹਨੂੰ ਬਣਾਉਣ ਵਾਸਤੇ। ਬੜਾ ਸੋਹਣਾ ਹੈ। ਸਾਰੇ ਅਰਥਾਂ ਨਾਲੋਂ ਚੰਗੇ ਅਰਥ ਨੇ ਇਹਦੇ। ਪਰ ਇਹ ਪਤਾ ਕੀ ਲਿਖਦੇ ਨੇ ਕਿ ਨਾਮਦੇਵ ਕਿਤੇ ਬਾਹਰ ਗਿਆ ਹੋਇਆ ਸੀ, ਉਹਦਾ ਘਰ ਢਹਿ ਗਿਆ। ਕਿਸੇ ਬੰਦੇ ਨੇ ਇਸ਼ਾਰਾ ਕਰਕੇ, ਖਰਚਾ ਕਰਕੇ ਨਾਮਦੇਵ ਦਾ ਘਰ ਬਣਾ ਦਿਤਾ ਤੇ ਨਾਮਦੇਵ ਜੀ ਦਸਦੇ ਨੇ ਕਿ ਮੇਰਾ ਘਰ ਕਿਵੇਂ ਬਣਿਆ। ਉਹ ਇਕ ਬੀਬੀ ਨਾਲ ਗੱਲਬਾਤ ਹੋਈ, ਉਹ ਗੱਲਬਾਤ ਬਾਣੀ 'ਚ ਦਸਦੇ ਨੇ। ਯਾਨਿ ਇਹ ਗੱਲ ਮੰਨਣ ਨੂੰ ਤਿਆਰ ਹੀ ਨਹੀਂ ਹੈਗੇ ਕਿ ਪ੍ਰਮੇਸ਼ਰ ਵੀ ਆ ਕੇ ਬਣਾ ਸਕਦੈ। ਜੇ ਮਰੀ ਹੋਈ ਗਊ ਦੇ ਵਿਚ ਕਹਿੰਦੈ ਕਿ ਨਾਮਦੇਵ! ਜੇ ਤੂੰ ਕਹੇਂ ਤਾਂ ਧਰਤੀ ਉਲਟਾ ਦੇਵਾਂ। ਜੇ ਕਹੇ ਤਾਂ ਮੈਂ ਉਪਰ ਧਰ ਦੇਵਾਂ ਰਾਜੇ ਦੇ। ਜੇ ਕਹੇਂ ਤਾਂ ਮਰੀ ਹੋਈ ਗਊ ਜਿਊਂਦੀ ਕਰ ਦੇਵਾਂ। ਅੱਛਾ ਇਹ ਵੀ ਮੰਨ ਲੈਣਗੇ। ਕਹਿ ਦੇਣਗੇ ਇਹ ਲੋਕ। ਲੇਕਿਨ ਜਿਹੜਾ ਮੰਦਰ ਘੁੰਮਿਆ ਹੈ ਉਥੇ ਤਾਂ ਨਹੀਂ ਹੈ ਨਾਮਦੇਵ ਜੀ ਵਿਚਾਰੇ ਗਾਉਂਦੇ ਹੀ ਰਹਿ ਗਏ। ਕੋਈ ਬੰਦਿਆਂ ਨੂੰ ਇਸ਼ਾਰਾ ਕਰ ਦਿਤਾ। ਉਹਨਾਂ ਨੇ ਲਗ ਕੇ ਮੰਦਰ ਹੀ ਘੁੰਮਾ ਦਿਤਾ। ਫੇਰ ਤਾਂ ਉਹਨਾਂ ਦੇ ਅਰਥ ਸਹੀ ਬਣਦੇ ਨੇ। ਇਥੇ ਕੁ ਆ ਕੇ ਚੁੱਪ ਕਰ ਜਾਂਦੇ ਨੇ। ਕਿਉਂਕਿ ਵਿਸ਼ਵਾਸ਼ ਤੋਂ ਹੀਣੇ ਨੇ। ਡਰਦੇ ਨੇ ਕਿ ਜੇ ਅਸੀਂ ਇਸ ਤਰ੍ਹਾਂ ਲਿਖ ਦਿਤਾ ਤਾਂ ਅਸੀਂ ਵੀ ਉਹਨਾਂ ਸੰਤਾਂ ਭਗਤਾਂ ਦੀ ਜਮਾਤ ਵਿਚ ਆ ਜਾਵਾਂਗੇ ਜਿਹੜੇ ਇਹਨਾਂ ਗੱਲਾਂ ਦੇ ਉਤੇ ਵਿਸ਼ਵਾਸ ਰਖਦੇ ਨੇ। ਕਮਜ਼ੋਰ ਗੱਲਾਂ ਕਰਦੇ ਨੇ, ਜਿਹਦੇ ਨਾਲ ਆਦਮੀ ਨੂੰ ਲਗਨ ਨਹੀਂ ਲਗਦੀ। ਸਗੋਂ ਮਨ ਦੇ ਅੰਦਰ ਸ਼ੰਕੇ ਖੜ੍ਹੇ ਹੋ ਜਾਂਦੇ ਨੇ।

ਸੋ ਇਸ ਤਰ੍ਹਾਂ ਨਾਮਦੇਵ ਜੀ ਜਦੋਂ ਵਾਪਸ ਆਉਂਦੇ ਨੇ ਉਥੇ ਇਸ਼ਾਰਾ ਕਰ ਦਿਤਾ। ਕਹਿੰਦੇ, ਨਾਮਦੇਵ! ਜਾਹ ਘਰ ਬਣ ਗਿਆ। ਪੈਸੇ ਨਾਮਦੇਵ ਜੀ ਨੂੰ ਦਿਤੇ ਸੀ ਜਿਹੜੇ ਸਮਾਨ ਲਿਆਉਣ ਵਾਸਤੇ। ਉਹ ਸਾਰੇ ਰਾਹ ਵਿਚ ਸੰਤਾਂ ਨੂੰ ਖਲਾ ਦਿਤੇ ਤੇ ਆਪ ਜਾ ਕੇ ਇਕ ਪਾਸੇ ਬਹਿ ਗਏ ਕਿ ਹੁਣ ਪੈਸਾ ਤਾਂ ਹੈ ਨਹੀਂ। ਕਿਹੜੇ ਮੂੰਹ ਨਾਲ ਘਰ ਜਾਵਾਂਗੇ, ਚਲੋ ਭਜਨ ਹੀ ਕਰਦੇ ਹਾਂ। ਉਧਰਲੇ ਪਾਸੇ ਪ੍ਰਮੇਸ਼ਰ ਨੇ ਦੇਖਿਆ ਕਿ ਭਗਤ ਦਾ ਦਿਲ ਤੰਗ ਹੈ। ਛਪਰੀ ਬਣਾ ਦਿਤੀ ਤੇ ਨਾਲ ਦੀ ਨਾਲ ਕਿਹਾ ਕਿ ਨਾਮਦੇਵ! ਘਰ ਨੂੰ ਜਾਹ। ਨਾਮਦੇਵ ਜੀ ਘਰ ਆਉਂਦੇ ਨੇ ਤਾਂ ਬਹੁਤ ਸਾਰੇ ਦਰਸ਼ਕ ਉਸ ਛਪਰੀ ਦੀ ਤਾਰੀਫ ਕਰੀ ਜਾਂਦੇ ਨੇ। ਕੋਈ ਕਹਿੰਦਾ ਹੈ ਕਿ ਐਨਾ ਫੁਰਤੀਲਾ ਸੀ। ਅਸੀਂ ਇਸ ਤਰ੍ਹਾਂ ਨਹੀਂ ਦੇਖਿਆ ਕਿ ਡੰਗੇ ਕਦੋਂ ਪਾਉਂਦਾ ਸੀ। ਕੋਈ ਕਹਿੰਦਾ ਕਿ ਐਨਾ ਕਾਰੀਗਰ ਸੀ ਕਿ ਮਾੜਾ ਜਿਹਾ ਤਿਣਕਾ ਤਾਂ ਵਿਚੋਂ ਨਿਕਲਿਆ ਹੋਵੇ। ਦੇਖੋ, ਕਹਿੰਦੇ ਫੁੱਲ ਪਾ ਦਿਤੇ। ਚੰਦ ਪਾ ਦਿਤੇ। ਇਹੋ ਜਿਹੀ ਉਸਦੀ ਕਾਰੀਗਰੀ ਸੀ। ਉਹਨਾਂ ਦੇ ਅੰਦਰ ਹੀ ਨਾਮਦੇਵ ਜੀ ਦੀ ਇਕ ਪੜੋਸਣ ਖੜ੍ਹੀ ਹੈ। ਉਹਦੇ ਮਨ 'ਚ ਆਇਆ ਕਿ ਮੇਰੇ ਪਲਾਟ ਦੇ ਵਿਚ ਜਗ੍ਹਾ ਖਾਲੀ ਪਈ ਹੈ। ਆਹ ਕਿੰਨੀ ਸੋਹਣੀ ਛਪਰੀ ਵਧੀਆ ਲਗਦੀ ਹੈ। ਕਿਉਂ ਨਾ ਮੈਂ ਵੀ ਪੁਆ ਲਵਾਂ। ਉਹ ਨਾਮਦੇਵ ਜੀ ਨੂੰ ਆ ਕੇ ਕਹਿਣ ਲੱਗੀ, ਨਾਮਦੇਵ ਜੀ! ਤੁਹਾਡਾ ਜਿਹੜਾ ਬੇਢੀ ਸੀਗਾ ਉਹ ਤਾਂ ਬਹੁਤ ਹੀ ਕਮਾਲ ਦਾ ਸੀ। ਸਾਰਾ ਪਿੰਡ ਉਹਦੀ ਤਾਰੀਫ ਕਰਦੈ। ਦੇਖ ਤੂੰ ਪਤਾ ਨਹੀਂ ਕਿੰਨੀ ਕੁ ਮਜ਼ਦੂਰੀ ਦਿਤੀ ਹੋਵੇ। ਤੈਨੂੰ ਪਤਾ ਹੀ ਹੈ ਕਿ ਮੈਂ

ਕਿੰਨੀ ਅਮੀਰ ਹਾਂ ਤੇ ਮੈਂ ਤਾਂ ਬਹੁਤ ਮਜ਼ਦੂਰੀ ਦੇ ਸਕਦੀ ਹਾਂ। ਤੂੰ ਮੈਨੂੰ ਦਸ ਕਿ ਉਹ ਬੇਢੀ ਕਿੱਥੇ ਹੈ। ਕਿਉਂਕਿ ਮੈਂ ਵੀ ਇਕ ਛਪਰੀ ਬਣਾਉਣੀ ਚਾਹੁੰਦੀ ਹਾਂ। ਕਹਿੰਦੀ ਤੁਹਾਡੇ ਤੋਂ ਦੁਗਣੀ ਮਜ਼ਦੂਰੀ ਦੇ ਦਊਂਗੀ –

*ਪਾੜ ਪੜੋਸਣਿ ਪੂਛਿ ਲੇ ਨਾਮਾ*
*ਕਾ ਪਹਿ ਛਾਨਿ ਛਵਾਈ ਹੋ॥*
*ਤੋ ਪਹਿ ਦੁਗਣੀ ਮਜੂਰੀ ਦੈਹਉ*
*ਮੋ ਕਉ ਬੇਢੀ ਦੇਹੁ ਬਤਾਈ ਹੋ ॥ ਅੰਗ- ੬੫੭*

ਹੁਣ ਨਾਮਦੇਵ ਜੀ ਕਹਿਣ ਲੱਗੇ, ਬੀਬੀ! ਜਿਹਨੇ ਛਪਰੀ ਬਣਾਈ ਹੈ ਉਹਦੇ ਬਾਰੇ ਗੱਲ ਕਰਦੀ ਹੈਂ? ਕਿ ਉਹ ਕਿੱਥੇ ਰਹਿੰਦੈ?

ਕਹਿੰਦੇ, ਸਾਧੂ ਸੰਤ ਤਾਂ ਦਿਨ ਰਾਤ ਰੌਲਾ ਪਾਈ ਜਾਂਦੇ ਨੇ, ਉਹਦਾ ਪਤਾ ਦਸੀ ਜਾਂਦੇ ਨੇ। ਪਰ ਸੰਸਾਰ ਐਨਾ ਬਉਲਾ ਹੈ ਕਿ ਇਹ ਸਮਝਣ ਦਾ ਯਤਨ ਹੀ ਨਹੀਂ ਕਰਦਾ। ਇਹਨਾਂ ਦੇ ਕੰਨਾਂ 'ਚ ਗੱਲ ਪਹੁੰਚਦੀ ਨਹੀਂ ਹੈ। ਕਹਿੰਦੇ, ਅਸੀਂ ਤਾਂ ਸਾਰਾ ਪਤਾ ਦਿਨ ਰਾਤ ਦਸਦੇ ਹਾਂ। ਪਰ ਸਾਡੇ ਦਸੇ ਹੋਏ ਪਤੇ ਦੇ ਉਤੇ ਵਿਸ਼ਵਾਸ਼ ਨਹੀਂ ਕੋਈ ਕਰਦਾ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਬੇਢੀ ਸਾਰੀਆਂ ਘਟਾਂ ਦੇ ਵਿਚ ਵਸਦਾ,*
*ਉਹਦੇ ਬਿਨਾਂ ਹੋਰ ਕੋਈ ਨਾ।*

*ਰੀ ਬਾਈ ਬੇਢੀ ਦੇਨੁ ਨ ਜਾਈ ॥ ਅੰਗ- ੬੫੭*

ਉਹ ਦੇਈਏ ਤਾਂ, ਤਾਂ ਜੇ ਉਹ ਕਿਤੋਂ ਆਉਂਦਾ ਹੋਵੇ। ਉਹ ਤਾਂ ਤੇਰੇ ਅੰਦਰ, ਹਰ ਥਾਂ ਦੇ ਅੰਦਰ, ਜਿਧਰ ਵੀ ਦੇਖਦੀ ਹੈਂ –

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥*
*ਅੰਗ- ੨੯੩*

ਕਹਿੰਦੇ, ਰੀ ਬਾਈ! ਉਹ ਦਿਤਾ ਨਹੀਂ ਜਾਂਦਾ, ਉਹ ਆਪੇ ਆਇਆ ਕਰਦੈ। ਆਉਂਦਾ ਉਹਨਾਂ ਦੇ ਕੋਲ ਹੈ ਜਿਹੜੇ ਉਹਦੇ ਨਾਲ ਮਿਲੇ ਹੋਏ ਨੇ, ਜਿਹੜੇ ਉਹਨੂੰ ਚਾਹੁੰਦੇ ਨੇ।

ਤੁਸੀਂ ਤਾਂ ਚਾਹੁੰਦੇ ਹੀ ਨਹੀਂ, ਤੂੰ ਤਾਂ ਛੱਪਰੀ ਚਾਹੁੰਦੀ ਹੈਂ। ਮੈਂ ਛੱਪਰੀ ਨਹੀਂ ਸੀ ਚਾਹੁੰਦਾ, ਮੈਂ ਬੇਢੀ ਨੂੰ ਚਾਹੁੰਦਾ ਹਾਂ। ਫਰਕ ਐਨਾ ਕੁ ਹੈ।

ਸੰਸਾਰ ਪੈਸੇ ਚਾਹੁੰਦੈ, ਕਾਰੋਬਾਰ ਚਾਹੁੰਦੈ, ਸਿਹਤ ਚਾਹੁੰਦੈ, ਤਰੱਕੀਆਂ ਚਾਹੁੰਦੈ, ਮਾਲਕ ਨੂੰ ਤਾਂ ਕੋਈ ਨਹੀਂ ਚਾਹੁੰਦਾ। ਸੋ ਕਹਿਣ ਲੱਗੇ, ਮਜੂਰੀ ਦੇਣ ਦੀ ਲੋੜ ਨਹੀਂ ਹੈ। ਉਹ ਦਿਤਾ ਨਹੀਂ ਜਾਂਦਾ –

*ਦੇਖੁ ਬੇਢੀ ਰਹਿਓ ਸਮਾਈ ॥ ਅੰਗ- ੬੫੭*

ਜਿਧਰ ਵੀ ਤੂੰ ਦੇਖਦੀ ਹੈਂ ਓਧਰ ਓਹੀ ਸਮਾਇਆ ਹੋਇਐ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਅੰਗ – ੬੭੭*

ਆਹ ਖਾਲੀ ਥਾਂ ਦੇ ਵਿਚ, ਮੇਰੇ ਤੇਰੇ ਵਿਚ, ਕਹਿੰਦੇ ਓਹੀ ਸਮਾਇਆ ਹੋਇਐ, ਕੋਈ ਖਾਲੀ ਥਾਉਂ ਨਹੀਂ ਹੈ। ਸਾਰੀ ਜਗ੍ਹਾਂ ਉਹੀ ਸਮਾਇਆ ਹੋਇਐ। ਪਰ ਤੈਨੂੰ ਤਾਂ ਯਕੀਨ ਨਹੀਂ ਮੇਰੀ ਗੱਲ 'ਤੇ ਆਉਣਾ।

ਕਹਿੰਦੀ, ਨਾ ਮੈਨੂੰ ਕੋਈ ਯਕੀਨ ਨਹੀਂ। ਉਹ ਤਾਂ ਮਨੁੱਖ ਸੀਗਾ, ਨਾਮਦੇਵ!

ਕਹਿੰਦੇ, ਉਹ ਸਭ ਕੁਛ ਹੀ ਹੈ। ਜਿੰਨਾਂ ਕੁਛ ਵੀ ਤੈਨੂੰ ਨਜ਼ਰ ਆਉਂਦੈ, ਉਸ ਤੋਂ ਬਗੈਰ ਹੈ ਹੀ ਕੋਈ ਨਹੀਂ।ਸੋ ਇਸ ਕਰਕੇ ਉਹ ਦਿਤਾ ਨਹੀਂ ਜਾਂਦਾ। ਉਹ ਤਾਂ ਮੇਰੇ ਐਨਾ ਨੇੜੇ ਹੈ –

*ਹਮਾਰੈ ਬੇਢੀ ਪ੍ਰਾਨ ਅਧਾਰਾ ॥ ੧ ॥ ਰਹਾਉ ॥*
*ਅੰਗ- ੬੫੭*

ਉਹ ਤਾਂ ਮੇਰੇ ਪ੍ਰਾਣਾਂ ਦਾ ਅਧਾਰ ਹੈ। ਮੈਂ ਉਸ ਤੋਂ ਬਗੈਰ ਇਕ ਸਕਿੰਟ ਵੀ ਜਿਉਂਦਾ ਨਹੀਂ ਰਹਿ ਸਕਦਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਪਹਿਲੀ ਉਦਾਸੀ ਤੋਂ ਬਾਅਦ ਜਦੋਂ ਆਏ, ਮਾਤਾ ਜੀ ਨੂੰ ਪਤਾ ਲੱਗਿਆ, ਚੰਦ੍ਰਭਾਨ ਜਿਹੜੇ ਸੀਗੇ ਸੰਧੂ, ਬਾਲੇ ਦੇ ਪਿਤਾ ਜੀ। ਹੁਣ ਤਾਂ ਆਹੀ ਗੱਲ ਚੱਲ ਪਈ ਕਿ ਭਾਈ ਬਾਲਾ ਹੋਇਆ ਹੀ ਨਹੀਂ। ਜਿਹੜਾ ਉਠਦੈ ਕਹਿ ਦਿੰਦੈ। ਜੇ ਉਹਨੂੰ ਕਹੇ ਕਿ ਤੇਰਾ ਪੰਦਰਵਾਂ ਦਾਦਾ ਹੈ ਹੀ ਨਹੀਂ ਸੀ, ਜਿਹੜਾ ਤੇਰੇ ਪੰਦਰਵੇਂ ਦਾਦੇ ਦਾ ਪਿਉ ਸੀ ਉਹਦੇ ਉਲਾਦ ਹੀ ਨਹੀਂ ਸੀ। ਹੁਣ ਉਹਨੂੰ ਪੁਛੇ ਕੋਈ ਕਿ ਪੋਤਾ ਕਿਥੋਂ ਆ ਗਿਆ।

ਇਕ ਜਗ੍ਹਾ ਮੈਂ ਪੜ੍ਹਿਆ ਕਿ ਬਾਬਾ ਬੁੱਢਾ ਜੀ ਕੋਲ ਮਾਤਾ ਜੀ ਨੂੰ ਕਿਉਂ ਭੇਜਿਆ, ਗੁਰੂ ਪੰਜਵੇਂ ਪਾਤਸ਼ਾਹ ਨੇ। ਉਹ ਤਾਂ ਆਪ ਹੀ ਪੁੱਤਰ ਦੀ ਦਾਤ ਦੇ ਸਕਦੇ ਸੀ। ਬਾਬਾ ਬੁੱਢਾ ਜੀ ਨੂੰ ਕੱਢ ਰਹੇ ਨੇ ਇਤਿਹਾਸ 'ਚੋਂ। ਕਹਿੰਦੇ ਇਹ ਅਸਲੀ ਸਿੱਖੀ ਆ ਰਹੀ ਹੈ। ਇਤਿਹਾਸ ਅਸੀਂ ਅਸਲੀ ਲਿਆ ਰਹੇ ਹਾਂ। ਐਸੀਆਂ ਬੇਹੂਦਾ, ਬੇ

ਸਿਰ ਪੈਰ ਗੱਲਾਂ ਇਹ ਲੋਕ ਕਰਦੇ ਨੇ। ਬਾਤ ਚਲਦੀ ਨਹੀਂ ਹੈ।

ਸੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਆਏ, ਭਾਈ ਬਾਲੇ ਦੇ ਖੂਹ 'ਤੇ ਬੈਠ ਗਏ। ਭਾਈ ਬਾਲਾ ਜੀ ਸੇਵਾ ਕਰਦੇ ਨੇ। ਭਾਈ ਮਰਦਾਨਾ ਮਾਤਾ ਜੀ ਨੂੰ ਮਿਲਣ ਵਾਸਤੇ ਚਲਿਆ ਗਿਆ। ਗੁਰੂ ਜੀ ਕਹਿੰਦੇ, ਮਰਦਾਨਿਆਂ! ਸਾਡੀ ਖਬਰ ਨਾ ਦੇਈਂ।

ਭਾਈ ਮਰਦਾਨੇ ਦਾ ਲਗ ਗਿਆ ਪਤਾ, ਮਾਤਾ ਜੀ ਨੇ ਇਕ ਦਮ ਭਾਈ ਮਰਦਾਨੇ ਨੂੰ ਬੁਲਾਇਆ। ਕਹਿਣ ਲੱਗੇ, ਨਾਨਕ ਨੂੰ ਕਿੱਥੇ ਛੱਡ ਆਇਆ। ਨਾਲ ਹੀ ਆਏ ਨੇ? ਹੋਰ ਗੱਲਾਂ ਸਾਰੀਆਂ ਦੱਸੀ ਜਾਂਦੈ ਭਾਈ ਮਰਦਾਨਾ। ਜਦੋਂ ਪੁਛਦੇ ਨੇ ਮਾਤਾ ਜੀ ਕਿ ਨਾਨਕ ਕਿੱਥੇ ਹੈ? ਕੋਈ ਬਾਤ ਨਹੀਂ ਕਰਦਾ ਭਾਈ ਮਰਦਾਨਾ।

ਅਖੀਰ ਭਾਈ ਮਰਦਾਨਾ ਵਾਪਸ ਮੁੜ ਗਿਆ। ਕਹਿੰਦੇ, ਜ਼ਰੂਰ ਕੋਈ ਗੱਲ ਹੈ, ਜਿਹੜਾ ਐਨੀ ਛੇਤੀ ਮੁੜ ਗਿਆ। ਮਾਤਾ ਜੀ ਵੀ ਪਿੱਛੇ-ਪਿੱਛੇ ਤੁਰ ਪਏ ਉਸਦੇ। ਦੇਖਿਆ, ਤਾਂ ਆਪ ਖੂਹ ਕੋਲ ਬੈਠੇ ਨੇ।

ਮਹਾਰਾਜ ਜੀ ਨੂੰ ਮਾਤਾ ਜੀ ਮਿਲੇ। ਬਹੁਤ ਪਿਆਰ ਕੀਤਾ, ਬਿਹਬਲਤਾਈ ਹੋਈ ਬਹੁਤ, ਨੇਤਰਾਂ 'ਚੋਂ ਜਲ ਗਿਆ। ਮਹਾਰਾਜ ਜੀ ਨੂੰ ਲੈ ਆਂਦਾ। ਘਰ ਲਿਆ ਕੇ ਮਾਤਾ ਜੀ ਹੁਣ ਆਸ ਕਰਦੇ ਨੇ ਕਿ ਮੈਂ ਹੁਣ ਆਪਣੇ ਪੁੱਤਰ ਨਾਲ ਬਚਨ ਕਰਾਂ, 8-10 ਸਾਲਾਂ 'ਚ ਵਾਪਸ ਆਇਐ। ਪੁੱਛਾਂ ਤਾਂ ਸਹੀ ਕਿ ਕਿੱਥੇ-ਕਿੱਥੇ ਗਏ। ਮਾਤਾ ਜੀ ਸਵਾਲ ਕਰਦੇ ਨੇ। ਮਹਾਰਾਜ ਜੀ ਹਾਂ-ਹੂੰ ਕਹਿ ਕੇ ਗੱਲ ਨਿਬੇੜ ਦਿੰਦੇ ਨੇ। ਕੋਈ ਬਚਨ ਨਹੀਂ ਕਰ ਰਹੇ ਖੁਲ੍ਹ ਕੇ। ਅਖੀਰ ਮਾਤਾ ਜੀ ਨੇ ਸਵਾਲ ਕਰ ਦਿਤਾ। ਇਥੇ ਮੈਂ ਇਕ ਗਲਤੀ ਕੱਢਣੀ ਚਾਹੁੰਦਾ ਹਾਂ। ਉਹ ਇਹ ਹੈ ਕਈ ਬੋਲਣ ਵਾਲੇ, ਮੇਰੇ ਵਰਗੇ ਕਹਿ ਦਿੰਦੇ ਨੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੁੱਲ੍ਹ ਹਿਲਦੇ ਸੀਗੇ। ਉਹ ਬੁੱਲ੍ਹ ਤਾਂ ਹਿਲਦੇ ਸੀ ਕਿ ਵਾਹਿਗੁਰੂ-ਵਾਹਿਗੁਰੂ ਕਰਦੇ ਸੀ। ਉਹ ਕਿਉਂ ਕਹਿੰਦੇ ਨੇ, ਕਿਉਂਕਿ ਉਹਨਾਂ ਨੂੰ ਇਸ ਅਵਸਥਾ ਦਾ ਪਤਾ ਨਹੀਂ ਕਿ ਬੁੱਲ੍ਹਾਂ ਤੋਂ ਅਗਾਂਹਾਂ ਦਾ ਨਾਮ ਦਾ ਥਹੁ ਪਤਾ ਨਾ ਹੋਣ ਕਰਕੇ ਉਹ ਇਹੀ ਜਾਣਦੇ ਨੇ ਕਿ ਬੁੱਲ੍ਹ ਹਿਲਦੇ ਹੁੰਦੇ ਨੇ ਨਾਮ ਜਪਣ ਵਾਲੇ ਦੇ। ਇਹ ਤਾਂ ਅਵਸਥਾ ਬਹੁਤ ਪਹਿਲੀ ਜਮਾਤ ਦੀ ਹੈ। ਜਿਹੜੇ ਬੰਦਗੀ ਕਰਦੇ ਨੇ ਉਹ ਤਾਂ ਪ੍ਰਮੇਸ਼ਰ ਦੇ ਵਿਚ ਲੀਨ ਰਹਿੰਦੇ ਨੇ। ਅਭੇਦ ਅਵਸਥਾ 'ਚ ਰਹਿੰਦਿਆਂ ਹਰ ਵਕਤ ਵਾਹਿਗੁਰੂ 'ਚ ਇਸ ਤਰ੍ਹਾਂ ਰਹਿੰਦੇ ਨੇ ਜਿਵੇਂ ਪਾਣੀ 'ਚ ਮੱਛੀ। ਉਹ ਜਪਣ ਦੀ ਲੋੜ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* *ਅੰਗ- ੧੨੫੬*

ਨਾ ਜੀਭ ਹਿੱਲੇ, ਨਾ ਬੁੱਲ੍ਹ ਹਿੱਲਣ। ਨਾ ਕੋਈ ਅਵਾਜ਼ ਆਵੇ। ਉਹ ਨਾਮ ਕਿਹੋ ਜਿਹਾ ਹੈ ਜਿਹੜਾ ਫੇਰ ਵੀ ਜਪਿਆ ਜਾਵੇ -

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਅੰਗ - ੧੨੯੧*

ਸੋ ਕਹਿਣ ਲੱਗੀ, ਬੇਟਾ! ਗੱਲ ਦਾ ਜਵਾਬ ਨਹੀਂ ਦਿੰਦਾ। ਕੀ ਗੱਲ ਹੈ? ਤੂੰ ਕੁਛ ਸੋਚਦਾ ਹੈਂ?

ਕਹਿੰਦੇ, ਨਹੀਂ ਮਾਤਾ। ਮੈਂ ਸੋਚਦਾ ਨਹੀਂ ਹਾਂ। ਮੈਂ ਤਾਂ ਪ੍ਰਮੇਸ਼ਰ ਦੇ ਨਾਮ ਦੇ ਵਿਚ ਹਾਂ। ਨਾਮ ਜਪਦਾਂ, ਨਾਮ ਸੁਣਦਾਂ।

ਮਾਤਾ ਜੀ ਕਹਿੰਦੇ, ਤੂੰ ਮੇਰੇ ਨਾਲ ਤਾਂ ਗੱਲ ਕਰ ਲੈ?

ਕਹਿੰਦੇ, ਮਾਤਾ! ਜੇ ਮੈਂ ਇਹ ਬਾਤ ਕਰਾਂ, ਤਾਂ ਮੈਂ ਜਿਉਂਦਿਆਂ 'ਚ ਨਹੀਂ ਰਹਿੰਦਾ, ਮੁਰਦਿਆਂ 'ਚ ਹੋ ਜਾਂਦਾਂ। ਮੇਰਾ ਜੀਵਨ ਹੀ ਉਹਦੇ ਆਖਣ ਵਿਚ ਹੈ -

*ਧਾਰਨਾ - ਆਖਾ ਜੀਵਾ ਵਿਸਰੇ ਮਰ ਜਾਵਾਂ।*

*ਆਖਾ ਜੀਵਾ ਵਿਸਰੈ ਮਰਿ ਜਾਉ ॥* *ਅੰਗ- ੯*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ - ੭੦੮*

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* *ਅੰਗ - ੧੪੨*

ਕਹਿੰਦੇ, ਨਾਮ ਤੋਂ ਬਿਨਾਂ ਤਾਂ ਜੀਵਨ ਹੁੰਦਾ ਹੀ ਨਹੀਂ। ਸੋ ਮੈਂ ਨਾਮ ਆਖਦਾਂ। ਇਕ ਵਾਰੀ ਨਾਮ ਅੰਦਰ ਵਸ ਜਾਵੇ, ਨਾਮ ਛੁਟਿਆ ਨਹੀਂ ਕਰਦਾ। ਫੇਰ ਨਾਮ ਤੋਂ ਦੂਰ ਨਹੀਂ ਜਾ ਸਕਦਾ।

ਝਗੜਾ ਕੀ ਸੀ ਪ੍ਰਹਿਲਾਦ ਦਾ ਤੇ ਹਰਨਾਖਸ਼ ਦਾ? ਉਹ ਕਹਿੰਦਾ ਸੀ ਕਿ ਤੂੰ ਰਾਮ ਨਾ ਕਹਿ। ਉਹ ਕਹਿੰਦਾ, ਮੈਂ ਕੀ ਕਹਾਂ, ਰਾਮ ਮੇਰੇ ਸਰੀਰ 'ਚ ਐਨਾ ਸਮਾਅ ਗਿਆ। ਮੈਂ ਤਾਂ ਹੁਣ ਕਹਿੰਦਾ ਹੀ ਨਹੀਂ ਹਾਂ। ਮੇਰੇ ਤਾਂ ਆਪੇ ਹੀ ਅੰਦਰੋਂ ਰਾਮ-ਰਾਮ ਇਸ ਤਰ੍ਹਾਂ ਚਲਦੈ ਜਿਵੇਂ ਉੱਭਲ ਚਲਦੀ ਹੁੰਦੀ ਹੈ। ਹੁਣ ਮੇਰੇ ਕਹਿਣ ਕਹਾਉਣ ਦੀ ਬਾਤ ਨਹੀਂ ਹੈ।

ਮਾਂ ਕਹਿੰਦੀ ਹੈ ਕਿ ਬੇਟਾ! ਐਨਾ ਝਗੜਾ ਵਧ

ਗਿਆ, ਤੈਨੂੰ ਸੱਪਾਂ ਵਾਲੇ ਕੋਠੇ 'ਚ ਰੱਖਿਆ। ਹਨ੍ਹੇਰੇ ਸੈਲਾਂ 'ਚ ਰੱਖਿਆ। ਤੈਨੂੰ ਪਹਾੜ ਦੇ ਉਤੋਂ ਸੁੱਟਿਆ। ਪਾਣੀ ਦੇ ਵਿਚ ਡੋਬਿਆ। ਝਗੜਾ ਕਿਹੜੀ ਗੱਲ ਦਾ ਹੈ। ਅੱਗ ਦੇ ਵਿਚ ਤੈਨੂੰ ਬਿਠਾਇਆ –

*ਜਲ ਅਗਨੀ ਵਿਚ ਘਤਿਆ ਜਲੇ ਨ ਡੁਬੇ ਗੁਰ ਪਰਸਾਦਿ॥*
*ਭਾਈ ਗੁਰਦਾਸ ਜੀ*

ਹੁਣ ਤੇਰਾ ਪਿਉ ਬਹੁਤ ਕ੍ਰੋਧਿਤ ਹੋ ਗਿਆ। ਮੈਂ ਜਾਣਦੀ ਹਾਂ ਤੇਰੇ ਪਿਤਾ ਨੂੰ। ਮਾੜ੍ਹੀ ਜਿਹੜੀ ਗੱਲ ਦਾ ਝਗੜਾ ਹੈ, ਤੂੰ ਵੀ ਆਪਣੇ ਹੱਠ ਤੇ ਅੜਿਆ ਹੋਇਆ ਹੈਂ ਤੇ ਗੱਲ ਕੀ ਹੈ?

ਕਹਿੰਦਾ, ਮਾਤਾ! ਤੂੰ ਕਹਿਣਾ ਕੀ ਚਾਹੁੰਦੀ ਹੈਂ? ਦੱਸ ਤਾਂ ਸਹੀ। ਕਹਿਣ ਲੱਗੀ –

*ਧਾਰਨਾ – ਛੱਡ ਦੇ ਬਾਣ ਨੂੰ ਰਾਮ ਦੇ ਆਖਣ ਵਾਲੀ।*

ਬੇਟਾ! ਐਨਾ ਹੀ ਝਗੜਾ ਹੈ। ਤੂੰ ਰਾਮ-ਰਾਮ ਕਹਿਨੈਂ ਤੇਰਾ ਪਿਤਾ ਨਰਾਜ਼ ਹੈ। ਤੂੰ ਮੇਰਾ ਪੁੱਤਰ ਹੈਂ, ਤੈਨੂੰ ਮੈਂ ਕਹਿ ਸਕਦੀ ਹਾਂ। ਉਹਨੂੰ ਨਹੀਂ ਮੈਂ ਕੁਛ ਕਹਿ ਸਕਦੀ। ਉਹਨੂੰ ਮੈਂ ਬਥੇਰੀਆਂ ਬੇਨਤੀਆਂ ਕਰਕੇ ਥੱਕ ਗਈ ਹਾਂ। ਉਹ ਤਾਂ ਆਪਣੀ ਜਿੱਦ ਦੇ ਉਤੇ ਕਾਇਮ ਹੈ ਕਿ ਮੈਂ ਆਪਣੇ ਰਾਜ ਦੇ ਵਿਚ ਕਿਸੇ ਨੂੰ ਰਾਮ ਦਾ ਨਾਮ ਨਹੀਂ ਲੈਣ ਦੇਣਾ।

*ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ ॥*
*ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ ॥*
*ਅੰਗ- ੧੧੩੩*

ਕਾਹਨੂੰ ਐਵੇਂ ਜੀਅ ਨੂੰ ਤੰਗ ਕਰਦੈਂ। ਬਹੁਤ ਡਾਹਢਾ ਹੈ। ਛੱਡ ਦੇ ਤੂੰ ਰਾਮ-ਰਾਮ ਨਾ ਕਰ।

*ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥*
*ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ ॥ ੨ ॥*
*ਅੰਗ- ੧੧੩੩*

ਹੁਣ ਮੈਂ ਕਿਵੇਂ ਛੱਡ ਦੇਵਾਂ। ਰਾਮ ਤਾਂ ਜਿੱਧਰ ਮੈਂ ਝਾਕਦਾ ਹਾਂ ਓਧਰ ਵੀ ਰਾਮ ਹੈ। ਜੋ ਕੁਛ ਮੈਂ ਸੁਣਦਾ ਹਾਂ, ਉਹ ਸਾਰੇ ਹੀ ਰਾਮ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ੩ ॥*
*ਅੰਗ- ੧੨੬੫*

*'ਚਲਦਾ......।'*

*(ਪੰਨਾ 13 ਦੀ ਬਾਕੀ)*

ਹੋ ਗਏ ਕਿ ਉਨ੍ਹਾਂ ਨੂੰ ਆਪਣਾ ਮਾਰਗ ਹੀ ਭੁੱਲ ਜਾਂਦਾ ਹੈ ਅਤੇ ਪ੍ਰਭੂ ਗਿਆਨ ਤੋਂ ਕ੍ਰੋੜਾਂ ਕੋਹਾਂ ਦੂਜੇ ਪਾਸੇ ਨੂੰ ਚਲੇ ਜਾਂਦੇ ਹਨ। ਮੁਕਤੀ ਦੀ ਆਸਾ ਛੱਡ ਕੇ ਦੁਨੀਆਂ ਵਿਚ ਮਹਿਮਾ ਲਈ ਜਿਉਂਦੇ ਹਨ ਅਤੇ ਲੋਭ ਵਿਚ ਫਸ ਕੇ ਅਮੁਲਾ। ਨਾਮ ਹੀਰਾ ਗੁਆ ਬੈਠਦੇ ਹਨ। ਗਿਆਨੀ ਮੋਹਨ ਸਿੰਘ ਜੀ ਨੇ ਜਿਨ੍ਹਾਂ ਨੇ ਰੂਹਾਨੀ ਸੰਦੇਸ਼ ਲਿਖਿਆ ਹੈ, ਇਕ ਥਾਂ ਲਿਖਦੇ ਹਨ –

***ਬਾਰਹ ਬਰਸ ਹਮ ਕਾਸੀ ਬਾਸੀ ਹੋਇ ਕਰ,***
***ਦਧੀ ਜਿਉਂ ਬਿਲੋਏ ਬੇਦ ਕਸਰ ਨ ਰਾਈ ਹੈ।***
***ਪੂਰਬ ਮੀਮਾਂਸਾ ਪੁਨ ਉਤਰ ਮੀਮਾਂਸਾ ਪੜ੍ਹਿਓ,***
***ਐਸੀ ਕੌਣ ਬਾਤ ਹੈ***
***ਜੋ ਹਮ ਕੋ ਨ ਆਈ ਹੈ।***
***ਨਿਆਇ ਮੇ ਨ ਬੋਲਣੇ ਦੇਊਂ***
***ਬ੍ਰਹਮਾ ਕਿਉਂ ਨ ਹੋਵੇ ਭਾਵੇਂ,***
***ਸਾਂਖ ਔ ਪਤੰਜਲ ਕੀ ਧੂੜ ਸੀ ਉਡਾਈ ਹੈ।***
***ਕਹੇ ਤੋ ਮੁਕੰਦ ਏਕ***
***ਲੋਭ ਖੂਬੀ ਬਲੀ ਦੇਖਿਓ,***
***ਧਨੀ ਅਗੇ ਕੂਕਰ ਜੈਸੀ ਪੂੰਛਰੀ ਹਿਲਾਈ ਹੈ।***

ਇਹ ਸਾਰੀਆਂ ਲਾਲਸਾਵਾਂ ਮੋਖ ਪੰਥ ਦੀਆਂ ਵੈਰਨਾਂ ਹੋਇਆ ਕਰਦੀਆਂ ਹਨ ਪਰ ਸੰਤ ਮਹਾਰਾਜ ਜੀ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉਪਰ ਲੰਘ ਗਏ ਸਨ। ਜਦੋਂ ਦੀਰਘ ਵਿਚਾਰ ਕਰੀਦੀ ਹੈ ਤਾਂ ਇਹੀ ਅਨੁਭਵ ਹੁੰਦਾ ਹੈ ਕਿ ਆਪ ਧੁਰੋਂ ਦਰਗਾਹ ਤੋਂ ਭੇਜੇ ਗਏ ਸਨ ਅਤੇ ਲੱਖਾਂ ਜੀਵਾਂ ਦੇ ਦਿਲਾਂ ਨੂੰ ਜਿੱਤ ਕੇ ਪ੍ਰਭੂ ਭਗਤੀ ਵਲ ਲਾਇਆ। ਜਿਸ ਅਵਸਥਾ ਵਿਚ ਆਪ ਲੰਘ ਰਹੇ ਸਨ ਉਹ ਬਹੁਤ ਹੀ ਉਤਸ਼ਾਹਜਨਕ ਸੀ, ਘਾਲ ਕਮਾਈ ਕਰਦਿਆਂ ਆਪ ਇਕੋ ਹੀ ਲਗਨ ਵਿਚ ਲੱਗੇ ਹੋਏ ਸਨ ਕਿ ਵਸਲ (ਮਿਲਾਪ) ਤੋਂ ਉਰ੍ਹੇ ਕਿਸੇ ਥਾਂ ਠਹਿਰਨਾ ਨਹੀਂ ਹੈ। ਭਾਈ ਵੀਰ ਸਿੰਘ ਜੀ ਦੀ ਕਵਿਤਾ ਇਥੇ ਸਾਕਾਰ ਰੂਪ ਧਾਰਨ ਕਰ ਰਹੀ ਸੀ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,***
***ਓਹ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ***
***ਓਹ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ***
***ਹੈ ਟੋਰ ਅਨੰਤ ਉਨ੍ਹਾਂ ਦੀ –***
***ਵਸਲੋਂ ਉਰੇ ਮੁਕਾਮ ਨ ਕੋਈ***
***ਸੋ ਚਾਲ ਪਏ ਨਿਤ ਰਹਿੰਦੇ।***
***ਭਾਈ ਵੀਰ ਸਿੰਘ ਜੀ***

*'ਚਲਦਾ........।'*

# ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

ਸ਼ਾਨ..........................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਲਾਡ ਲਡਾਇਆ, ਤੇਰੇ ਭਰੋਸੇ ਮੈਂ।*
*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ ੧ ॥*
*ਸੁਹੇਲਾ ਕਹਨੁ ਕਹਾਵਨੁ ॥*
*ਤੇਰਾ ਬਿਖਮੁ ਭਾਵਨੁ ॥ ੧ ॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ*
*ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ ੨॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪ ॥੨੭॥ ੯੭॥*
*ਅੰਗ - ੫੧*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਮਹਾਰਾਜ ਕ੍ਰਿਪਾ ਕਰਨ, ਮਨ ਇਕਾਗਰ ਹੋਣ, ਚਿੱਤ ਦੀ ਇਕਾਗਰਤਾ ਦੇ ਨਾਲ ਹਰੀ ਦਾ ਜਸ ਕਰੀਏ। ਫੇਰ ਆਪਾਂ ਨੂੰ ਪੂਰਾ-ਪੂਰਾ ਫਾਇਦਾ - ***'ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥' (ਅੰਗ- 546)*** ਪ੍ਰਾਪਤ ਹੋਵੇਗਾ। ਸੰਸਾਰ ਦੇ ਅੰਦਰ ਉਹ ਪੁਰਸ਼ ਵੀ ਆਉਂਦੇ ਨੇ ਕਿ ਜਿਨ੍ਹਾਂ ਨੂੰ ਜ਼ਿੰਦਗੀ ਦੇ ਪਰਮ ਮਨੋਰਥ ਦਾ ਪਤਾ ਹੈ ਕਿ ਕਰੋੜਾਂ ਜਨਮਾਂ ਦੇ ਭਰਮਣ ਕਰਨ ਤੋਂ ਬਾਅਦ ਮਨੁੱਖਾ ਸਰੀਰ ਸਾਨੂੰ ਪ੍ਰਾਪਤ ਹੋਇਆ ਹੈ। ਇਹਦੀ ਸਫ਼ਲਤਾ ਕਿਸ ਤਰ੍ਹਾਂ ਹੋ ਸਕਦੀ ਹੈ? ਕਿਸ ਤਰ੍ਹਾਂ ਅਸੀਂ ਜੰਮਣ ਮਰਣ ਦੇ ਚੱਕਰ 'ਚੋਂ ਨਿਕਲ ਸਕਦੇ ਹਾਂ। ਇਹ ਉਹਨਾਂ ਦੇ ਵਿਚਾਰ ਨੇ। ਉਹਦੇ ਵਾਸਤੇ ਉਹ ਯਤਨ ਕਰਦੇ ਨੇ। ਜਿਹੋ ਜਿਹੀ ਸੋਝੀ ਗੁਰੂ ਮਹਾਰਾਜ ਨੇ ਉਹਨਾਂ ਨੂੰ ਬਖਸ਼ੀ ਹੈ -

*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥* *ਅੰਗ- ੨੭੫*

ਜਿਹੋ ਜਿਹੀ ਮਤ ਦਿਤੀ ਹੈ ਉਹਦੇ ਮੁਤਾਬਿਕ ਉਹ ਕੋਸ਼ਿਸ਼ ਕਰਦੇ ਨੇ। ਦੂਸਰੇ ਉਹ ਨੇ ਜਿਨ੍ਹਾਂ ਨੂੰ ਇਸ ਗੱਲ ਦੀ ਕੋਈ ਸੋਝੀ ਨਹੀਂ ਹੈ। ਉਹ ਭੋਗੀ ਤੇ ਵਿਸ਼ਈ ਦੋ ਕਿਸਮਾਂ ਦੇ ਬੰਦੇ ਹੁੰਦੇ ਨੇ। ਭੋਗਾਂ ਦੇ ਵਿਚ ਪੈ ਕੇ, ਵਿਸ਼ਿਆਂ ਦੇ ਵਿਚ ਪੈ ਕੇ, ਆਪਣਾ ਜਨਮ ਬਰਬਾਦ ਕਰ ਦਿੰਦੇ ਨੇ। ਜਾਣਾ ਸਭ ਨੇ ਹੈ, ਇਕ ਜਿੱਤ ਕੇ ਜਾਂਦੇ ਨੇ, ਇਕ ਹਾਰ ਕੇ ਜਾਂਦੇ ਨੇ। ਮਹਾਰਾਜ ਕਹਿੰਦੇ, ਪਿਆਰਿਆ! ਤੈਨੂੰ ਪਤਾ ਨਾ ਲੱਗ ਸਕਿਆ, ਜ਼ਿੰਦਗੀ ਭਰ ਕਿ ਜੀਵਨ ਦਾ ਮਨੋਰਥ ਕੀ ਹੈ ਤੇ ਇਹਦੀ ਸਫ਼ਲਤਾ ਕੀ ਹੁੰਦੀ ਹੈ? ਤੂੰ ਤਾਂ ਵਿਸ਼ੇ ਵਿਕਾਰਾਂ ਦੇ ਵਿਚ ਪੈ ਕੇ ਆਪਣਾ ਜਨਮ ਹਾਰ ਦਿਤਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਜਨਮ ਹਾਰ 'ਤਾ ਜੂਏ ਦੇ ਵਿਚ ਗਾਫ਼ਲਾ,*
*ਜਪਿਆ ਨਾ, ਨਾਮ ਰੱਬ ਦਾ।*

ਜਿਸ ਕੰਮ ਨੂੰ ਕਰਨ ਵਾਸਤੇ ਸੰਸਾਰ 'ਚ ਆਇਐਂ, ਉਹ ਇਹ ਹੈ ਕਿ ਪ੍ਰਮੇਸ਼ਰ ਦਾ ਨਾਮ ਜਪ ਕੇ ਆਪਣੇ ਅੰਦਰ ਦੀ ਜੋ ਅਵਸਥਾ ਹੈ, ਉਸ ਨੂੰ ਪ੍ਰਾਪਤ ਕਰੇ। ਹਉਮੈ ਦਾ ਰੋਗ ਜੋ ਇਸ ਨੂੰ ਲੱਗਿਆ ਹੋਇਆ ਹੈ ਉਹ ਨਾਮ ਜਪ ਕੇ ਨਾਸ਼ ਕਰੇ। ਆਪਣੇ ਸਰੂਪ ਨੂੰ ਪਛਾਣ ਕੇ, ਪ੍ਰਮੇਸ਼ਰ ਨੂੰ ਆਪਣੇ ਅੰਦਰੋਂ ਹੀ ਮਿਲ ਕੇ, ਸੰਸਕਾਰਾਂ ਨੂੰ ਕੱਟ ਕੇ, ਕਰਮਾਂ ਨੂੰ ਕੱਟ ਕੇ, ਆਉਣ ਜਾਣ ਦਾ ਚੱਕਰ ਕੱਟ ਕੇ, ਪਰਮ ਅਵਸਥਾ ਸਤਿ, ਚਿੱਤ, ਅਨੰਦ ਦੀ ਪ੍ਰਾਪਤ ਕਰਕੇ ਪਰਮ ਸੁਖੀ ਹੋਵੇ। ਮਹਾਰਾਜ ਕਹਿੰਦੇ, ਇਹ ਨਹੀਂ ਇਹ ਕੰਮ ਕਰਦਾ। ਐਵੇਂ ਹੀ ਦਿਨ ਤੇ ਰਾਤ ਗੁਜ਼ਾਰ ਦਿੰਦੈ। ਕਹਿੰਦੇ, ਵਿਸ਼ਿਆਂ ਦੇ ਵਿਚ ਲਿਪਤ ਜਿਹੜਾ ਪ੍ਰਾਣੀ ਹੈ, ਪੁੱਤਰਾਂ, ਧੀਆਂ, ਜ਼ਮੀਨਾਂ, ਜਾਇਦਾਦਾਂ, ਅਹੁਦਿਆਂ ਤੇ ਹੋਰ ਅਨੇਕ ਸੰਸਾਰਕ ਵਸਤੂਆਂ ਦੇ ਵਿਚ ਜੋ ਪਰਚਿਆ ਹੋਇਆ ਹੈ, ਉਹਨੂੰ ਮਹਾਰਾਜ ਵਿਸ਼ਈ ਕਹਿੰਦੇ ਨੇ। ਕਹਿੰਦੇ, ਐਵੇਂ ਹੀ ਦਿਨ 'ਤੇ ਰਾਤ ਇਸ ਦਾ ਜ਼ਾਇਆ ਹੁੰਦਾ ਚਲਿਆ ਜਾਂਦਾ ਹੈ -

*ਗੋਬਿੰਦੁ ਨ ਭਜੈ ਅਹੰਬੁਧਿ ਮਾਤਾ*
*ਜਨਮੁ ਜੂਐ ਜਿਉ ਹਾਰੈ ॥ ੧ ॥ ਰਹਾਉ ॥*
*ਅੰਗ- ੧੨੦੫*

ਐਨਾ ਅਭਿਮਾਨ ਹੈ ਇਹਦੇ ਅੰਦਰ, ਉਹਦੇ ਵਿਚ ਮੱਥਿਆ ਪਿਐ ਤੇ ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ। ਇਸ ਨੂੰ ਇਕ ਵਾਧੂ ਚੀਜ਼ ਸਮਝਦੈ। ਕਹਿੰਦੈ, ਹੈ ਕੀ ਇਸ ਦਾ ਫੇਰ ਫਲ? 'ਜਨਮੁ ਜੂਐ ਜਿਉ ਹਾਰੈ।' ਜਨਮ ਹਾਰ ਰਿਹੈ ਜਿਵੇਂ ਜੂਏ 'ਚ ਦਾਅ ਲਾ ਦੇਈਦੈ।

ਜੂਆ ਪਾਂਡਵਾਂ ਦਾ ਮਸ਼ਹੂਰ ਹੈ। ਇਕ ਸ਼ਕੂਨੀ ਨਾਮ ਦਾ ਬਹੁਤ ਹੀ ਚਤੁਰ ਬੰਦਾ, ਦੁਰਯੋਧਨ ਦਾ ਮਾਮਾ ਮਾਹਿਰ ਸੀ ਉਹ ਇਸ ਗੱਲ 'ਚ। ਉਸ ਦੇ ਪਾਸੇ ਜਿਹੜੇ ਸੀ ਉਹ ਸਪੈਸ਼ਲ ਕਿਸਮ ਦੇ ਬਣੇ ਹੋਏ ਸੀ। ਉਹ ਹਮੇਸ਼ਾ ਹੀ ਪਾਊਂ ਬਾਰ੍ਹਾਂ ਪੈਂਦੀਆਂ ਸੀ। ਕਿਸੇ ਪਾਸਿਓਂ ਕਿਵੇਂ ਹੀ ਸੁੱਟ ਦਿਓ, ਉਥੇ ਹੀ ਆ ਕੇ ਠਹਿਰਦੀਆਂ ਸੀ। ਉਸ ਨੇ ਪਾਂਡਵਾਂ ਦੇ ਨਾਲ ਜੂਆ ਖਲ੍ਹਾਇਆ ਕੌਰਵਾਂ ਨੂੰ। ਇਥੇ ਤੱਕ ਹਾਰ ਗਏ ਕਿ ਰਾਜ ਵੀ ਹਾਰ ਦਿਤਾ। ਆਪਣੇ ਤਾਜ ਵੀ ਹਾਰ ਦਿਤੇ। ਆਪਣੇ ਆਪ ਨੂੰ ਗੁਲਾਮ ਕਰ ਲਿਆ। ਆਪਣੇ ਆਪ ਨੂੰ ਵੀ ਹਾਰ ਦਿਤਾ, ਦਰੋਪਤੀ ਨੂੰ ਵੀ ਹਾਰ ਦਿਤਾ। ਇਕ ਥੋੜ੍ਹਾ ਜਿਹਾ ਸਮਾਂ ਲੱਗਿਆ, ਬਹੁਤਾ ਨਹੀਂ, ਆਪਣੀ ਸਾਰੀ ਜ਼ਿੰਦਗੀ ਬਰਬਾਦ ਕਰ ਲਈ। ਮਹਾਰਾਜ ਕਹਿੰਦੇ, ਇਸੇ ਤਰ੍ਹਾਂ ਇਹ ਜੀਵ ਆਪਣੇ ਜੀਵਨ ਨੂੰ ਬਰਬਾਦ ਕਰ ਲੈਂਦੈ। ਦੂਸਰਿਆਂ ਨੂੰ ਮੱਤਾਂ ਦਿੰਦੈ ਕਿ ਨਹੀਂ ਇਹਨੂੰ ਖੇਲ੍ਹਣਾ ਚਾਹੀਦਾ ਸੀ ਜੂਆ। ਗਲਤ ਬਾਤ ਕਰੀ ਇਹਨਾਂ ਨੇ। ਲੇਕਿਨ ਆਪ ਉਸੇ ਖੇਲ੍ਹ ਦੇ ਵਿਚ ਪਿਆ ਰਿਹਾ। ਚੌਵੀ ਹਜ਼ਾਰ ਸਵਾਸਾਂ ਨੂੰ ਰੋਜ਼ ਹਾਰ ਦਿੰਦਾ ਸੀ। ਸੌ ਸਾਲ ਦੀ ਉਮਰ ਹੋਵੇ ਤਾਂ 88 ਕਰੋੜ 66 ਲੱਖ ਸਵਾਸ ਹੋਇਆ ਕਰਦੇ ਨੇ ਸਾਰੀ ਉਮਰ ਦੇ। 75 ਸਾਲ ਦੀ ਉਮਰ ਹੋਵੇ 66 ਕਰੋੜ 44 ਲੱਖ ਸਵਾਸ ਆਇਆ ਕਰਦੇ ਨੇ। ਇਹ ਸਾਰੇ ਦੇ ਸਾਰੇ ਐਡੇ ਵੱਡੇ ਭੰਡਾਰ ਨੂੰ ਜੂਏ ਦੇ ਅੰਦਰ, ਵਿਸ਼ੇ ਵਿਕਾਰਾਂ ਦੀ ਅਗਨੀ ਦੇ ਅੰਦਰ, ਦਾਉ ਤੇ ਲਾ ਕੇ ਹਾਰ ਜਾਂਦੇ ਨੇ। ਮਹਾਰਾਜ ਕਹਿੰਦੇ, ਖਾਲੀ ਹੱਥ ਜਾਂਦੈ ਦੁਨੀਆਂ ਤੋਂ। ਜੇ ਇਸ ਦੀ ਥਾਂ ਦੇ ਉਤੇ ਸਤਿਸੰਗ ਕਰਦਾ ਹੋਵੇ, ਇਹਨੂੰ ਸਮਝ ਆ ਜਾਵੇ ਕਿ ਨਾਮ ਜਪਣਾ ਬਹੁਤ ਉਚੀ ਚੀਜ਼ ਹੈ। ਕੋਈ ਔਖਾ ਨਹੀਂ ਹੈ, ਜੀਭ ਦੇ ਨਾਲ ਰਾਮ-ਰਾਮ, ਅੱਲਾਹ-ਅੱਲਾਹ, ਵਾਹਿਗੁਰੂ-ਵਾਹਿਗੁਰੂ ਕਰਦੇ ਰਹਿਣੈ, ਇਸ ਦਾ ਫਲ ਕੀ ਹੁੰਦੈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ- ੪*

ਨਾਮ ਦੇ ਪਿਆਰ ਵਿਚ ਆ ਕੇ ਇਹ ਮੈਲ ਧੋਤੀ ਜਾਂਦੀ ਹੈ। ਇਸ ਦੀ ਥਾਂ 'ਤੇ ਨਾਮ ਤਾਂ ਇਹ ਜਪਦਾ ਨਹੀਂ ਹੈ। ਨਿੰਦਿਆ, ਚੁਗਲੀ, ਈਰਖਾ, ਬਖੀਲੀ, ਅਭਿਮਾਨ ਦੀਆਂ ਗੱਲਾਂ, ਲਾਲਚ ਦੀਆਂ ਗੱਲਾਂ, ਕ੍ਰੋਧ ਦੀਆਂ ਗੱਲਾਂ, ਮਹਾਰਾਜ ਕਹਿੰਦੇ ਭੈੜੀ ਤੋਂ ਭੈੜੀ ਜਿਹੜੀ ਬਾਤ ਹੈ ਉਹ ਨਿੰਦਿਆ ਦੀ ਹੋਇਆ ਕਰਦੀ ਹੈ -

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ੬ ॥*
*ਅੰਗ- ੭੫੫*

ਕੁੰਭੀ ਨਰਕ 'ਚ ਵਾਸਾ ਹੁੰਦੈ, ਕਾਲੇ ਮੂੰਹ ਹੁੰਦੇ ਨੇ। ਸੋ ਚਾਰ ਉਂਗਲ ਦੀ ਜ਼ੁਬਾਨ ਦੇ ਨਾਲ ਨਿੰਦਿਆ ਕਰਨੀ ਹੈ। ਚਾਰ ਉਂਗਲ ਦੀ ਜ਼ੁਬਾਨ ਦੇ ਨਾਲ ਪ੍ਰਮੇਸ਼ਰ ਦਾ ਨਾਮ ਜਪਣਾ ਹੈ। ਪ੍ਰਮੇਸ਼ਰ ਦਾ ਨਾਮ ਸਿਰਫ ਅੱਖ ਦੇ ਝਮਕਣ ਜਿੰਨੇ ਚਿਰ ਵੀ ਕੋਈ ਜਪ ਲਵੇ, ਕੋਈ ਵੀ, ਚਾਹੇ ਹਿੰਦੂ ਹੈ, ਚਾਹੇ ਮੁਸਲਮਾਨ ਹੈ, ਚਾਹੇ ਸਿੱਖ ਹੈ, ਚਾਹੇ ਈਸਾਈ ਹੈ, ਚਾਹੇ ਮਹਾਂਪਾਪੀ ਹੈ ਮਹਾਰਾਜ ਕਹਿੰਦੇ, ਉਹਨੇ ਫਲ ਦੇਣਾ ਹੀ ਦੇਣਾ ਹੈ -

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥*
*ਅੰਗ- ੬੩੨*

ਅੱਖ ਦੇ ਝਮਕਣ ਜਿੰਨੇ ਚਿਰ 'ਚ ਜੇ ਉਹਦਾ ਨਿਸਤਾਰਾ ਹੋ ਗਿਆ, ਮਹਾਰਾਜ ਕਹਿੰਦੇ, ਫੇਰ ਤਾਂ ਤੇਰਾ ਵੀ ਹੋ ਸਕਦੈ ਪਿਆਰਿਆ। ਲੇਕਿਨ ਤੂੰ ਇਸ ਗੱਲ ਦੀ ਡੂੰਘਿਆਈ 'ਚ ਜਾਹ। ਉਸ ਨੇ ਜੋ ਆਪਣੇ ਪੁੱਤਰ ਨੂੰ ਹਾਕ ਮਾਰੀ ਸੀ -

*ਅੰਤਕਾਲ ਜਮਦੂਤ ਦੇਖਿ ਪੁਤ ਨਰਾਇਣ ਬੋਲੇ ਛਹਿਆ।*
*ਭਾਈ ਗੁਰਦਾਸ ਜੀ*

ਡਰ ਕੇ ਪੁੱਤਰ ਨੂੰ ਹਾਕ ਮਾਰੀ। ਹੁਣ ਇਹਨੂੰ ਪਤਾ ਸੀ, ਵਿਦਵਾਨ ਸੀ ਪਤਿਤ ਹੋਇਆ-ਹੋਇਆ ਕਿ ਪੁੱਤਰ ਨੇ ਤਾਂ ਸਹਾਇਤਾ ਨਹੀਂ ਕਰਨੀ ਜਮਦੂਤਾਂ ਤੋਂ। ਇਥੇ ਤਾਂ ਸਹਾਇਤਾ ਭਗਵਾਨ ਨੇ ਕਰਨੀ ਹੈ। ਇਕੋ ਸਾਹ ਰਹਿੰਦਾ ਸੀ। ਸਵਾਸਾਂ ਦੀ ਪੂੰਜੀ ਮੁੱਕ ਚੁੱਕੀ ਸੀ। ਅੱਧੇ ਸਾਹ 'ਚ ਉਹਦਾ ਧਿਆਨ ਰੱਬ ਵਲ ਚਲਿਆ ਗਿਆ ਕਿ ਹੈਂ ਕਿ ਪ੍ਰਮੇਸ਼ਰ ਜੀ, ਤੂੰ ਹੀ ਰੱਖ ਸਕਦੈਂ।

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥ ੨ ॥* *ਅੰਗ- ੯੮੧*

ਨਾਰਾਇਣ ਕਹਿ ਕੇ ਪੁੱਤਰ ਨੂੰ ਬੁਲਾ ਲਿਆ। ਲੇਕਿਨ ਜਿਸ ਵਕਤ ਪ੍ਰਮੇਸ਼ਰ ਵਲ ਧਿਆਨ ਗਿਆ, ਉਸੇ ਵੇਲੇ ਜਮਦੂਤਾਂ ਨੂੰ ਮਾਰ ਕੇ ਨਠਾ ਦਿਤਾ। ਫੇਰ 'ਨਾਮ' ਕਿੱਡੀ ਚੀਜ਼ ਹੋਈ। ਮਹਾਰਾਜ ਕਹਿੰਦੇ, ਇਹਨੂੰ ਨਾਮ ਦੀ ਤਾਂ ਸਮਝ ਨਹੀਂ ਆਉਂਦੀ ਤੇ ਨਿੰਦਿਆ ਵਗੈਰਾ ਨਾਲ ਇਹਦਾ ਪਿਆਰ ਪਿਆ ਹੋਇਐ। ਉਹਦੇ ਵਿਚ ਪੈ ਕੇ ਐਨੇ ਕੀਮਤੀ ਨਾਮ ਨੂੰ ਭੁੱਲਿਆ ਰਹਿੰਦੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੈਨੂੰ ਨਾਮ ਦੀ ਸਮਝ ਨਾ ਬਈ ਆਈ,*
*ਨਿੰਦਿਆ ਪਿਆਰੀ ਜਾਣ ਕੇ।*

ਨਿੰਦਿਆ, ਚੁਗਲੀ, ਈਰਖਾ, ਬਖੀਲੀ, ਅਹੰਕਾਰ ਦੀਆਂ ਗੱਲਾਂ, ਲਾਲਚ ਦੀਆਂ ਗੱਲਾਂ, ਕ੍ਰੋਧ ਦੀਆਂ ਗੱਲਾਂ, ਇਹਦੇ ਵਿਚ ਜੀਵਨ ਬਤੀਤ ਕਰ ਲਿਆ, ਮਹਾਰਾਜ ਕਹਿੰਦੇ, ਇਹਦੀ ਥਾਂ 'ਤੇ ਤੈਨੂੰ ਨਾਮ ਦਾ ਨਾ ਪਤਾ ਲਗ ਸਕਿਆ। ਇਹ ਚੀਜ਼ਾਂ ਨਰਕਾਂ 'ਚ ਲੈ ਜਾਣਗੀਆਂ। ਸੰਸਕਾਰ ਬਣ ਜਾਣਗੇ, ਹੇਠਾਂ ਨੂੰ ਲੈ ਜਾਣਗੇ। ਜੇ ਤੂੰ ਇਹਦੀ ਥਾਂ 'ਤੇ ਕੀਰਤਨ ਕਰਦਾ, ਨਾਮ ਜਪਦਾ, ਪਿਆਰਿਆ! ਤੇਰਾ ਛੁਟਕਾਰਾ ਹੋ ਜਾਣਾ ਸੀ। ਉਲਟੇ ਰਸਤੇ ਪੈ ਗਿਆ -

*ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ*
*ਪਰ ਨਿੰਦਾ ਹਿਤਕਾਰੈ ॥* *ਅੰਗ- ੧੨੦੫*
*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ੧ ॥*
*ਅੰਗ- ੮੧*

ਕਿੰਨਾ ਅਮੋਲ ਹੈ ਕੋਈ ਇਹਦੀ ਕੀਮਤ ਨਹੀਂ ਜਾਣਦਾ। ਇਕ ਵਾਰੀ ਅਜਾਮਲ ਨੇ ਕਿਹਾ ਸੀ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

ਕਿੱਡੀ ਵੱਡੀ ਕੀਮਤੀ ਚੀਜ਼ ਹੈ। ਇਸ ਦਾ ਤਾਂ ਤੈਨੂੰ ਪਤਾ ਨਾ ਲੱਗਿਆ। ਸਾਖੀ ਆਉਂਦੀ ਹੈ ਕਿ ਕਬੀਰ ਸਾਹਿਬ ਬਾਹਰ ਗਏ ਹੋਏ ਨੇ।

ਇਕ ਰਾਜੇ ਨੂੰ ਪਤਾ ਲੱਗਿਆ ਕਿ ਸੰਤਾਂ ਦੇ ਕੋਲ ਕੋਈ ਐਸੀ ਅਕਸੀਰ ਹੈ। ਉਹ ਦੇ ਦਿੰਦੇ ਨੇ ਤੇ ਰੋਗੀ ਰਾਜ਼ੀ ਹੋ ਜਾਂਦਾ ਹੈ। ਸੰਤਾਂ ਕੋਲ ਕੀ ਹੁੰਦਾ ਹੈ, ਨਾਮ ਹੁੰਦੈ।

ਰਾਜਾ ਕੋਹੜੀ ਸੀ, ਦੁਖ ਦਾ ਮਾਰਿਆ ਹੋਇਆ, ਦਰਦ ਦਾ ਮਾਰਿਆ ਹੋਇਆ, ਦੁਖੀ ਹੋ ਕੇ ਜਦੋਂ ਕਬੀਰ ਸਾਹਿਬ ਦੇ ਘਰ ਪਹੁੰਚਦੈ। ਪਤਾ ਲੱਗਿਆ ਕਿ ਕਬੀਰ ਸਾਹਿਬ ਤਾਂ ਬਾਹਰ ਗਏ ਹੋਏ ਨੇ, ਕਿਸੇ ਭਗਤ ਦੇ ਪਾਸ, ਕਿਸੇ ਪ੍ਰੇਮੀ ਦੇ ਪਾਸ ਤੇ ਮਾਤਾ ਲੋਈ ਘਰ ਨੇ। ਇਹਨੇ ਕਿਹਾ ਕਿ ਮਾਤਾ ਲੋਈ ਵੀ ਕਬੀਰ ਸਾਹਿਬ ਦੇ ਘਰੋਂ ਹੈ। ਇਹ ਵੀ ਸੇਵਾ ਕਰਦੀ ਰਹਿੰਦੀ ਹੈ ਸਾਧੂ ਸੰਤਾਂ ਦੀ, ਇਹ ਕਿਹੜਾ ਘੱਟ ਹੋਣੀ ਹੈ। ਕਬੀਰ ਸਾਹਿਬ ਦੀ ਸੇਵਾ ਕਰਦੀ ਹੈ, ਜੇ ਉਹਨਾਂ ਨੇ ਇਸ਼ਨਾਨ ਕਰਨੈ, ਇਹਨਾਂ ਨੇ ਜਲ ਭਰਨੈ। ਪ੍ਰਸ਼ਾਦਾ ਛਕਣੈ, ਇਹਨੇ ਬਣਾ ਕੇ ਦੇਣੈ। ਹੋਰ ਤਾਂ ਕੋਈ ਗੱਲ ਘਰ 'ਚ ਹੁੰਦੀ ਹੀ ਨਹੀਂ ਹੈ। ਇਥੇ ਤਾਂ ਰਾਮ-ਰਾਮ, ਸਾਰਾ ਦਿਨ ਰਾਮ-ਰਾਮ ਚਲਦੈ। ਕਿਉਂਕਿ ਸੰਤਾਂ ਦੇ ਕੋਲ ਕੇਵਲ ਨਾਮ ਹੁੰਦੈ -

*ਊਹਾ ਸਿਮਰਹਿ ਕੇਵਲ ਨਾਮੁ ॥* *ਅੰਗ- ੮੮੮*
*ਨਾਨਕ ਕੈ ਘਰਿ ਕੇਵਲ ਨਾਮੁ ॥* *ਅੰਗ- ੧੧੩੬*

ਮਹਾਰਾਜ ਕਹਿੰਦੇ, ਸਾਡੇ ਘਰ ਤਾਂ ਨਾਮ ਹੀ ਹੈ। ਹੋਰ ਕੋਈ ਬਾਤ ਨਹੀਂ ਹੈ। ਰਾਜਸੀ ਬਾਤਾਂ, ਦੁਸ਼ਮਣੀ ਦੀਆਂ ਬਾਤਾਂ, ਕ੍ਰੋਧ ਦੀਆਂ, ਲਾਲਚ ਦੀਆਂ, ਅਭਿਮਾਨ ਦੀਆਂ ਬਾਤਾਂ ਇਥੇ ਨਹੀਂ ਹੁੰਦੀਆਂ। ਇਥੇ ਨਾਮ ਦੀ ਬਾਤ ਹੈ। ਮਾਤਾ ਜੀ ਨੂੰ ਬੁਲਾਇਆ।

ਉਹ ਕਹਿਣ ਲੱਗੀ ਕਿ ਕੀ ਗੱਲ ਹੈ?

ਕਹਿਣ ਲੱਗਿਆ, ਮਾਤਾ ਜੀ! ਮੈਂ ਤਾਂ ਬੜੀ ਦੂਰੋਂ ਆਇਆ ਹਾਂ। ਮੇਰਾ ਸਰੀਰ ਕੁਸ਼ਟ ਨਾਲ ਬਹੁਤ ਦੁਖੀ ਹੈ। ਇਲਾਜ ਮੈਂ ਕਰਾਏ ਨੇ, ਕੋਈ ਨਹੀਂ ਹੋ ਸਕਿਆ। ਕ੍ਰਿਪਾ ਕਰੋ ਤੇ ਮੈਂ ਸੁਣਿਆ ਹੈ ਕਿ ਕਬੀਰ ਸਾਹਿਬ ਕੋਲ ਕੋਈ ਅਕਸੀਰ ਹੈ। ਬੰਦਾ ਰਾਜ਼ੀ ਹੋ ਜਾਂਦੈ। ਉਹ ਕਹਿੰਦੀ ਰਾਜਨ, ਅਕਸੀਰ ਤਾਂ ਸਾਡੇ ਕੋਲ ਕੋਈ ਨਹੀਂ ਹੈ। ਹਾਂ, ਪ੍ਰਮੇਸ਼ਰ ਦਾ ਨਾਮ ਹੈ। ਬਹਿ ਜਾ, ਤੂੰ ਚੌਂਕੜਾ ਮਾਰ ਕੇ।

ਕਹਿੰਦੀ, ਕਹਿ 'ਰਾਮ'। ਰਾਮ ਕਹਾ ਦਿਤਾ।

ਫੇਰ ਕਹਿੰਦੀ, ਕਹਿ 'ਰਾਮ'। ਦੂਜੀ ਵਾਰ ਕਹਾ ਦਿਤਾ।

ਤੀਸਰੀ ਵਾਰ ਫੇਰ ਕਹਿੰਦੀ ਕਿ ਕਹਿ 'ਰਾਮ'। ਜਾਹ ਕਹਿੰਦੀ, ਕੱਪੜੇ ਬਦਲ ਲੈ, ਇਸ਼ਨਾਨ ਕਰ ਲੈ। ਰਾਮ ਤੈਨੂੰ ਰਾਜ਼ੀ ਕਰ ਦਏਗਾ। ਰਾਜੇ ਨੇ ਜਾ ਕੇ ਇਸ਼ਨਾਨ ਕਰਿਆ। ਹੈਰਾਨ ਹੋ ਗਿਆ ਕਿ ਸਰੀਰ ਦੇ ਉਤੇ ਕੋਹੜ ਦਾ, ਕੁਸ਼ਟ ਦਾ ਨਿਸ਼ਾਨ ਬਾਕੀ ਨਾ ਰਿਹਾ। ਬਹੁਤ ਪ੍ਰਸੰਨ ਹੋਇਆ। ਸ਼ਹਿਰ ਦੇ ਵਿਚ ਗੱਲ ਚੱਲ ਪਈ। ਧੰਨ ਮਾਤਾ ਲੋਈ-ਧੰਨ ਮਾਤਾ ਲੋਈ। ਕਿਉਂਕਿ ਮਾੜੀ ਗੱਲ ਵੀ ਸੰਤਾਂ ਦੀ ਬਹੁਤ ਛੇਤੀ ਫੈਲਦੀ ਹੁੰਦੀ ਹੈ। ਚੰਗੀ ਨੂੰ ਅਜੇ ਦੇਰ ਲਗਦੀ ਹੈ। ਮਾੜੀ ਹੋ ਜਾਏ ਤਾਂ ਸਾਰੀ ਦੁਨੀਆਂ 'ਚ ਇਕ ਦਮ ਫੈਲ ਜਾਂਦੀ ਹੈ। ਉੱਚਾ ਨਿਸ਼ਾਨ ਹੁੰਦੈ। ਚੰਦ ਦਾ ਜੋ ਲੱਗਿਆ ਹੋਇਆ ਦਾਗ ਹੈ, ਸਾਰੀ ਦੁਨੀਆਂ ਨੂੰ ਨਜ਼ਰ ਆਉਂਦੈ। ਹੇਠਾਂ ਧਰਤੀ ਦੇ ਉਤੇ ਕਰੋੜਾਂ ਹੀ ਦਾਗ ਨੇ, ਕਿਸੇ ਨੂੰ ਨਜ਼ਰ ਨਹੀਂ ਆਉਂਦੇ। ਸੰਤ ਉੱਚੇ ਹੁੰਦੇ ਨੇ, ਦੂਰੋਂ ਦਿਸਦੇ ਨੇ। ਉਹਨਾਂ ਦਾ ਕੋਈ ਨੁਕਸ ਹੋਵੇ, ਉਸੇ ਵੇਲੇ ਪਤਾ ਲਗ ਜਾਇਆ ਕਰਦੈ। ਸੋ ਇਹ ਉਪਮਾ ਦੀ ਬਾਤ ਸੀ। ਹੌਲੀ-ਹੌਲੀ ਸ਼ਹਿਰ 'ਚ ਫੈਲ ਗਈ। ਕਬੀਰ ਸਾਹਿਬ ਹਫ਼ਤੇ, ਡੇਢ ਹਫ਼ਤੇ ਬਾਅਦ ਆਏ, ਧੰਨ ਲੋਈ-ਧੰਨ ਲੋਈ ਹੋ ਰਹੀ ਹੈ। ਕਬੀਰ ਸਾਹਿਬ ਨੇ ਕਿਹਾ ਕਿ ਇਹ ਕੀ ਬਾਤ-ਚੀਤ ਹੈ, ਧੰਨ ਲੋਈ-ਧੰਨ ਲੋਈ, ਧੰਨ

ਕਬੀਰ-ਧੰਨ ਕਬੀਰ ਹੋ ਰਹੀ ਹੈ। ਲੋਈ ਦਾ ਨਾਮ ਕਿਵੇਂ ਆ ਗਿਆ। ਕਹਿੰਦਾ, ਮਹਾਰਾਜ! ਲੋਈ ਦਾ ਤਾਂ ਪਤਾ ਹੀ ਨਹੀਂ ਸੀਗਾ। ਇਹਨੇ ਤਾਂ ਸਿਰਫ ਤਿੰਨ ਵਾਰੀ ਰਾਮ ਕਹਾਇਐ ਤੇ ਰਾਜਾ ਰਾਜ਼ੀ ਕਰ ਦਿਤਾ। ਕਹਿੰਦੇ, ਹੈਂ, ਤਿੰਨ ਵਾਰੀ? ਨਰਾਜ਼ ਹੋ ਗਏ। ਸੰਤਾਂ ਦਾ ਗੁੱਸਾ ਪਾਣੀ 'ਤੇ ਲੀਕ ਹੋਇਐ ਕਰਦੈ। ਮਨਮੁਖ ਦਾ ਗੁੱਸਾ ਪੱਥਰ ਦੇ ਉਤੇ ਲਕੀਰ ਹੋਇਆ ਕਰਦੈ। ਸੰਤਾਂ ਦੀ ਨਰਾਜ਼ਗੀ ਨਾਲ ਦੀ ਨਾਲ ਮੁੱਕ ਜਾਇਆ ਕਰਦੀ ਹੈ। ਮਨਮੁਖ ਦੀ ਨਰਾਜ਼ਗੀ ਪੁਸ਼ਤਾਂ ਤਕ ਨਹੀਂ ਮੁਕਿਆ ਕਰਦੀ।

ਸੋ ਇਸ ਤਰ੍ਹਾਂ ਆਪ ਦੇ ਚਿਹਰੇ ਦੇ ਉਤੇ, ਮੱਥੇ ਦੇ ਉਤੇ ਕੁਛ ਵਟ ਪਏ ਕਿ ਹੈਂ! ਐਡਾ ਨੁਕਸਾਨ? ਉਹਨੂੰ ਤਿੰਨ ਵਾਰੀ ਕਹਾਉਣ ਦੀ ਕੀ ਲੋੜ ਸੀ। ਇਕ ਵਾਰੀ ਕਹਾ ਦਿੰਦੀ। ਕੁਛ ਨਰਾਜ਼ਗੀ ਜ਼ਾਹਰ ਕਰੀ, ਘਰ ਆਏ। ਮਾਤਾ ਲੋਈ ਅੱਗੇ ਵਧ ਕੇ ਲਗੀ ਨਮਸ਼ਕਾਰ ਕਰਨ। ਕਬੀਰ ਸਾਹਿਬ ਰੁਕੇ ਨਹੀਂ, ਅੱਗੇ ਵਾਂਗੂੰ। ਪਾਸੇ ਦੀ ਹੋ ਕੇ ਤੁਰ ਗਏ। ਛੇਤੀ ਦੇ ਕੇ ਜਾ ਕੇ ਉਹਨਾਂ ਦਾ ਗੜਵਾ, ਪਰਨਾ, ਹੱਥ ਦੀ ਸੋਟੀ ਤੇ ਚਿੱਪੀ ਫੜਨ ਲੱਗੀ ਤਾਂ ਉਹਨਾਂ ਨੇ ਪਿੱਠ ਕਰ ਲਈ। ਆਪੇ ਹੀ ਰੱਖ ਦਿਤੀ।

ਮੱਥਾ ਠਣਕ ਗਿਆ ਕਿ ਕਿਸੇ ਨੇ ਚੁਗਲੀ ਕਰ ਦਿਤੀ। ਨਰਾਜ਼ ਹੋ ਗਏ ਮੇਰੇ ਨਾਲ। ਉਸ ਵੇਲੇ ਬੇਨਤੀ ਕਰਨ ਲੱਗੀ ਕਿ ਮਹਾਰਾਜ! ਤੁਹਾਡੀ ਨਰਾਜ਼ਗੀ ਦਾ ਕੀ ਕਾਰਨ ਹੈ। ਮੈਨੂੰ ਜੇ ਆਰਾ ਲੈ ਕੇ ਦੋ ਟੁਕੜੇ ਕਰ ਦਿਓ ਤਾਂ ਮੈਂ ਕਦੇ ਨਹੀਂ ਬੁਰਾ ਮੰਨਦੀ। ਪਰ ਜਿਹੜੀ ਤੁਸੀਂ ਮੇਰੇ ਵਲ ਪਿੱਠ ਕਰ ਲਈ ਨਾ, ਮੈਂ ਇਸ ਨਾਲ ਜਿਉਂ ਨਹੀਂ ਸਕਦੀ -

*ਕਰਵਤੁ ਭਲਾ ਨ ਕਰਵਟ ਤੇਰੀ ॥*
*ਲਾਗੁ ਗਲੇ ਸੁਨੁ ਬਿਨਤੀ ਮੇਰੀ ॥ ੧ ॥*
*ਹਉ ਵਾਰੀ ਮੁਖੁ ਫੇਰਿ ਪਿਆਰੇ ॥*
*ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥ ਅੰਗ- ੪੮੪*

ਪਿੱਠ ਦੇ ਕੇ ਨਾ ਮੈਨੂੰ ਮਾਰਿਓ -

*ਜਉ ਤਨੁ ਚੀਰਹਿ ਅੰਗੁ ਨ ਮੋਰਉ ॥*
*ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥ ੨ ॥ ਅੰਗ- ੪੮੪*

ਜੇ ਆਰਾ ਲੈ ਕੇ ਮੇਰੇ ਦੋ ਫਾੜ ਕਰ ਦਿਓ, ਮੈਂ ਸੀ ਤਕ ਨਹੀਂ ਕਹਾਂਗੀ ਤੇ ਪਿਆਰ ਵੀ ਨਹੀਂ ਹਟਾਊਂਗੀ-

*ਹਮ ਤੁਮ ਬੀਚੁ ਭਇਓ ਨਹੀ ਕੋਈ ॥*
*ਤੁਮਹਿ ਸੁ ਕੰਤ ਨਾਰਿ ਹਮ ਸੋਈ ॥ ਅੰਗ- ੪੮੪*

ਤੇ ਆਪਣੇ ਵਿਚ ਕੋਈ ਚੁਗਲ ਵੀ ਨਹੀਂ ਆਇਆ ਕਿ ਚੁਗਲੀ ਕਰ ਦਿਤੀ ਹੋਵੇ। ਮੈਂ ਤੁਹਾਡੀ ਪਤਨੀ ਹਾਂ, ਤੁਸੀਂ ਮੇਰੇ ਪਤੀ ਹੋਂ। ਕ੍ਰਿਪਾ ਕਰਕੇ ਮੈਨੂੰ ਇਹ ਤਾਂ ਦੱਸੋ ਕਿ ਗੱਲ ਕੀ ਹੋਈ?

ਕਹਿਣ ਲੱਗੇ, ਗੱਲ?

*ਕਹਤੁ ਕਬੀਰੁ ਸੁਨਹੁ ਰੇ ਲੋਈ ॥*
*ਅਬ ਤੁਮਰੀ ਪਰਤੀਤਿ ਨ ਹੋਈ ॥ ੪ ॥ ੨ ॥ ੩੫ ॥*
*ਅੰਗ- ੪੮੪*

ਮੈਨੂੰ ਤੇਰੇ ਉਤੇ ਬੜੀ ਪਰਤੀਤ ਸੀ। ਤੂੰ ਸਤਿਸੰਗ ਕਰਦੀ ਸੀ, ਸੇਵਾ ਕਰਦੀ ਸੀ। ਮਹਾਂਪੁਰਸ਼ਾਂ ਦੇ ਉੱਚੇ ਬਚਨ ਸਰਵਣ ਕਰਦੀ ਸੀ। ਪਰ ਮੈਨੂੰ ਕੀ ਪਤੈ ਕਿ ਤੈਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿਸੇ ਗੱਲ ਦਾ?

ਕਹਿਣ ਲੱਗੀ, ਮਹਾਰਾਜ! ਇਹ ਗੱਲ ਠੀਕ ਹੈ? ਮੈਂ ਅਣਜਾਣ ਹਾਂ, ਮੈਂ ਅਨਪੜ੍ਹ ਹਾਂ, ਕੁਛ ਆਪਣੀ ਜਾਤ ਵੀ ਐਸੀ ਹੈ। ਲੋਕ ਹਾਸੀ ਕਰਦੇ ਨੇ। ਪਰ ਕ੍ਰਿਪਾ ਕਰਕੇ ਮੈਨੂੰ ਖੋਲ੍ਹ ਕੇ ਤਾਂ ਦੱਸੋ ਕਿ ਮੇਰੇ ਤੋਂ ਕਿਹੜਾ ਕਸੂਰ ਹੋ ਗਿਆ? ਜਿਹਦੇ ਕਰਕੇ ਤੁਸੀਂ ਨਰਾਜ਼ ਹੋ ਗਏ।

ਕਬੀਰ ਸਾਹਿਬ ਕਹਿਣ ਲੱਗੇ ਕਿ ਜੇ ਤੂੰ ਸੁਣਨਾ ਹੈ ਤਾਂ ਮੈਂ ਤੈਨੂੰ ਦਸ ਦਿੰਨਾਂ -

*ਧਾਰਨਾ - ਤੈਂ ਰਾਮ ਸਵੱਲੜਾ ਲਾਇਆ,*
*ਤਿੰਨ ਵਾਰੀ ਰਾਮ ਕਹਾ ਕੇ ਰੋਗੀ ਦਾ ਰੋਗ ਹਟਾਇਆ।*

ਮੈਂ ਤਾਂ ਇਹ ਸਮਝਦਾ ਸੀ ਕਿ ਤੂੰ ਨਾਮ ਦਾ ਮਹਾਤਮ ਸੁਣਦੀ ਹੈਂ ਤੇ ਤੂੰ ਤਿੰਨ ਵਾਰੀ ਰਾਮ ਕਿਉਂ ਕਹਾਇਆ।

ਕਹਿਣ ਲੱਗੀ, ਮਹਾਰਾਜ! ਮੇਰੀ ਬੇਨਤੀ ਸੁਣੋ। ਉਸ ਰਾਜੇ ਨੇ ਕਰੋੜਾਂ ਪਾਪ ਕੀਤੇ ਹੋਏ ਸੀ। ਜਿਹਨਾਂ ਦਾ ਫਲ ਬਿਮਾਰੀ ਆਇਆ ਕਰਦੀ ਹੈ। ਸੋ ਇਕ ਵਾਰੀ ਮੈਂ ਰਾਮ-

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ- ੧੧੯੫*

ਕਰੋੜਾਂ ਕਰਮਾਂ ਨੂੰ ਕੱਟਣ ਵਾਲਾ ਨਾਮ, ਪਹਿਲੀ ਵਾਰੀ ਮੈਂ ਰਾਮ ਕਹਾਇਐ। ਦੂਸਰਾ ਜੋ ਰਾਮ ਕਹਾਇਐ -

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- ੨੭੪*

ਸਾਰੀਆਂ ਬਿਮਾਰੀਆਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਸੋ ਬਿਮਾਰੀ ਦੂਰ ਕਰਨ ਵਾਸਤੇ ਮੈਂ ਰਾਮ ਕਹਾਇਐ। ਤੀਸਰਾ ਕਾਹਦੇ ਵਾਸਤੇ ਕਹਾਇਐ ਫੇਰ ਤੂੰ?

ਮਹਾਰਾਜ! ਤੀਸਰਾ ਉਸ ਨੂੰ ਅਗਰ ਨਾਮ ਨਾ ਦਿੰਦੀ ਤਾਂ ਉਹਨੇ ਮੁੜ ਕੇ ਵਿਕਾਰਾਂ ਦੇ ਵਿਚ ਪ੍ਰਵਿਰਤ ਹੋ ਜਾਣਾ ਸੀ। ਰਾਜ਼ੀ ਹੋ ਜਾਣਾ ਸੀ, ਰਾਜ਼ੀ ਹੋ ਕੇ ਉਸ ਤੋਂ ਵੀ ਜ਼ਿਆਦਾ ਵਿਕਾਰਾਂ 'ਚ ਪੈਣਾ ਸੀ। ਸੋ ਵਿਕਾਰਾਂ ਤੋਂ ਰੋਕਣ ਵਾਸਤੇ ਅਰ ਉਹਦੀ ਰੂਹ ਦਾ ਕਲਿਆਣ ਕਰਨ ਵਾਸਤੇ ਮੈਂ ਤੀਸਰੀ ਵਾਰ 'ਰਾਮ' ਉਹਨੂੰ ਨਾਮ ਦੀ ਸ਼ਕਲ ਵਿਚ ਦਿਤੈ।

ਪ੍ਰਸੰਨ ਹੋ ਗਏ। ਕਹਿੰਦੇ, ਠੀਕ ਹੈ।

ਸੋ ਇਹ ਨਾਮ ਅਮੋਲ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ- ੮੧*

ਮਹਾਰਾਜ ਕਹਿੰਦੇ, ਐਸਾ ਜੋ ਨਾਮ ਅਮੋਲ ਹੈ, ਸੰਸਾਰਕ ਜੀਵਨ ਦੇ ਵਿਚ ਇਸ ਨੇ ਉਸ ਦੀ ਕਦਰ ਨਾ ਜਾਣੀ। ਪਿਆਰ ਨਾ ਪਿਆ ਉਸ ਦਾ। ਨਾਮ ਨਾਲ ਤੇ ਨਾਮੀ ਨਾਲ।

*ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ*
*ਪਰ ਨਿੰਦਾ ਹਿਤਕਾਰੈ॥ ਅੰਗ- ੧੨੦੫*

ਨਿੰਦਿਆ, ਚੁਗਲੀ, ਈਰਖਾ, ਬਖੀਲੀ, ਮਾੜੀਆਂ ਗੱਲਾਂ ਕਰਨ ਨੂੰ ਬੜਾ ਪਿਆਰ ਲੱਗਿਆ ਹੋਇਐ। ਬੜੀਆਂ ਵਿਉਂਤਾਂ ਦੇ ਨਾਲ ਗੱਲ ਬਣਾ-ਬਣਾ ਕੇ ਕਹਿੰਦੈ ਤੇ ਕਰਦਾ ਕੀ ਹੈ। ਕਹਿੰਦੇ ਉਹਦੀ ਹਾਲਤ ਐਸੀ ਹੈ ਕਿ ਛੱਪਰ ਬੰਨ੍ਹ ਲਵੇ ਤੇ ਅੰਦਰ ਅੱਗ ਜਾਲ ਲਵੇ, ਭਾਂਬੜ। ਨਤੀਜਾ ਕੀ ਹੋਊ, ਜਲ ਜਾਏਗਾ -

*ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥ ੧ ॥*
*ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥*

*ਅੰਗ- ੧੨੦੫*

ਕੋਈ ਚੀਜ਼ ਚੱਜ ਦੀ ਨਹੀਂ ਚੁੱਕੀ ਸਿਰ 'ਤੇ। ਕੱਲਰ ਚੁੱਕ ਲਿਆ। ਮਿਹਨਤ ਕਰਦੈ ਦਿਨ ਰਾਤ, ਸਾਰੀ ਜ਼ਿੰਦਗੀ ਮਿਹਨਤ ਕਰਕੇ ਕੱਲਰ ਖੱਟ ਲਿਆ। ਤੇ ਜਿਹੜਾ ਪ੍ਰਮੇਸ਼ਰ ਦਾ ਨਾਮ ਅੰਮ੍ਰਿਤ ਸੀ ਉਹ ਮਨ ਤੋਂ ਸੁੱਟ ਦਿਤਾ। ਉਹਦੇ ਵਲ ਰੁਚੀ ਨਹੀਂ ਹੋਈ।

*ਓਢੈ ਬਸਤ੍ਰ ਕਾਜਰ ਮਹਿ ਪਰਿਆ*
*ਬਹੁਰਿ ਬਹੁਰਿ ਫਿਰਿ ਝਾਰੈ ॥ ੨ ॥ ਅੰਗ- ੧੨੦੫*

ਕਾਲੀ ਕੋਠੜੀ ਦੇ ਵਿਚ ਪਿਆ ਹੋਇਆ, ਨਵੇਂ ਤੋਂ ਨਵਾਂ ਚਿੱਟਾ ਕੱਪੜਾ ਪਹਿਨਦੈ। ਵਾਰੀ-ਵਾਰੀ ਝਾੜਦੈ।

ਸੋ ਨਾਮ ਦਾ ਨਹੀਂ ਪਤਾ ਲੱਗਿਆ, ਨਾਮ ਜਿਸ ਦੇ ਵੀ ਅੰਦਰ ਪ੍ਰਗਟ ਹੋ ਗਿਆ ਮਹਾਰਾਜ ਕਹਿੰਦੇ -

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ- ੨੬੯*

ਉਹਦੇ ਜਿਹੜੇ ਬਚਨ ਨੇ ਉਹ ਸੰਸਾਰ ਨੂੰ ਤਾਰ ਦਿਆ ਕਰਦੇ ਨੇ, ਕਿਉਂਕਿ ਅੰਦਰ ਨਾਮ ਦੀ ਸ਼ਕਤੀ ਹੈ। ਇਕ ਫੋਕੀ ਗੋਲੀ ਹੁੰਦੀ ਹੈ, ਇਕ ਪੱਕੀ ਗੋਲੀ ਹੁੰਦੀ ਹੈ। ਪੱਕੀ ਗੋਲੀ ਨਾਲ ਬੰਦਾ ਘਾਇਲ ਹੋ ਜਾਂਦੈ, ਮਰ ਜਾਂਦੈ। ਜਿਹੜੀ ਫੋਕੀ ਹੈ ਉਹ ਕੇਵਲ ਭੜਾਕਾ ਹੈ। ਹੋਰ ਕੁਛ ਨਹੀਂ ਕਰਿਆ ਕਰਦੀ।

ਸੋ ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਸਾਰ ਦਾ ਉਧਾਰ ਕਰਦੇ-ਕਰਦੇ, ਸੰਸਾਰ ਨੂੰ ਤਾਰਦੇ ਹੋਏ, ਪ੍ਰਕਾਸ਼ ਪਾਉਂਦੇ ਹੋਏ ਉਹਨਾਂ ਦੇ ਮਨਾਂ ਦੇ ਅੰਦਰ, ਅੱਜ ਢਾਕੇ ਗਏ ਹੋਏ ਨੇ। ਢਾਕੇ ਜਾ ਕੇ ਬੜੇ ਕੌਤਕ ਕਰਨ ਤੋਂ ਬਾਅਦ ਆਪ ਨੂੰ ਇਸ ਗੱਲ ਦੀ ਕਿਸੇ ਨੇ ਖਬਰ ਦਿਤੀ ਕਿ ਮਹਾਰਾਜ! ਸਾਡੇ ਨੇੜੇ ਇਕ ਵੱਡਾ ਸਰਦਾਰ ਹੈ। ਉਹ ਡਾਕੇ ਮਾਰਦੈ। ਲੋਕਾਂ ਦੇ ਧਨ ਖੋਂਹਦੈ। ਜਬਰ ਕਰਦੈ। ਚੀਕ ਚਿਹਾੜੇ ਪੈਂਦੇ ਨੇ। ਮਹਾਰਾਜ! ਉਹ ਫੇਰ ਉਹਨੂੰ ਦਾਨ ਕਰਦੈ, ਦਾਨ ਕਰਕੇ ਕਹਿੰਦੈ ਕਿ ਮੈਂ ਬੜਾ ਦਾਨੀ ਹਾਂ। ਮਹਾਰਾਜ ਕਹਿੰਦੇ, ਕੋਈ ਨਾ। ਆਪ ਸਮੇਂ-ਸਮੇਂ, ਚਲਦੇ-ਚਲਦੇ, ਉਸ ਮੰਜ਼ਰ 'ਚ ਪਹੁੰਚ ਗਏ। ਜਿੱਥੇ ਉਹ ਸਰਦਾਰ ਜ਼ਿੰਮੀਦਾਰ, ਭੂਮੀਆ ਨਿਵਾਸ ਕਰਦਾ ਸੀ। ਉਥੇ ਗਏ ਤਾਂ ਜਿਹੜੇ ਉਥੇ ਦੇ ਪਿੰਡ ਦੇ ਰਹਿਣ ਵਾਲੇ ਬੜੇ ਹੀ ਨੇਕ ਪੁਰਸ਼, ਸਾਧੂਆਂ ਦੀ ਸੇਵਾ ਕਰਨ ਵਾਲੇ, ਆਦਰ ਸਤਿਕਾਰ ਕਰਨ ਵਾਲੇ, ਮਹਾਰਾਜ ਨੂੰ ਇਕ ਪ੍ਰੇਮੀ ਰਸਤੇ 'ਚ ਮਿਲ ਗਿਆ। ਉਹ ਬੇਨਤੀ ਕਰਕੇ ਆਪਣੇ ਘਰ ਲੈ ਗਿਆ। ਜਲ ਲਿਆਇਆ ਤਾਜ਼ਾ, ਪੰਜ ਇਸ਼ਨਾਨਾ ਕਰਾਇਆ ਤੇ ਮਹਾਰਾਜ ਜੀ ਨੂੰ ਆਸਣ, ਦਿਤਾ, ਚਾਰਪਾਈ ਦੇ ਉਤੇ। ਮਰਦਾਨਾ ਬੈਠ ਗਿਆ। ਉਸ ਤੋਂ ਬਾਅਦ ਉਹ ਬਚਨ ਕਰੀ ਜਾਂਦੇ ਨੇ, ਲੇਕਿਨ ਖਾਣ-ਪੀਣ ਦੀ ਗੱਲ ਨਹੀਂ ਕਰਦੇ ਕੋਈ ਵੀ। ਮਰਦਾਨੇ ਨੂੰ ਕਿਉਂਕਿ ਮਹਾਰਾਜ ਭੁੱਖ ਲਾ ਦਿੰਦੇ ਸੀ। ਕੋਈ ਗੱਲ ਕਰਨੀ ਹੁੰਦੀ ਸੀ। ਸੀ ਬੜਾ ਵੱਡਾ ਮਰਦਾਨਾ, ਕੋਈ ਮਾਮੂਲੀ ਆਦਮੀ ਨਹੀਂ ਸੀ। ਜਿਹੜਾ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਰਹਿ ਕੇ ਕੱਟ ਗਿਆ, ਪਹਾੜਾਂ 'ਤੇ ਚੜ੍ਹ ਗਿਆ। ਕਲਜੁਗ ਵਰਗਿਆਂ ਨਾਲ ਮੁਕਾਬਲਾ ਪਿਆ। ਸਮੁੰਦਰਾਂ ਦੇ ਵਿਚ ਗਏ। ਉਹ ਕੋਈ ਐਵੇਂ ਮਾਮੂਲੀ ਬੰਦਾ ਨਹੀਂ ਸੀ। ਕੋਈ ਬਖਸ਼ੀ ਹੋਈ ਰੂਹ ਸੀ, ਜਿਹੜੀ ਧੁਰ ਦਰਗਾਹ ਤੋਂ ਆ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਸਾਥੀ ਬਣੀ।

ਲੇਕਿਨ ਇਹ ਸੀ ਕਿ ਉਹਨੂੰ ਭੁੱਖ ਲਾ ਦਿੰਦੇ ਸੀ ਮਹਾਰਾਜ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਪਿੰਡ ਤਾਂ ਬਹੁਤ ਚੰਗਾ ਹੈ, ਜਿੰਨੇ ਵੀ ਆਏ ਨੇ ਬੜੀ ਸ਼ਰਧਾ ਦੇ ਨਾਲ ਨਮਸ਼ਕਾਰਾਂ ਕਰਦੇ ਨੇ। ਪਰ ਇਕ ਗੱਲ ਦਾ ਦੋਸ਼ ਹੈ ਇਹਨਾਂ ਦੇ ਅੰਦਰ, ਜਲ ਪਾਣੀ ਦੀ ਕੋਈ ਗੱਲ ਨਹੀਂ ਕਰਦਾ।

ਕਹਿੰਦੇ, ਮਰਦਾਨਿਆਂ! ਭੁੱਖ ਲੱਗੀ ਹੋਈ ਹੈ?

ਕਹਿੰਦਾ ਹਾਂ, ਮਹਾਰਾਜ! ਹੁਣ ਤਾਂ ਪਿੰਡ ਵਿਚ ਆਏ ਹੋਏ ਹਾਂ। ਹੁਣ ਤਾਂ ਖਾਵਾਂਗੇ ਹੀ, ਹੁਣ ਨਾ ਕਹਿ ਦਿਓ ਸੱਚੇ ਪਾਤਸ਼ਾਹ, ਕਿ ਇਥੇ ਨਹੀਂ ਖਾਣਾ।

ਕਹਿੰਦੇ, ਕਿਉਂ ਬਈ ਪ੍ਰੇਮੀਓਂ! ਤੁਸੀਂ ਬਾਕੀ ਤਾਂ ਸਾਰੇ ਸੇਵਾ ਕਰ ਰਹੇ ਹੋਂ ਤੇ ਇਹ ਕੀ ਗੱਲ ਹੈ ਕਿ ਤੁਸੀਂ ਨਾ ਪ੍ਰਸ਼ਾਦ ਪਾਣੀ, ਨਾ ਜਲ, ਕੋਈ ਚੀਜ਼ ਵੀ ਨਹੀਂ

ਪੁਛਦੇ ਤੇ ਗ੍ਰਹਿਸਥੀ ਦਾ ਧਰਮ ਹੈ ਕਿ ਅਤਿਥੀ ਨੂੰ, ਜਲ ਪਾਣੀ ਛਕਾਉਣਾ ਤੇ ਵੱਡੇ ਤੋਂ ਵੱਡਾ ਪੁੰਨ ਹਾਸਲ ਕਰਨਾ। ਕਹਿੰਦੇ, ਸੱਚੇ ਪਾਤਸ਼ਾਹ! ਕੀ ਦੱਸੀਏ ਤੁਹਾਨੂੰ। ਐਨਾ ਕਹਿ ਕੇ ਨੇਤਰਾਂ 'ਚ ਜਲ ਆ ਗਿਆ ਉਸ ਪ੍ਰੇਮੀ ਦੇ। ਰੋਣ ਲੱਗ ਗਿਆ।

ਮਹਾਰਾਜ ਕਹਿਣ ਲੱਗੇ, ਕੀ ਗੱਲ ਪਿਆਰਿਆ! ਕੋਈ ਪਾਬੰਦੀ ਲੱਗੀ ਹੋਈ ਹੈ?

ਕਹਿੰਦਾ, ਹਾਂ ਸੱਚੇ ਪਾਤਸ਼ਾਹ! ਇਥੇ ਦਾ ਜੋ ਸਰਦਾਰ ਹੈ, ਵੱਡਾ ਭੂਮੀਆ, ਵੱਡੀ ਜ਼ਮੀਨ ਦਾ ਮਾਲਕ ਹੈ। ਅਮੀਰ ਹੈ ਉਹ। ਉਹਨੇ ਸਾਨੂੰ ਸਾਰਿਆਂ ਨੂੰ ਕਿਹਾ ਹੋਇਐ ਕਿ ਕੋਈ ਸਾਧੂ ਆਵੇ, ਤੁਸੀਂ ਹੋਰ ਸੇਵਾ ਕਰੋ। ਪੱਖਾ ਝੱਲੋ, ਚਰਨ ਧੋਵੋ, ਬਿਸਤਰਾ ਦੇਵੋ, ਲੱਤਾਂ ਘੁੱਟੋ, ਹੋਰ ਕੋਈ ਵੀ ਸੇਵਾ ਕਰ ਲਓ। ਪਰ ਪ੍ਰਸ਼ਾਦਾ ਪਾਣੀ ਨਹੀਂ ਛਕਾਉਣਾ।

ਕਹਿੰਦੇ, ਕਹਿੰਦਾ ਕੀ ਹੈ?

ਕਹਿੰਦਾ, ਸੱਚੇ ਪਾਤਸ਼ਾਹ! ਉਹ ਇਸ ਤਰ੍ਹਾਂ ਕਹਿੰਦਾ ਹੈ ਕਿ ਸਾਧੂ ਆਏ ਨੇ। ਤੁਸੀਂ ਉਹਨਾਂ ਦੀ ਸੇਵਾ ਪੂਰੀ ਤਰ੍ਹਾਂ ਨਾ ਕਰ ਸਕੇ ਤਾਂ ਦੋਸ਼ ਮੈਨੂੰ ਲੱਗੇਗਾ। ਇਸ ਕਰਕੇ ਉਹਨਾਂ ਦੇ ਖਾਣ-ਪੀਣ ਦੀ ਸੇਵਾ ਮੈਂ ਹੀ ਕਰਾਂਗਾ। ਸਾਨੂੰ ਹੁਕਮ ਨਹੀਂ ਹੈ ਕਿ ਕਿਸੇ ਸਾਧੂ ਨੂੰ ਤੁਸੀਂ ਪ੍ਰਸ਼ਾਦਾ ਛਕਾਓ। ਸੋ ਇਸ ਕਰਕੇ ਮਹਾਰਾਜ! ਅਸੀਂ ਕੀ ਕਰੀਏ। ਸਾਡੇ ਤੋਂ ਜ਼ਬਰਦਸਤੀ ਪੁੰਨ ਖੋਹ ਲਏ ਉਹਨੇ। ਸਾਨੂੰ ਪੁੰਨ ਨਹੀਂ ਕਰਨ ਦਿੰਦਾ। ਮਾੜੇ ਮੋਟੇ ਗ੍ਰਹਿਸਤੀ ਹੋ ਕੇ ਅਸੀਂ ਪੁੰਨ ਕਰਦੇ ਹਾਂ। ਕਿਉਂਕਿ ਸਾਡਾ ਧਰਮ ਹੈ -

*ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ*
*ਨਾਹੀ ਤ ਕਰੁ ਬੈਰਾਗੁ ॥* *ਅੰਗ- ੧੩੭੭*

ਸੱਚੇ ਪਾਤਸ਼ਾਹ! ਅਸੀਂ ਧਰਮ ਕਮਾਉਣਾ ਹੈ।

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥*
*ਜਪੁ ਤਪੁ ਸੰਜਮੁ ਭੀਖਿਆ ਕਰੈ ॥*
*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥* *ਅੰਗ- ੯੫੨*

ਕਿਉਂਕਿ ਗ੍ਰਹਿਸਤੀ ਦਾ ਕਰਮ ਹੈ ਧਰਮ ਕਰਨਾ। ਦਾਨ ਕਰਨਾ, ਪੁੰਨ ਕਰਨਾ। ਕਹਿੰਦੇ, ਜਿਹੜਾ ਪੁੰਨ ਦਾਨ ਕਰਦਾ ਹੈ ਗ੍ਰਹਿਸਤੀ, ਉਹ ਕਹਿੰਦੇ ਜਦੋਂ ਗੰਗਾ ਦੇ ਨੀਰ ਵਰਗਾ ਹੋ ਜਾਂਦੈ ਪਵਿੱਤਰ -

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ ੫੫ ॥*
*ਅੰਗ- ੧੩੬੭*

ਸੱਚੇ ਪਾਤਸ਼ਾਹ ਉਹ ਪੁੰਨ ਸਾਨੂੰ ਨਹੀਂ ਮਿਲਦਾ। ਇਹ ਕੋਈ ਗ੍ਰਹਿਸਤੀ ਦਾ ਧਰਮ ਹੁੰਦੈ, ਪੁੰਨ ਦਾਨ ਕਰਨਾ। ਕ੍ਰਿਸ਼ਨ ਮਹਾਰਾਜ ਮਹਾਂਭਾਰਤ ਦਾ ਭਿਆਨਕ ਯੁੱਧ ਲੜ ਰਹੇ ਨੇ। ਅੱਜ ਦਾ ਜਿਹੜਾ ਦਿਨ ਹੈ ਉਹ ਬੜਾ ਹੀ ਸਖਤ ਹੈ। ਕਿਉਂਕਿ ਇਕ ਪਾਸੇ ਕਰਣ ਹੈ ਮਹਾਂਬਲੀ, ਮਹਾਂ ਦਾਨੀ ਤੇ ਇਕ ਪਾਸੇ ਅਰਜੁਨ। ਅਰਜੁਨ ਵਲ ਕ੍ਰਿਸ਼ਨ ਮਹਾਰਾਜ ਨੇ ਤੇ ਉਹਦੇ ਵਲ ਉਹਦਾ ਤਪ ਪੁੰਨ ਦਾਨ। ਫੈਸਲਾ ਨਹੀਂ ਹੋ ਰਿਹਾ। ਐਸੇ ਸਖ਼ਤ ਵਾਰ ਆ ਰਹੇ ਨੇ ਇਕ ਦੂਜੇ ਦੇ। ਕੁਛ ਨਹੀਂ ਹੋ ਰਿਹਾ। ਅਖੀਰ ਅਰਜੁਨ ਨੇ ਉਸ ਦੇ ਰੱਥ ਦਾ ਪਹੀਆ ਤੋੜ ਦਿਤਾ। ਰਥ ਖੜ੍ਹ ਗਿਆ। ਇਹਨੇ ਰੱਥ ਘੁੰਮਾਇਆ, ਉਹ ਪਹੀਆ ਵਿਚ ਪਾਉਣ ਵਾਸਤੇ ਹੇਠਾਂ ਉਤਰਿਆ। ਉਸ ਵੇਲੇ ਅਰਜਨ ਨੇ ਬਾਣ ਮਾਰ ਕੇ ਉਸ ਨੂੰ ਧਰਤੀ 'ਤੇ ਸੁੱਟ ਦਿਤਾ। ਗਿਰ ਗਿਆ। ਕ੍ਰਿਸ਼ਨ ਮਹਾਰਾਜ ਨੇ ਦੋਵੇਂ ਬਾਹਾਂ ਉਪਰ ਚੁੱਕ ਕੇ ਕਿਹਾ ਕਿ ਅਰਜੁਨ! ਅੱਜ ਪੁੰਨ ਦੀ ਰਾਤ ਪੈ ਗਈ।

ਕਹਿੰਦੇ, ਕਿਉਂ ਮਹਾਰਾਜ!

ਕਹਿੰਦੇ, ਕਰਣ ਜਿਹੜਾ ਹੈ, ਇਹ ਪੁੰਨ ਦਾ ਅਵਤਾਰ ਸੀ, ਦਾਨ ਦਾ ਅਵਤਾਰ। ਮਹਾਂ ਦਾਨੀ ਅੱਜ ਮਾਰਿਆ ਗਿਆ।

ਕਹਿੰਦਾ, ਮਹਾਰਾਜ! ਤੁਹਾਨੂੰ ਬੜਾ ਦਰਦ ਹੈ ਇਸ ਬੰਦੇ ਦਾ? ਇਹਨੇ ਤਾਂ ਸਾਡੀਆਂ ਭੂਤਨੀਆਂ ਭੁਆ ਛੱਡੀਆਂ ਸੀ। ਬੜੀ ਮੁਸ਼ਕਲ ਦੇ ਨਾਲ ਇਸ ਤੋਂ ਬਚੇ ਹਾਂ। ਕਿੰਨੀ ਵਾਰੀ ਆਪਣਾ ਝੰਡਾ ਕਟ ਦਿਤਾ। ਕਿੰਨੀ ਵਾਰੀ ਇਸ ਨੇ ਝੰਡੇ ਦੀ ਲੱਕੜੀ ਜਿਹੜੀ ਸੀ ਉਹ ਕੱਟ ਦਿਤੀ। ਬੜੀ ਮੁਸ਼ਕਲ ਨਾਲ ਬਚੇ ਹਾਂ ਮਹਾਰਾਜ। ਤੁਸੀਂ ਤਾਂ ਬੜੀ ਤਾਰੀਫ ਕਰਦੇ ਹੋਂ?

ਕਹਿੰਦੇ, ਅਰਜੁਨ ਤੈਨੂੰ ਨਹੀਂ ਇਸ ਗੱਲ ਦਾ ਪਤਾ। ਇਹ ਤਾਂ ਮਹਾਨ ਬਲੀ ਸੀ। ਮੈਂ ਤ੍ਰਿਲੋਕੀ ਦਾ ਭਾਰ ਤੇਰੇ ਰੱਥ 'ਤੇ ਦਿਤਾ ਹੋਇਆ ਸੀ। ਫੇਰ ਵੀ ਵੀਹ ਕਦਮਾਂ ਪਿੱਛੇ ਹਟਾ ਦਿੰਦਾ ਸੀ, ਜਦੋਂ ਬਾਣ ਮਾਰਦਾ ਸੀ। ਜੇ ਤੂੰ ਦਾਨ ਦੀ ਬਾਤ ਸੁਣਨੀ ਹੈ ਤਾਂ ਆ ਜਾ ਤੈਨੂੰ ਦਿਖਾਵਾਂ।

ਯੋਗ ਮਾਇਆ ਦੇ ਨਾਲ ਦੋਹਾਂ ਨੇ ਸਰੀਰ ਬਦਲ ਲਿਆ। ਕ੍ਰਿਸ਼ਨ ਮਹਾਰਾਜ ਨੇ ਇਕ ਬ੍ਰਾਹਮਣ ਬੁੱਢੇ ਦਾ ਸਰੀਰ ਧਾਰ ਲਿਆ। ਚਲਿਆ ਗਿਆ ਜਾ ਕੇ ਕਹਿਣ ਲੱਗਿਆ, ਮਹਾਰਾਜ ਕਰਣ! ਮੈਂ ਗਰੀਬ ਬ੍ਰਾਹਮਣ ਤੇਰੇ ਦਰ 'ਤੇ ਆਇਆ ਹਾਂ। ਮੇਰੀ ਲੜਕੀ ਦੀ ਸ਼ਾਦੀ ਹੈ। ਇਧਰਲੇ ਪਾਸੇ ਤੂੰ ਧਰਤੀ 'ਤੇ ਪਿਆ ਹੈਂ। ਦਲਿੱਦਰ ਦਾ ਵੈਰੀ ਹੈਂ ਤੂੰ। ਜੇ ਤੂੰਹੀਂ ਚਲਿਆ ਗਿਆ ਤਾਂ ਦਲਿੱਦਰ ਦੁਨੀਆਂ ਦੇ ਉਤੇ ਛਾ ਜਾਏਗਾ। ਮੈਂ ਗਰੀਬ ਬ੍ਰਾਹਮਣ ਤੇਰੇ ਕੋਲ ਆਇਆ ਹਾਂ। ਮੇਰੀ ਮਦਦ ਕਰ, ਮੇਰੀ ਲੜਕੀ ਦੀ ਸ਼ਾਦੀ ਹੈ। ਮੈਨੂੰ ਕੁਛ ਦੇਹ।

ਉਹ ਕਹਿਣ ਲੱਗਿਆ, ਐ ਬ੍ਰਾਹਮਣ! ਇਸ ਵੇਲੇ ਮੇਰਾ ਖੂਨ ਨਿਕਲ ਰਿਹਾ ਹੈ। ਨਿਗ੍ਹਾ ਮਾਰ ਕੇ ਦੇਖ ਕੇ ਦਸ ਕਿ ਕਿੱਥੇ ਤਕ ਚਲਿਆ ਗਿਆ ਤੇ ਅੰਤ ਦੇ ਸਮੇਂ ਮੈਂ ਪ੍ਰਭੂ ਦੀ ਯਾਦ ਵਿਚ ਹਾਂ, ਹੁਣ ਤਾਂ ਮੇਰੇ ਕੋਲ ਕੋਈ ਚੀਜ਼ ਨਹੀਂ, ਮੈਂ ਸ਼ਰਮਿੰਦਾ ਹੋਇਆ ਤੈਨੂੰ ਕੀ ਦੇਵਾਂ? ਜੇ ਮੇਰੀ ਅੱਖ ਲੈ ਕੇ ਤੇ ਕੁਛ ਬਣਦੈ, ਮੇਰੀਆਂ ਅੱਖਾਂ ਕੱਢ ਲੈ। ਜੇ ਮੇਰੇ ਸਰੀਰ ਦਾ ਕੋਈ ਅੰਗ ਤੇਰੇ ਕੰਮ ਆ ਸਕਦੈ, ਤਾਂ ਅੰਗ ਵੱਢ ਲੈ। ਹੋਰ ਕੋਈ ਚੀਜ਼ ਤੈਨੂੰ ਚਾਹੀਦੀ ਹੈ। ਉਹ ਲੈ-ਲੈ ਜੋ ਮੇਰੇ ਕੋਲ ਹੈ। ਪਰ ਮੈਂ ਕੀ ਕਰਾਂ, ਮੇਰੇ ਕੋਲ ਇਸ ਵੇਲੇ ਦਾਨ ਦੇਣ ਲਈ ਕੋਈ ਚੀਜ਼ ਨਹੀਂ ਹੈ।

ਉਹ ਵਿਗੜ ਗਿਆ ਬ੍ਰਾਹਮਣ। ਕਹਿਣ ਲੱਗਿਆ, ਝੂਠ ਬੋਲਦੈਂ? ਮੈਂ ਤੈਨੂੰ ਸਰਾਪ ਦੇ ਦੇਵਾਂਗਾ। ਤੇਰੇ ਕੋਲ ਹੈ ਦੇਣ ਵਾਸਤੇ ਅਰ ਤੂੰ ਛੁਪਾ ਰਿਹਾ ਹੈਂ।

ਉਹ ਕਹਿਣ ਲੱਗਿਆ, ਮਹਾਰਾਜ! ਕ੍ਰੋਧਿਤ ਨਾ ਹੋਵੋ। ਕ੍ਰਿਪਾ ਕਰੋ ਮੇਰੇ ਗਰੀਬ ਦੇ ਉਤੇ ਤੇ ਮੈਨੂੰ ਦੱਸੋ ਕਿ ਮੇਰੇ ਕੋਲ ਕੀ ਚੀਜ਼ ਹੈ, ਜਿਹੜੀ ਮੈਂ ਤੁਹਾਨੂੰ ਦੇਵਾਂ?

ਉਸ ਵੇਲੇ ਬ੍ਰਾਹਮਣ ਨੇ ਕਿਹਾ ਕਿ ਕਰਣ! ਤੇਰੇ ਪਾਸ ਤੇਰੇ ਦੰਦਾਂ ਦੇ ਵਿਚ ਸੋਨਾ ਲੱਗਿਆ ਹੋਇਐ। ਉਹ ਤੂੰ ਮੈਨੂੰ ਦੰਦ ਤੋੜ ਕੇ ਦੇ ਸਕਦੈਂ।

ਕਹਿਣ ਲੱਗਿਆ, ਹਾਂ ਮੈਂ ਭੁੱਲ ਗਿਆ, ਬੜੀ ਮੇਰੇ ਤੋਂ ਭੁੱਲ ਹੋ ਗਈ। ਕ੍ਰਿਪਾ ਕਰੋ, ਐ ਬ੍ਰਾਹਮਣ ਦੇਵਤਾ! ਮੈਨੂੰ ਇਕ ਪੱਥਰ ਫੜਾ ਦਿਓ ਤਾਂ ਕਿ ਮੈਂ ਦੰਦ ਤੋੜ ਕੇ ਦੇ ਦੇਵਾਂ।

ਬ੍ਰਾਹਮਣ ਨੇ ਕਿਹਾ ਕਿ ਮੈਂ ਪੱਥਰ ਨਹੀਂ ਫੜਾ ਸਕਦਾ। ਔਹ ਪੱਥਰ ਤੇਰੇ ਨੇੜੇ ਹੀ ਪਿਐ। ਤੂੰ ਚੁੱਕ ਲੈ। ਹੁਣ ਹਿੱਲ ਉਸ ਤੋਂ ਹੁੰਦਾ ਨਹੀਂ ਹੈ। ਇਕ-ਇਕ ਇੰਚ ਝਟਕੇ ਮਾਰ-ਮਾਰ ਕੇ ਉਧਰ ਨੂੰ ਜਾਣਾ ਸ਼ੁਰੂ ਕਰ ਦਿਤਾ। ਅਖੀਰ ਪੱਥਰ ਤੱਕ ਚਲਿਆ ਗਿਆ ਤੇ ਜਦੋਂ ਪੱਥਰ ਚੁੱਕ ਕੇ ਮਾਰਨ ਲੱਗਿਆ, ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਵਿਸ਼ਨੂੰ ਭਗਵਾਨ ਦਾ ਰੂਪ ਧਾਰ ਕੇ ਬਾਂਹ ਫੜ ਲਈ। ਵਿਬਾਨ ਮੰਗਾ ਲਏ ਬੈਕੁੰਠ ਧਾਮ ਨੂੰ ਭੇਜ ਦਿਤਾ।

ਕਹਿੰਦੇ, ਕਿਉਂ ਅਰਜੁਨ! ਇਹ ਮਹਾਂਦਾਨੀ ਹੈ। ਜਿਹੜਾ ਪੁੰਨ ਤੇ ਦਾਨ ਦਾ ਆਪਣਾ ਸਰੀਰ ਕਰ ਲਵੇ। ਮਹਾਂਪਵਿੱਤਰ ਗ੍ਰਹਿਸਤੀ ਹੁੰਦਾ ਹੈ ਉਹ। ਸਾਨੂੰ ਭੁੱਲ ਜਾਂਦੈ। ਸਾਡੇ ਯਾਦ ਨਹੀਂ ਰਹਿੰਦਾ ਕਿ ਗੁਰੂ ਦਸ਼ਮੇਸ਼ ਪਿਤਾ ਨੇ ਆਪਣਾ ਸਰੀਰ ਪੁੰਨ ਦਾਨ ਦਾ ਨਹੀਂ ਸੀ ਕਰਿਆ, ਸਰਬੰਸ ਸਾਰਾ ਪੁੰਨ ਦਾਨ ਦਾ ਕਰਕੇ ਐਸੀ ਘਟਨਾ, ਐਸੀ ਹਾਲਤ ਵਰਤਾਈ ਉਹ ਸਾਨੂੰ ਯਾਦ ਰੱਖਣੀ ਚਾਹੀਦੀ ਹੈ -

*ਧਾਰਨਾ - ਪਿਤਾ ਵਾਰਿਆ ਪੁੱਤਰ ਚਾਰੇ ਵਾਰੇ,*
*ਸਿੰਘਾ ਤੇਰੀ ਸ਼ਾਨ ਬਦਲੇ।*

ਗੁਰੂ ਦਸ਼ਮੇਸ਼ ਪਿਤਾ ਨੇ ਇਸ ਦੇਸ਼ ਦੀ ਕਲਿਆਣ ਵਾਸਤੇ ਪਿਤਾ ਨੂੰ ਵਾਰ ਦਿਤਾ। ਆਪਣਾ ਐਨਾ ਕੋਈ ਹਰਜ਼ ਨਹੀਂ ਸੀ ਹੁੰਦਾ -

*ਤਿਲਕ ਜੰਞੂ ਰਾਖਾ ਪ੍ਰਭ ਤਾਕਾ*
*ਕੀਨੋ ਬਡੋ ਕਲੂ ਮਹਿ ਸਾਕਾ।*

ਤਿਲਕ ਵੀ ਦੂਸਰਿਆਂ ਦੇ ਲਗਦਾ ਸੀ, ਗਊ ਨੂੰ ਉਹ ਮੰਨਦੇ ਸੀ। ਉਹਨੂੰ ਬਚਾਉਣ ਵਾਸਤੇ ਕਿੱਡੀ ਵੱਡੀ ਕੁਰਬਾਨੀ ਦਿਤੀ। ਚਾਰੇ ਸਾਹਿਬਜ਼ਾਦੇ ਸ਼ਹੀਦ ਕਰਵਾ ਦਿਤੇ। ਆਪ ਵੀ ਸ਼ਹੀਦ, ਮਾਤਾ ਵੀ ਸ਼ਹੀਦ। ਸਾਰਾ ਸਰਬੰਸ ਦਾਨ ਵਿਚ ਦੇ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਦਾਨ ਜੋ ਹੈ ਉਸ ਨੂੰ ਵੀ ਕਹਿੰਦੇ ਨੇ ਕਿ ਮਹਾਂ ਦਾਨੀ ਸੀ ਕਰਣ। ਪਰ ਕਿੱਡਾ ਵੱਡਾ ਦਾਨ ਹੈ ਗੁਰੂ ਮਹਾਰਾਜ ਦਾ, ਸਾਡੇ ਉਤੇ ਕਿੱਡਾ ਅਹਿਸਾਨ ਹੈ। ਸੋ ਮਹਾਰਾਜ ਕਹਿੰਦੇ, ਇਹ ਚੀਜ਼ਾਂ ਤਾਂ ਨਹੀਂ ਖੱਟ ਰਿਹਾ। ਇਹਦੀ ਥਾਂ 'ਤੇ ਕੱਲਰ ਦੀ ਪੋਟ ਉਠਾ ਰਿਹੈ ਸਿਰ ਦੇ ਉਤੇ -

*ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥*
*ਓਢੈ ਬਸਤ੍ਰ ਕਾਜਰ ਮਹਿ ਪਰਿਆ*
*ਬਹੁਰਿ ਬਹੁਰਿ ਫਿਰਿ ਝਾਰੈ ॥ ੨ ॥ ਅੰਗ- ੨੦੫*

ਮਹਾਰਾਜ ਕਹਿਣ ਲੱਗੇ ਕਿ ਪਿਆਰਿਆ! ਤੁਹਾਨੂੰ ਹੁਕਮ ਨਹੀਂ ਪ੍ਰਸ਼ਾਦ ਪਾਣੀ ਛਕਾਉਣ ਦਾ?

ਨਾ ਮਹਾਰਾਜ! ਅਸੀਂ ਤਾਂ ਜਲ ਵੀ ਨਹੀਂ ਪਿਲਾ ਸਕਦੇ। ਡਾਢਾ ਹੈ ਸਾਡਾ ਸਰਦਾਰ, ਬੜਾ ਦੰਡ ਦਿੰਦੈ ਸਖ਼ਤ। ਇਸ ਕਰਕੇ ਅਸੀਂ ਖਿਮਾ ਮੰਗਦੇ ਹਾਂ ਕਿ ਅਸੀਂ ਆਪ ਦੀ ਸੇਵਾ ਨਹੀਂ ਕੁਛ ਵੀ ਕਰ ਸਕੇ। ਕਿਉਂਕਿ ਸਾਨੂੰ ਆਗਿਆ ਨਹੀਂ। ਸਾਨੂੰ ਪੁੰਨ ਦਾਨ ਤੋਂ ਬਾਂਝਤ ਕਰ ਦਿਤਾ ਉਸ ਨੇ। ਹਾਲਾਂਕਿ ਗ੍ਰਹਿਸਤੀ ਦਾ ਧਰਮ ਪੁੰਨ ਦਾਨ ਕਰਨਾ ਹੋਇਆ ਕਰਦੈ।

ਮਹਾਰਾਜ ਕਹਿਣ ਲੱਗੇ, ਅੱਛਾ, ਉਹਦਾ ਘਰ ਕਿੱਥੇ ਹੈ?

ਅਤਾ ਪਤਾ ਪੁੱਛਿਆ ਤੇ ਗੁਰੂ ਮਹਾਰਾਜ ਭਾਈ ਭੂਮੀਏ ਸਰਦਾਰ ਦੇ ਘਰ ਚਲੇ ਜਾਂਦੇ ਨੇ। ਨੌਕਰ ਚਾਕਰ ਬਹੁਤ ਨੇ, ਬਹੁਤ ਗਹਿਮਾ ਗਹਿਮ ਹੋ ਰਹੀ ਹੈ। ਲੰਗਰ ਦੇ ਵਿਚ ਗਹਿਮਾ ਗਹਿਮ ਹੈ। ਬਹੁਤ ਸਾਰੇ ਅਤਿਥੀ ਪ੍ਰਸ਼ਾਦਾ ਛਕ ਕੇ ਅਸੀਸਾਂ ਦਿੰਦੇ ਜਾ ਰਹੇ ਨੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜਦੋਂ ਪਹੁੰਚੇ, ਅਜੀਬ ਨੁਹਾਰ ਖਿੱਚ ਪੈਣ

ਵਾਲੀ, ਅੰਮ੍ਰਿਤ ਡੋਲਦੇ ਨੈਣ ਤੇ ਨਿਰੀ ਪਿਆਰ ਦੀ ਮੂਰਤ ਦੇਖ ਕੇ ਜਿਹੜੇ ਉਹਨਾਂ ਦੇ ਕਰਮਚਾਰੀ ਸੀ ਉਹਨਾਂ ਨੇ ਜਾ ਕੇ ਦਸਿਆ ਕਿ ਸਰਦਾਰ ਜੀ, ਅੱਜ ਕੋਈ ਐਸਾ ਮਹਾਤਮਾ ਆਇਆ ਹੈ ਜਿਸ ਵਲ ਵੀ ਉਹਨਾਂ ਦੀ ਨਿਗ੍ਹਾ ਪੈ ਜਾਂਦੀ ਹੈ, ਉਸ ਨੂੰ ਦੇਖਦੇ ਸਾਰ ਖਿੱਚ ਪੈ ਜਾਂਦੀ ਹੈ ਅੰਦਰ। ਆਪਨਾ-ਆਪਨਾ ਲਗਦੈ। ਓਪਰਾ ਨਹੀਂ ਲਗਦਾ। ਐਨਾ ਪਿਆਰ ਵਾਲਾ ਕੋਈ ਅੱਜ ਤਕ ਤਾਂ ਅਸੀਂ ਦੇਖਿਆ ਨਹੀਂ ਤੇ ਮੈਨੂੰ ਤਾਂ ਇਸ ਤਰ੍ਹਾਂ ਲਗਦੈ ਕਿ ਆਪਨੇ ਪੁੰਨਾਂ ਨੂੰ ਫਲ ਲਗ ਗਿਆ ਤੇ ਪ੍ਰਮੇਸ਼ਰ ਆਪ ਹੀ ਰੂਪ ਧਾਰ ਕੇ ਆ ਗਿਆ ਤੇ ਛੇਤੀ ਕਰੋ ਤੁਸੀਂ, ਕਿਤੇ ਇਸ ਤਰ੍ਹਾਂ ਨਾ ਹੋਵੇ ਉਹ ਵਾਪਸ ਚਲੇ ਜਾਣ।

ਭੂਮੀਆ ਬੜੀ ਸ਼ਰਧਾ ਦੇ ਨਾਲ, ਨੰਗੇ ਪੈਰੀਂ ਹੱਥ ਜੋੜੇ ਹੋਏ ਨੇ, ਗਲ 'ਚ ਪੱਲਾ ਪਾਇਆ ਹੋਇਐ ਤੇ ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਆ ਕੇ ਨਮਸ਼ਕਾਰ ਕੀਤੀ। ਮਹਾਰਾਜ ਜੀ ਨੂੰ ਆਦਰ ਸਤਿਕਾਰ ਦੇ ਨਾਲ ਉਚੇ ਥਾਂ 'ਤੇ ਬਹਾਲਿਆ। ਆਪ ਹੇਠਾਂ ਬੈਠਿਆ ਹੱਥ ਬੰਨ੍ਹ ਕੇ। ਤੇ ਬੇਨਤੀ ਕੀਤੀ ਕਿ ਮਹਾਰਾਜ! ਆਪ ਨੇ ਤਾਂ ਮੇਰੇ ਉਪਰ ਬਹੁਤ ਵੱਡੀ ਕ੍ਰਿਪਾ ਕੀਤੀ ਹੈ ਤੇ ਅੱਜ ਤਾਂ ਇਉਂ ਹੋਇਐ ਕਿ ਕੀੜੀ ਦੇ ਘਰ ਨਾਰਾਇਣ ਪ੍ਰਭੂ ਆ ਗਏ ਤੇ ਮੈਂ ਜਿੰਨੇ ਜੋਗਾ ਹਾਂ ਆਪ ਦੀ ਸੇਵਾ ਕਰਨ ਨੂੰ, ਆਪ ਕ੍ਰਿਪਾ ਕਰੋ, ਪ੍ਰਸ਼ਾਦ ਪਾਣੀ ਤਿਆਰ ਹੈ, ਪਹਿਲਾਂ ਪ੍ਰਸ਼ਾਦ ਛਕੋ। ਫੇਰ ਮੈਨੂੰ ਹੋਰ ਕੋਈ ਸੇਵਾ ਹੋਵੇ ਦਸੋ, ਮੈਂ ਬੜੀ ਖੁਸ਼ੀ ਦੇ ਨਾਲ ਸੇਵਾ ਕਰਨ ਨੂੰ ਤਿਆਰ ਹਾਂ।

ਮਹਾਰਾਜ ਕਹਿਣ ਲੱਗੇ, ਭਾਈ ਭੂਮੀਆਂ! ਕੀ ਇਹ ਲੰਗਰ ਹਰ ਵਕਤ ਚਲਦਾ ਰਹਿੰਦੈ?

ਕਹਿੰਦਾ, ਹਾਂ ਮਹਾਰਾਜ।

ਸਾਧੂ ਪ੍ਰਸ਼ਾਦਾ ਛਕਦੇ ਨੇ?

ਕਹਿੰਦਾ, ਹਾਂ।

ਕਹਿਣ ਲੱਗੇ, ਫੇਰ ਪਿਆਰਿਆ! ਤੇਰੀ ਕਿਰਤ ਕੀ ਹੈ? ਐਡਾ ਖਰਚ ਤੂੰ ਕਿਵੇਂ ਸੰਭਾਲ ਲੈਂਦੈ?

ਸੋਚਣ ਲਗ ਗਿਆ। ਕਿਉਂਕਿ ਜਿਥੇ ਨਿਰਾ ਸੱਚ ਹੋਵੇ ਉਥੇ ਝੂਠ ਆ ਹੀ ਨਹੀਂ ਸਕਦਾ। ਉਸ ਮੰਡਲ ਦੇ ਵਿਚ ਝੂਠ ਨਹੀਂ ਪ੍ਰਵੇਸ਼ ਕਰਿਆ ਕਰਦਾ। ਜਿੱਥੇ ਸੱਚ ਦਾ ਰਾਜ ਹੋਵੇ। ਝੂਠ ਬੋਲਣਾ ਚਾਹੁੰਦੈ, ਲੇਕਿਨ ਬੋਲ ਨਹੀਂ ਸਕਦਾ। ਕਹਿੰਦੇ, ਕੀ ਗੱਲ?

ਕਹਿੰਦਾ, ਸੱਚੇ ਪਾਤਸ਼ਾਹ! ਤੁਹਾਡੇ ਸਾਹਮ੍ਹਣੇ ਮੇਰੇ 'ਚ ਤਾਕਤ ਨਹੀਂ ਰਹੀ ਕਿ ਮੈਂ ਝੂਠ ਬੋਲ ਦੇਵਾਂ, ਕੋਈ ਲਾਰਾ ਲਾ ਦੇਵਾਂ। ਤੁਸੀਂ ਪੁਛਿਐ ਕਿ ਕਿਰਤ ਕੀ ਕਰਦਾ ਹੁੰਦੈਂ? ਲੰਗਰ ਕਿਵੇਂ ਚਲਦੇ ਨੇ?

ਸੱਚੇ ਪਾਤਸ਼ਾਹ! ਇਹ ਮੈਂ ਤੁਹਾਡੇ ਤੋਂ ਨਹੀਂ ਲੁਕਾ ਸਕਦਾ, ਦੁਨੀਆਂ ਤੋਂ ਲੁਕਾਇਆ ਹੋਇਐ। ਉਹ ਇਹ ਹੈ ਕਿ ਮੇਰੇ ਕੋਲ ਬੜੇ ਜਾਬਰ ਬੰਦੇ ਨੇ। ਦਿਨ ਦੇ ਅੰਦਰ ਮੇਰਾ ਭੇਖ ਇਹ ਹੈ। ਰਾਤ ਨੂੰ ਜਦੋਂ ਸਭ ਸੌਂ ਜਾਂਦੇ ਨੇ, ਤਾਂ ਉਸ ਵੇਲੇ ਲੋਕਾਂ ਨੂੰ ਲੁੱਟਣ ਵਾਸਤੇ ਘਰ ਤੋਂ ਨਿਕਲ ਜਾਂਦਾਂ ਤੇ ਲੁੱਟ ਦਾ ਮਾਲ ਲਿਆਉਂਦਾ ਹਾਂ ਤੇ ਲਿਆ ਕੇ ਉਹਦੇ ਨਾਲ ਪਾਤਸ਼ਾਹ ਮੈਂ ਲੰਗਰ ਚਲਾਉਂਦਾ ਹਾਂ। ਮੈਂ ਨਹੀਂ ਖਾਂਦਾ, ਆਪਣੇ ਘਰ ਮੈਂ ਇਕ ਦਾਣਾ ਵੀ ਨਹੀਂ ਵੜਨ ਦਿਤਾ ਅੱਜ ਤੱਕ। ਕਹਿੰਦੇ, ਭੂਮੀਆਂ! ਇਕ ਗੱਲ ਦੱਸ ਜਿਹੜਾ ਤੂੰ ਕੰਮ ਕਰਦੈਂ ਇਹ ਪੁੰਨ ਹੈ ਕਿ ਪਾਪ ਹੈ?

ਕਹਿੰਦਾ, ਮਹਾਰਾਜ! ਪਾਪ ਹੈ।

ਕਹਿੰਦੇ, ਫੇਰ ਤੂੰ ਇਹ ਦਸ ਕਿ ਜਿਹੜੀ ਚੀਜ਼ ਧਰਤੀ 'ਚ ਬੀਜੀਏ, ਪਾਪ ਬੀਜੀਏ ਤਾਂ ਪਾਪ ਦਾ ਫਲ ਲਗਦੈ, ਪੁੰਨ ਬੀਜੀਏ ਤਾਂ ਪੁੰਨ ਦਾ ਫਲ ਲਗਦੈ। ਸਾਨੂੰ ਇਹ ਗੱਲ ਸਮਝਾ ਦੇ ਬੀਜਦਾ ਤੂੰ ਪਾਪ ਹੈਂ ਤੇ ਲੈਣੇ ਚਾਹੁੰਨੈਂ ਪੁੰਨ। ਪਾਪ ਪੁੰਨ ਕਿਵੇਂ ਬਣ ਜਾਣਗੇ ਪਿਆਰਿਆ। ਪੜ੍ਹ ਲਓ ਪਿਆਰ ਨਾਲ -

*ਧਾਰਨਾ - ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,*
*ਕਿੱਕਰਾਂ ਦੇ ਬੀਜ ਬੀਜ ਕੇ।*
*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ੨੩ ॥*
*ਅੰਗ - ੧੩੭੯*

ਦੇਖ ਬਈ ਤੂੰ ਗੱਲ ਆਪਾਂ ਮੰਤਕ ਤੇ ਦਲੀਲ ਦੀ ਤੇ ਇਨਸਾਫ ਦੀ ਕਰਦੇ ਹਾਂ। ਤੂੰ ਆਪ ਹੀ ਦਸ ਕਿ ਕੋਈ ਆਦਮੀ ਕਿੱਕਰਾਂ ਦੇ ਬੀਜ ਬੀਜੇ। ਜਦੋਂ ਬੀਜ ਖਰਦੀਦੈ ਬਹੁਤ ਸੋਹਣੇ ਨੇ। ਕਾਲੇ ਘੇਰੇ ਬੀਜ ਦੇ ਉਤੇ ਬਹੁਤ ਵੀ ਵਧੀਆ ਪਏ ਹੁੰਦੇ ਨੇ। ਉਸ ਵੇਲੇ ਉਹਨੂੰ ਪਤਾ ਨਹੀਂ ਹੁੰਦਾ ਕਿ ਇਸ ਬੀਜ ਦੇ ਢਿੱਡ ਵਿਚ ਕੰਡੇ ਵੀ ਛੁਪੇ ਹੋਏ ਹੁੰਦੇ ਨੇ। ਤੂੰ ਇਸ ਤਰ੍ਹਾਂ ਦਸ ਅੰਗੂਰ ਦਾ ਬੀਜ ਖੁਰਦਰਾ ਹੁੰਦੈ। ਕਿੱਕਰ ਦਾ ਬੀਜ ਸੋਹਣਾ ਹੁੰਦੈ। ਬੀਜਣ ਨੂੰ ਬੜਾ ਪਿਆਰਾ ਲਗਦੈ। ਇਹ ਅੱਜ ਤੱਕ ਕਦੇ ਹੋਇਐ ਕਿ ਕਿੱਕਰਾਂ ਬੀਜ ਕੇ ਅੰਗੂਰ ਲੱਗੇ ਹੋਣ। ਕਹਿੰਦਾ, ਨਾ ਮਹਾਰਾਜ ਕਦੇ ਵੀ ਨਹੀਂ ਲਗਦੀਆਂ। ਕਦੇ ਇਸ ਤਰ੍ਹਾਂ ਹੋਇਐ ਕਿ ਉੱਨ ਕੱਤਦੈ ਤੇ ਰੇਸ਼ਮ ਪਹਿਨਣਾ ਚਾਹੁੰਦਾ ਹੋਵੇ। ਮਿਲ ਜੂ ਰੇਸ਼ਮ? ਕਹਿੰਦਾ, ਨਾ ਮਹਾਰਾਜ! ਫੇਰ ਭੂਮੀਆਂ ਤੂੰ ਇਸ ਤਰ੍ਹਾਂ ਦਸ ਕਿ ਜਦੋਂ ਤੂੰ ਖੋਹਦੈਂ ਉਹ ਲੋਕ ਖੁਸ਼ੀ ਨਾਲ ਦਿੰਦੇ ਨੇ ਤੈਨੂੰ? ਕਹਿੰਦਾ, ਨਹੀਂ ਮਹਾਰਾਜ! ਚੀਖ ਪੁਕਾਰ ਹੁੰਦੀ ਹੈ।

ਉਹਨਾਂ ਦੀਆਂ ਲੋੜਾਂ ਵੀ ਤੂੰ ਸਾਰੀਆਂ ਖੋਹ

ਲਿਆਉਂਦੈਂ। ਮਿਹਨਤ ਕਰ-ਕਰ ਕੇ ਉਹਨਾਂ ਨੇ ਧਨ ਕਮਾਇਐ। ਆਪਣੇ ਕਾਰਜਾਂ ਨੂੰ ਸਿੱਧ ਕਰਨ ਵਾਸਤੇ ਰੱਖਿਐ। ਕੋਈ ਬੱਚਾ ਕਿਸੇ ਨੇ ਪੜ੍ਹਾਉਣੈਂ, ਕਿਸੇ ਨੇ ਵਿਆਹੁਣੈ, ਕਿਸੇ ਨੇ ਕਿਸੇ ਦੇ ਬੀਮਾਰ ਦੇ ਉਤੇ ਖਰਚ ਕਰਨੈਂ, ਕਿਸੇ ਨੇ ਹਰ ਥਾਂ ਕਰਨੈਂ। ਤੇ ਤੂੰ ਅਚਾਨਕ ਉਹਨਾਂ 'ਤੇ ਝਪਟਾ ਮਾਰ ਕੇ ਖੋਹ ਲਿਆਉਂਦੈ ਤੇ ਉਹ ਰੋਂਦੇ ਕੁਰਲਾਉਂਦੇ ਨਹੀਂ ਹੈ?

ਕਹਿੰਦਾ, ਮਹਾਰਾਜ! ਉਹ ਤਾਂ ਬਹੁਤ ਰੋਂਦੇ ਨੇ, ਚੀਕਾਂ ਮਾਰਦੇ ਨੇ।

ਫੇਰ ਤੂੰ ਇਸ ਤਰ੍ਹਾਂ ਦਸ ਕਿਸੇ ਦਾ ਦਿਲ ਦੁਖੀ ਕਰਨਾ ਪੁੰਨ ਹੋਇਆ ਕਰਦੈ ਕਿ ਪਾਪ ਹੋਇਆ ਕਰਦੈ। ਆਪੇ ਹੀ ਦਸ। ਜੇ ਤੇਰੇ ਤੋਂ ਕੋਈ ਖੋਹਣ ਵਾਲਾ ਜਾਬਰ ਆ ਜਾਵੇ, ਫੇਰ ਤੂੰ ਕਹੇਂਗਾ ਕੀ ਇਹ ਪੁੰਨ ਕਰ ਰਿਹੈ?

ਨਹੀਂ ਮਹਾਰਾਜ! ਇਹ ਪਾਪ ਦੀ ਬਾਤ ਹੈ।

ਫੇਰ ਤੂੰ ਪਾਪ ਕਰਦਾ ਹੋਇਆ ਨਾ?

ਇਹ ਜਿਹੜੇ ਪਾਪ ਕਰਦੈਂ, ਪ੍ਰਮੇਸ਼ਰ ਦਾ ਨਿਯਮ ਐਸਾ ਹੈ ਪਿਆਰਿਆ! ਕੀਤਾ ਹੋਇਆ ਕਰਮ ਜਿਹੜਾ ਹੈ ਉਹਨੇ ਫਲ ਦਿਤੇ ਤੋਂ ਬਗੈਰ ਨਹੀਂ ਮਿਟਣਾ।

*ਧਾਰਨਾ - ਫਲ ਦਿਤਿਆਂ ਬਾਜ ਨਾ ਜਾਣਾ-੨*
*ਤੇਰਿਆਂ ਕਰਮਾਂ ਨੇ ਪਿਆਰਿਆ।*

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ- ੪੩੩*

ਕਿਉਂ ਬਈ, ਫੇਰ ਗੱਲ ਸਿੱਧੀ ਹੋ ਗਈ ਨਾ। ਤੂੰ ਕਰੇ ਕਰਮ। ਕਰਮ ਤੂੰ ਐਸੇ ਕਰੇ ਜਿਹਦੇ ਵਿਚ ਚੀਖ ਪੁਕਾਰ, ਰੋਣਾ, ਧੋਣਾ, ਖੋਹ-ਖਿੰਝ ਸ਼ਾਮਲ ਹੈ। ਤੂੰ ਇਕ ਗੱਲ ਸਾਨੂੰ ਸਮਝਾ ਦੇ ਕਿ ਜਦੋਂ ਕੋਈ ਜ਼ਿੰਮੀਦਾਰ ਖੇਤ ਵਿਚ ਕੋਈ ਬੀਜ ਪਾ ਦੇਵੇ, ਉਹ ਹਰਾ ਹੁੰਦੈ ਕਿ ਨਹੀਂ ਹੁੰਦਾ?

ਕਹਿੰਦਾ, ਹੁੰਦੈ?

ਦੇਖਦਾ ਹੈ ਨਾ ਰੋਜ਼। ਜਿਸ ਚੀਜ਼ ਦਾ ਬੀਜ ਪਾਇਆ ਜਾਵੇਗਾ ਉਹੀ ਚੀਜ਼ ਹਰੀ ਹੋਏਗੀ। ਹੁਣ ਜਦ ਤੂੰ ਇਸ ਧਰਤੀ ਦੇ ਵਿਚ, ਇਸ ਸੰਸਾਰ ਦੇ ਵਿਚ ਪਾਪ ਦਾ ਬੀਜ ਪਾਉਨੈਂ ਹੁਣ ਪਾਪ ਹਰਾ ਹੋਏਗਾ ਕਿ ਪੁੰਨ ਹਰਾ ਹੋਏਗਾ?

ਕਹਿੰਦਾ, ਮਹਾਰਾਜ! ਓਧਰਲੇ ਪਾਸਿਓਂ ਤਾਂ ਪਾਪ ਹੀ ਹਰਾ ਹੋਣਾ ਹੈ। ਪਰ ਮੇਰੀ ਅਗਲੀ ਗੱਲ ਵੀ ਸੁਣ ਲਓ।

ਮਹਾਰਾਜ ਕਹਿੰਦੇ, ਤੇਰੀ ਅਗਲੀ ਗੱਲ ਫੇਰ ਸੁਣਾਂਗੇ। ਪਹਿਲਾਂ ਆਪਾਂ ਇਸੇ ਗੱਲ ਦਾ ਨਿਰਣਾ ਲੈ ਲਈਏ। ਕਹਿੰਦੇ, ਫੇਰ ਪਾਪ ਹੋਏ ਨਾ। ਪਾਪਾਂ ਦਾ ਫਲ ਭੋਗਣਾ ਪੈਣੈਂ। ਤਿੰਨ ਕਿਸਮ ਦੇ ਕਰਮ ਹੁੰਦੇ ਨੇ, ਇਕ ਕ੍ਰਿਆਮਾਨ ਕਰਮ ਜਿਹੜੇ ਰੋਜ਼ ਦੀ ਰੋਜ਼ ਅਸੀਂ ਕਰਦੇ ਹਾਂ। ਇਹ ਕ੍ਰਿਆਮਾਨ ਕਰਮ ਜਿਹੜੇ ਨੇ ਇਹ ਜਮ੍ਹਾਂ ਹੋ ਜਾਂਦੇ ਨੇ। ਉਪਰ ਜਾ ਕੇ ਅੰਤਸ਼ਕਰਣ ਦੇ ਵਿਚ। ਉਹ ਜਮ੍ਹਾਂ ਹੋਏ ਕਰਮਾਂ ਨੂੰ ਸੰਚਿਤ ਕਰਮ ਕਿਹਾ ਜਾਂਦੈ। ਉਹਦੇ ਵਿਚੋਂ ਭੁਗਤਾਉਣ ਵਾਸਤੇ ਜਦੋਂ ਜਨਮ ਧਾਰਦੈ, ਪਰਾਲਬਧ ਦੀ ਕੋਟੀ ਵਿਚ ਆ ਜਾਂਦੇ ਨੇ ਕਰਮ। ਕੋਈ ਮਾੜੇ ਥਾਂ ਚਲਿਆ ਜਾਂਦੈ। ਕਿਸੇ ਦਾ ਸਾਥ ਨਹੀਂ ਬਣਦਾ। ਇਸਤ੍ਰੀ ਹੋਰ ਸੁਭਾਅ ਦੀ, ਪਤੀ ਹੋਰ ਸੁਭਾਅ ਦਾ। ਉਹ ਨਸ਼ੇ ਖਾਈ ਜਾਂਦੈ, ਘਰ ਉਜਾੜੀ ਜਾਂਦੈ। ਕਰਮਾਂ ਦਾ ਦੋਸ਼ ਹੈ, ਆਪਸ ਵਿਚ ਕੀਤਾ ਹੋਇਐ, ਭੁਗਤਣਾ ਪੈਂਦੈ। ਜਿਹੜਾ ਕੀਤੈ ਉਹ ਭੁਗਤਣੈ।

*ਭੋਗੇ ਬਿਨ ਭਾਗਹਿ ਨਾਹੀ ਕਰਮ ਗਤੀ ਬਲਵਾਨ।*

ਉਹ ਤਾਂ ਹਰ ਹਾਲਤ ਵਿਚ ਆਦਮੀ ਨੂੰ ਭੋਗਣਾ ਪੈਣੈ, ਚਾਹੇ ਰੋ ਕੇ ਭੋਗ ਲੈ, ਚਾਹੇ ਹੱਸ ਕੇ ਭੋਗ ਲੈ। ਕਿਉਂਕਿ ਬੀਜਿਆ ਜਾ ਚੁਕਿਐ, ਪਰਾਲਬਧ ਕੋਟੀ 'ਚ ਕਰਮ ਆ ਗਿਆ। ਉਹਨੂੰ ਕੋਈ ਟਾਲ ਨਹੀਂ ਸਕਿਆ ਕਰਦਾ, ਕਿਸੇ ਤਰ੍ਹਾਂ ਨਾਲ।

ਸਾਧੂ ਸੰਤ ਤੇਰੇ ਕੋਲ ਆਉਂਦੇ ਨੇ ਨਾ?

ਕਹਿੰਦਾ ਹਾਂ ਜੀ।

ਕੋਈ ਕਥਾ ਵਾਰਤਾ ਵੀ ਕਰਦੇ ਹੁੰਦੇ ਨੇ?

ਕਹਿੰਦਾ, ਮਹਾਰਾਜ! ਉਹ ਤਾਂ ਦਸ-ਦਸ ਦਿਨ ਠਹਿਰਦੇ ਨੇ, ਸਤਿਸੰਗ ਲਗਦੇ ਨੇ। ਪਰ ਜਿਹੜੇ ਤੁਸੀਂ ਬਚਨ ਕਰਦੇ ਓਂ ਇਹ ਤਾਂ ਮੈਂ ਬਹੁਤ ਵਾਰੀ ਸੁਣੇ ਨੇ। ਪਰ ਮੇਰੇ ਅੰਦਰ ਇਹਨਾਂ ਨੇ ਕਦੇ ਅਸਰ ਨਹੀਂ ਕਰਿਆ। ਅੱਜ ਤਾਂ ਇਸ ਤਰ੍ਹਾਂ ਅੰਦਰ ਨੂੰ ਜਾਂਦੇ ਨੇ, ਮੈਂ ਸਮਝ ਨਹੀਂ ਸਕਦਾ। ਇਹ ਤਾਂ ਘਾਉ ਪਾਉਂਦੇ ਜਾਂਦੇ ਨੇ। ਛੇਕ ਕਰਦੇ ਜਾਂਦੇ ਨੇ।

*ਧਾਰਨਾ - ਗੁਰਾਂ ਨੇ ਮੇਰੇ ਓ ਬਾਣ ਮਾਰਿਆ।*
*ਮੇਰੇ ਪੈ ਗਿਆ ਕਲੇਜੇ ਛੇਕ ।*

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥*
*ਅੰਗ - ੧੩੭੪*

'ਚਲਦਾ.......।'

# ਨਾਨਕ ਲੇਖੈ ਇਕ ਗਲ

*ਸੰਤ ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।'

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥*
*ਅੰਗ - ੪੬੭*

ਸਾਰਿਆਂ 'ਚ ਇੱਕੋ ਹੀ ਗੱਲ ਲੇਖੇ 'ਚ ਹੈ, ਉਹ ਹੈ-

*ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ ੧॥*
*ਅੰਗ- ੨੬੧*

ਜਿੰਨੇ ਵੀ ਵੇਦ ਪੁਰਾਨ ਹਨ, ਇਨ੍ਹਾਂ ਦੇ ਵਿਚ ਸ਼ੁੱਧ ਅੱਖਰ ਹਨ, ਉਨ੍ਹਾਂ ਦੀ ਵਿਚਾਰ ਜੇ ਕਰੀਏ ਤਾਂ - 'ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥' ਸੁਖਮਨੀ ਸਾਹਿਬ ਜੀ ਫੁਰਮਾ ਰਹੇ ਹਨ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ - ੨੬੨*

ਸਿਮਰਨ ਹੁੰਦਾ ਹੈ ਕਿ ਉਹਦੀ ਯਾਦ ਦੇ ਵਿਚ ਬੈਠ ਕੇ ਸਿਮਰਨ ਕਰੀਏ। ਸਿਮਰਨ ਦੇ ਨਾਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਅੱਜ ਆਪਾਂ ਸਾਰੇ ਹੀ ਦੇਖ ਲਓ -

*ਕੋਈ ਤਨ ਦੁਖੀ, ਕੋਈ ਮਨ ਦੁਖੀ*
*ਚਿੰਤਾ ਚਿਤ ਉਦਾਸ, ਥੋੜੇ ਬਹੁਤੇ ਸਭ ਦੁਖੀ*
*ਸੁਖੀ ਹਰਿ ਕੇ ਦਾਸ।*

ਜੇ ਸੁੱਖ ਹੈ ਤਾਂ ਇਹ ਸਤਿਗੁਰ ਦੀ ਚਰਨ ਸ਼ਰਨ ਦੇ ਵਿਚ ਹੈ -

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥*
*ਅੰਗ - ੧੪੨੭*

ਕਿਉਂਕਿ ਸੰਸਾਰ ਦੀ ਹਾਲਤ ਐਸੀ ਹੈ ਕਿ ਨਾਮ ਜੋ ਇਸ ਦੇ ਅੰਦਰ ਹੈ, ਸਾਰੀ ਬਾਣੀ ਹੀ ਨਾਮ ਨਾਲ ਜੋੜਦੀ ਹੈ। ਨਾਮ ਇਹ ਬਾਹਰ ਤੋਂ ਨਹੀਂ ਲੱਭਦਾ। ਬਾਹਰ ਤਾਂ ਹੈ ਨਹੀਂ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ- ੧੦੦੨*

ਸਤਿਗੁਰ ਦੀ ਨਿਸ਼ਾਨੀ ਵੀ ਦੱਸੀ ਹੈ, ਜਿਹੜਾ ਇਸ ਘਰ ਦੇ ਵਿਚ ਸਰੀਰ ਰੂਪੀ ਘਰ ਦੇ ਅੰਦਰ, ਘਰ ਦਿਖਾ ਦੇਵੇ, ਉਹ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ- ੧੨੯੧*

*ਬਾਣੀ ਗੁਰੂ ਗੁਰੂ ਹੈ ਬਾਣੀ .........॥ ਅੰਗ- ੯੮੨*

ਕਿਉਂਕਿ ਗੁਰੂ ਕਦੇ ਸਰੀਰ ਨਹੀਂ ਹੋਇਆ। ਸਰੀਰ ਤਾਂ ਇਕ ਮੀਡੀਆ ਬਣਦਾ ਹੈ ਜਿਹਦੇ ਰਾਹੀਂ ਸਤਿਗੁਰ ਦੇ ਬਚਨ ਆ ਰਹੇ ਨੇ, ਬਾਣੀ ਆ ਰਹੀ ਹੈ -

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ॥ ਅੰਗ - ੧੩੦੯*

ਇਹ ਗੁਰੂ ਦੇ ਬਚਨ ਜੋ ਹਨ, ਇਹ ਕੋਈ ਵੀ ਕਮਾ ਲਓ, ਇਕ ਬਚਨ ਕਮਾ ਲਓ ਉਹੀ ਪਾਰ ਲਾ ਦਿੰਦਾ ਹੈ ਤੇ -

*ਸੰਤਹੁ ਸਾਗਰੁ ਪਾਰਿ ਉਤਰੀਐ ॥ ਅੰਗ- ੭੪੭*

ਜਿਹੜਾ ਪਾਰ ਲਾਉਣਾ ਹੈ, ਉਹ ਗੁਰੂ ਦੀ ਕ੍ਰਿਪਾ ਦੇ ਨਾਲ ਲੱਗਣਾ ਹੈ ਤੇ ਬਚਨ ਕਮਾ ਕੇ ਪਾਰ ਲਗਦੇ ਹਾਂ। ਇਕ ਬਚਨ ਕਮਾ ਕੇ ਪਾਰ ਲਗਦੇ ਹਾਂ, ਉਹ ਇਕ ਬਚਨ ਜਿਹੜਾ ਹੈ ਇਕ ਅੱਖਰ 'ਤੇ ਆ ਕੇ ਸਾਰੀ ਗੱਲ ਮੁੱਕਦੀ ਹੈ। ਪ੍ਰਮੇਸ਼ਰ ਮਨ 'ਚ ਵਸ ਗਿਆ, ਕਹਿੰਦੇ, ਉਹ ਤਾਂ ਆਪੇ ਹੀ ਨਿਹਾਲ ਹੋ ਗਿਆ। ਉਸੇ ਨੂੰ ਵਸਾਉਣ ਵਾਸਤੇ ਮੰਤ੍ਰ ਲੈਂਦੇ ਹਾਂ। ਗੁਰੂ ਘਰ 'ਚ ਪੰਜ ਪਿਆਰੇ ਇਹ ਮੰਤ੍ਰ ਦਿੰਦੇ ਨੇ, ਜਿਹਦੀ ਕਮਾਈ ਕਰਕੇ, ਕਮਾਈ ਵਾਲੇ ਪੁਰਸ਼ ਜੁਗਤ ਦਸਦੇ ਨੇ। ਜਿੰਨੇ ਸਾਡੇ ਦੁਖ ਹਨ, ਰੋਗ ਹਨ, ਇਸ ਦੇ ਨਾਲ ਦੂਰ ਹੋ ਜਾਂਦੇ ਹਨ।

ਮਹਾਂਪੁਰਸ਼ ਰਤਵਾੜਾ ਸਾਹਿਬ ਜਦੋਂ ਸਤਿਸੰਗ ਕਰਦੇ, ਸੰਗਤਾਂ ਬਹੁਤ ਹੀ ਪਿਆਰ ਵਾਲੀਆਂ, ਜਗਿਆਸੂ ਜਨ ਜੁੜਦੇ ਹਨ। ਉਨ੍ਹਾਂ ਦੀ ਜਗਿਆਸਾ ਦੀ ਪੂਰਤੀ ਵਾਸਤੇ ਨਾਮ ਦੀਆਂ ਜੁਗਤੀਆਂ ਦਸਦੇ ਕਿਉਂਕਿ ਸਤਿਸੰਗ 'ਚ ਕੇਵਲ ਨਾਮ ਦੀ ਹੀ ਗੱਲ ਹੁੰਦੀ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਉਹ ਇਹਦੀ ਵਿਆਖਿਆ ਕਰਦੇ ਨੇ। ਹੁਣ ਵਿਆਖਿਆ ਮੂਲਮੰਤ੍ਰ, ਫੇਰ ਜਪੁਜੀ ਸਾਹਿਬ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਦੀ ਬਾਣੀ ਇਹ ਸਾਰੀ ਹੀ ਨਾਮ ਦੇ ਨਾਲ ਜੋੜਨ ਵਾਸਤੇ, ਨਾਮ ਦੀ ਵਿਆਖਿਆ ਹੈ। ਸੁਖਮਨੀ ਸਾਹਿਬ 'ਚ ਫੁਰਮਾਨ ਹੈ ਕਿ ਉਹਦੀ ਯਾਦ 'ਚ ਬੈਠੋ, ਸੁਖ ਮਿਲਦਾ ਹੈ। ਸੁੱਖ ਉਹਦੀ ਯਾਦ 'ਚ, ਨਾਮ 'ਚ ਅਸਥਿਤ ਹੋ ਕੇ ਹੈ। ਨਾਮ ਦੀ ਨਿਸ਼ਾਨੀ ਵੀ ਦਸ ਦਿਤੀ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ- ੬੪੯*

ਉਹ ਨਾਮ ਬੈਖਰੀ ਬਾਣੀ 'ਚ ਆਪਾਂ ਹੁਣ ਬੋਲਿਆ, ਮਧਮਾ, ਪਸੰਤੀ, ਪਰਾ ਬਾਣੀ 'ਚ ਅਵਸਥਾ ਅੰਦਰ ਦੀਆਂ ਹਨ। ਮਹਾਂਪੁਰਸ਼ ਇਹ ਦਸ ਦਿੰਦੇ ਹਨ ਕਿਉਂਕਿ -

*ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥ ੨ ॥*
*ਅੰਗ- ੮੯੪*

ਮਹਾਂਪੁਰਸ਼ ਜਿਨ੍ਹਾਂ ਨੇ ਇਹ ਬਖਸ਼ਿਸ਼ ਕੀਤੀ।

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ॥੩॥*
*ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥*
*ਕਹੁ ਨਾਨਕ ਹਰਿ ਸਿਉ ਮਨੁ ਮਾਨਿਆ*
*ਰੰਗਿ ਰਤੇ ਬਿਸਮਾਦੇ॥ ਅੰਗ- ੬੧੪*

ਉਹ ਵਿਸਮਾਦ, ਕਿਉਂਕਿ ਨਾਮ ਦੀ ਜਿਹੜੀ ਪੂੰਜੀ ਹੈ ਉਹ ਹੈ ਤਾਂ ਅੰਦਰ ਤੇ ਅਨਹਦ ਬਾਣੀ ਪੂੰਜੀ, ਇਹਦੇ ਵਿਚ ਸਾਰੀ ਨਾਮ ਦੀ ਹੀ ਬਾਤ ਹੈ ਪਰ ਸੰਤਾਂ ਦੇ ਕੋਲ ਇਹਦੀ ਚਾਬੀ ਹੈ। ਮਹਾਂਪੁਰਸ਼ ਇਹ ਚਾਬੀ ਦੇ ਦਿੰਦੇ ਨੇ ਅਮੋਲਕ ਨਾਮ ਦੀ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ੧ ॥*
*ਅੰਗ- ੮੧*

ਉਹ ਦੇਖ ਕੇ ਕਿ ਜਗਿਆਸੂ ਹੈ, ਇਹਨੇ ਕਰਮ, ਉਪਾਸਨਾ ਕਰਕੇ ਜਦੋਂ ਗਿਆਨ ਦੀ ਅਵਸਥਾ 'ਚ ਆ ਗਿਆ, ਉਹ ਵਿਗਿਆਨ ਤੱਕ ਲਿਜਾਣ ਵਾਸਤੇ ਸਤਿਪੁਰਸ਼ ਇਹ ਕ੍ਰਿਪਾ ਕਰ ਦਿੰਦੇ ਨੇ। ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼, ਉਨ੍ਹਾਂ ਦੀ ਸੰਗਤ ਤੁਸੀਂ ਕੀਤੀ ਹੈ, ਐਨੇ ਦਿਆਲੂ, ਐਨੇ ਕ੍ਰਿਪਾਲੂ ਕਿ ਉਨ੍ਹਾਂ ਨੇ ਕੁਝ ਵੀ ਨਹੀਂ ਛੁਪਾ ਕੇ ਰੱਖਿਆ। ਪਰ ਕਿੱਡੀ ਦਿਆਲਤਾ ਉਨ੍ਹਾਂ ਦੀ, ਭੰਡਾਰੇ ਹੀ ਖੋਲ੍ਹ ਦਿਤੇ-

*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥*
*ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥ ਅੰਗ- ੧੮੬*

ਕਿੰਨਾ ਹੀ ਭੰਡਾਰ ਉਨ੍ਹਾਂ ਨੇ ਖੋਲ੍ਹਿਆ। ਸੱਤਵਾਂ ਗੁਰਮਤਿ ਸਮਾਗਮ ਸੀ, ਉਥੇ ਸਵਾਸਾਂ ਰਾਹੀਂ ਸਿਮਰਨ ਦਾ ਅਭਿਆਸ, ਇਹ ਆਪ ਉਨ੍ਹਾਂ ਨੇ ਕਰਵਾਇਆ। ਬਹੁਤ ਸਾਰੇ ਸਵਾਮੀ ਜਨ, ਵੱਡੇ-ਵੱਡੇ ਮਹਾਂ-ਮੰਡਲੇਸ਼ਵਰ, ਤੱਤ ਬੇਤੇ, ਪੁੱਜੀਆਂ ਰੂਹਾਂ, ਸਾਧੂ, ਸੰਤ ਉਥੇ ਪਹੁੰਚੇ ਸਨ। ਉਹ ਕਹਿਣ ਲੱਗੇ ਕਿ ਮਹਾਂਪੁਰਸ਼ੋ! ਇਹ ਤਾਂ ਗੋਪਨੀਯ ਮੰਤ੍ਰ ਹੈ। ਨਹੀਂ ਦਸਦੇ ਖੋਲ੍ਹ ਕੇ ਕੋਈ। ਇਹ ਤਾਂ ਤੁਸੀਂ ਭੰਡਾਰਾ ਹੀ ਖੋਲ੍ਹ ਦਿਤਾ। ਉਹ ਕਹਿਣ ਲੱਗੇ ਕਿ ਜੇ ਭੰਡਾਰਾ ਖੋਲ੍ਹ ਦਿਤਾ ਫੇਰ ਆਪਣੇ ਕੋਲ ਕੁਛ ਨਹੀਂ ਰਹਿੰਦਾ।

ਮਹਾਂਪੁਰਸ਼ ਕਹਿੰਦੇ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ- ੮੨੭*

ਕਹਿੰਦੇ, ਜਦੋਂ ਮੈਂ ਹੈ ਹੀ ਕੁਝ ਨਹੀਂ, ਉਹਦਾ ਹੀ ਹੈ-

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ - ੧੩੭੫*

ਕਿਉਂਕਿ ਉਹ ਅਵਸਥਾਵਾਂ, ਉਨ੍ਹਾਂ ਨੇ ਵੱਡੇ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਤੋਂ ਪ੍ਰਾਪਤ ਕੀਤੀਆਂ ਤੇ ਭੰਡਾਰੇ ਖੋਲ੍ਹ ਦਿਤੇ। 'ਆਤਮ ਮਾਰਗ' ਪੜ੍ਹ ਲਓ, ਪੁਸਤਕਾਂ ਹਨ। ਬੜਾ ਉਨ੍ਹਾਂ ਦੇ ਵਿਚ ਭੇਤ ਖੋਲ੍ਹਿਆ ਹੈ। ਕੋਈ ਹੋਰ ਪੜ੍ਹਨ ਦੀ ਲੋੜ ਹੀ ਨਹੀਂ ਪੈਂਦੀ। ਮਹਾਂਪੁਰਸ਼ ਵੀ ਕਿਹਾ ਕਰਦੇ ਕਿ ਮੇਰੇ ਸਰੀਰ ਤੋਂ ਬਾਅਦ ਜੇ ਤੁਸੀਂ ਲੱਭਣ ਜਾਓਗੇ ਕਿ ਕਿਸੇ ਕੋਲੋਂ ਪੁੱਛੀਏ, ਕੋਈ ਸਾਧੂ ਮਿਲੇ। ਨਹੀਂ ਮਿਲਦਾ। ਜੇ ਤੁਸੀਂ ਇਹ ਬਚਨ ਕਮਾ ਲਓ, ਉਹ ਬਚਨ ਕਹਿੰਦੇ ਆਪ ਹੀ ਪਾਰ ਲਾ ਦਊ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥੧॥ ਅੰਗ- ੭੪੭*

ਹੁਣ ਉਨ੍ਹਾਂ ਨੇ ਬਚਨ ਕੀ ਕੀਤਾ, ਉਨ੍ਹਾਂ ਨੇ ਅਵਸਥਾਵਾਂ ਦੇਖ ਕੇ ਕਿ ਹੁਣ ਇਨ੍ਹਾਂ ਨੂੰ ਵੀਹ-ਵੀਹ ਸਾਲ ਸਤਿਸੰਗ ਕਰਦਿਆਂ ਨੂੰ ਹੋ ਗਏ, ਕਰਮ ਸੇਵਾ ਕਰਦੇ, ਉਪਾਸਨਾ ਕਰਦੇ, ਹੁਣ ਗਿਆਨ ਦੇ ਵਿਚ ਪ੍ਰਵੇਸ਼ ਕਰਾਉਣ ਵਾਸਤੇ, ਸਤਿਪੁਰਸ਼ਾਂ ਨੇ ਆਹ ਉਪਦੇਸ਼ ਬਖਸ਼ਿਆ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਮਹਾਂਪੁਰਸ਼ਾਂ ਦਾ ਇਹ ਉਪਦੇਸ਼ ਕਮਾਇਆ ਹੋਇਆ, ਕਿਉਂਕਿ ਮੰਜ਼ਲ-ਦਰ-ਮੰਜ਼ਲ ਕਰਮ, ਉਪਾਸ਼ਨਾ 'ਚੋਂ ਲੰਘ ਕੇ ਗਿਆ, ਪ੍ਰਵੇਸ਼ ਕਰਾਉਣ ਲਈ, ਉਪਦੇਸ਼ ਬਖਸ਼ਿਸ਼ ਕਰਦੇ ਨੇ, ਹੈ ਤਾਂ ਗੁਰਬਾਣੀ ਦਾ ਹੀ ਉਪਦੇਸ਼ -

*ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥ ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥੧॥ ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥ ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥ ੧॥ ਰਹਾਉ ॥*
*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥੨॥ ਅੰਗ- ੭੪੯*

ਉਹ ਜੀਵਨ ਦਾਨ, ਜਿਹਨੂੰ ਨਾਮ ਦਾਨ ਕਿਹਾ ਹੈ। ਉਹ ਸਾਧੂਆਂ ਤੋਂ ਬਗੈਰ ਨਹੀਂ ਕੋਈ ਦੇ ਸਕਦਾ। ਆਮ ਤਾਂ ਕਹਿੰਦੇ ਨੇ ਕਿ 'ਨਾਮ' ਮਿਲ ਗਿਆ। ਫਲਾਣੀ ਜਗ੍ਹਾ ਤੋਂ ਲੈ ਆਓ। ਨਾਮ ਤਾਂ ਬਾਣੀ ਕਹਿੰਦੀ ਅੰਦਰ ਹੈ ਪਰ ਸਾਧੂ ਜਨ ਨਾਮ 'ਚ ਪ੍ਰਵੇਸ਼ ਕਰਦੇ ਹਨ, ਨਾਮ 'ਚ ਅਸਥਿਤ ਹਨ, ਨਾਮ 'ਚ ਅਭੇਦ ਹਨ, ਉਹ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* *ਅੰਗ - ੨੯੩*

ਉਹ ਦਸ ਦਿੰਦੇ ਨੇ।

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ੮ ॥ ੨ ॥*
*ਅੰਗ- ੨੬੫*

ਉਹ ਨਾਮ ਦੇ ਵਿਚ ਅਭੇਦ ਮਹਾਂਪੁਰਸ਼, ਨਾਮ ਦੇ ਨਾਲ ਹੀ ਜੋੜਦੇ ਹਨ -

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥'*
*ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥*
*ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥੩ ॥*
*ਪਖਾ ਫੇਰੀ ਪਾਣੀ ਢੋਵਾ*
*ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥*
*ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥੪॥*
*ਅੰਗ- ੭੪੯*

ਐਸੇ ਦਿਆਲੂ, ਕ੍ਰਿਪਾਲੂ ਮਹਾਂਪੁਰਸ਼, ਜੁਗਤੀਆਂ ਦਸ ਕੇ ਇਸ ਜੀਵ ਨੂੰ ਜਿੱਥੋਂ ਇਹ ਵਿਛੜਿਆ ਉਥੇ ਮਿਲਾ ਦਿੰਦੇ ਨੇ। ਉਹ ਉਪਦੇਸ਼ ਦ੍ਰਿੜ੍ਹ ਕਰਵਾ ਦਿੰਦੇ ਹਨ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥*
*ਅੰਗ- ੩੦੫*

ਮਹਾਂਪੁਰਸ਼ ਉਹ ਉਪਦੇਸ਼, ਦਇਆਲ ਹੋ ਕੇ ਦਸਦੇ ਨੇ। ਉਹ ਸਾਮ੍ਹਣੇ ਬਿਠਾ ਕੇ ਇਹ ਜਿਹੜੀ ਜੀਵ ਤੇ ਬ੍ਰਹਮ ਦੀ ਦੂਰੀ ਹੈ, ਉਹ ਮਿਟਾ ਦਿੰਦੇ ਨੇ।

ਸਮਾਗਮ ਉਤੇ ਬੋਲਣ ਵਾਸਤੇ ਵਿਸ਼ੇ ਦਿੰਦੇ ਪ੍ਰੋਫੈਸਰਾਂ, ਫਿਲਾਸਫਰਾਂ ਨੂੰ। ਉਨ੍ਹਾਂ ਨੂੰ ਇਹ ਵਿਸ਼ਾ ਦੇ ਦਿਤਾ ਕਿ ਤੁਸੀਂ ਇਹਦੇ ਉਤੇ ਬੋਲਣਾ ਹੈ ਕਿ ਉਹ ਕਿਹੜਾ ਉਪਦੇਸ਼ ਹੈ? ਇਕ ਵੀ ਪ੍ਰੋਫੈਸਰ ਨਹੀਂ ਬੋਲ ਸਕਿਆ, ਨਹੀਂ ਦਸ ਸਕਿਆ। ਕਿਉਂਕਿ ਇਹ -

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥*
*ਅੰਗ- ੪੬੫*

ਸਾਧੂ ਸਹਿਜ ਦੇ ਨਾਲ ਹੀ ਸਤਿਸੰਗ ਦੇ ਵਿਚ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥* *ਅੰਗ- ੨੯੩*

ਅੰਦਰ ਦਿਖਾ ਦਿੰਦੇ ਨੇ, ਓਹੀ ਜਿਹੜਾ 'ਨਾਮ' ਹੈ ਫੇਰ ਕਿੰਨਾ ਪਿਆਰਾ ਲਗਦਾ ਹੈ -

*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* *ਅੰਗ- ੨੯੩*

ਨਹੀਂ ਤਾਂ ਅੱਖਾਂ ਨਾਲ ਵੇਖਦਿਆਂ, ਕੰਨਾਂ ਨਾਲ ਸੁਣਦਿਆਂ ਕੀ ਦੇਖਦੇ ਹਾਂ -

*ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥*
*ਸਾਕਤ ਕੀ ਬਿਧਿ ਨੈਨਹੁ ਡੀਠੀ ॥* *ਅੰਗ- ੮੯੨*

ਇਨ੍ਹਾਂ ਅੱਖਾਂ ਨਾਲ ਦੇਖੀ। ਜਿਹੜੀ ਜ਼ਹਿਰ ਹੈ ਉਹ ਤਾਂ ਮਿੱਠੀ ਲਗਦੀ ਹੈ। ਮਾਇਆ ਦੀ ਜ਼ਹਿਰ ਚੜ੍ਹੀ ਹੈ ਸਭ ਨੂੰ ਪਰ ਸਤਿਸੰਗ ਦੇ ਵਿਚ -

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥* *ਅੰਗ- ੨੮੯*

ਜਿਹੜੀ ਹਉਮੈ ਹੈ ਉਹ ਪ੍ਰਮੇਸ਼ਰ ਨੂੰ ਦਿਸਣ ਨਹੀਂ ਦਿੰਦੀ। ਹੈ ਤਾਂ ਸਾਰੇ ਹੀ ਰਮਿਆ ਹੋਇਆ ਪ੍ਰਮੇਸ਼ਰ ਤੇ ਮਹਾਂਪੁਰਸ਼ ਜੁਗਤ ਦਸ ਦਿੰਦੇ ਨੇ ਕਿ ਇਸ ਤਰ੍ਹਾਂ ਦੇ ਨਾਲ ਕਰ ਲਓ। ਬੈਖਰੀ ਬੋਲ ਕੇ, ਮਧਮਾ, ਪਸੰਤੀ, ਪਰਾ ਬਾਣੀ 'ਚ। ਜਦੋਂ ਇਹ ਅਭਿਆਸ ਵਧਦਾ ਹੈ ਅੰਦਰ ਸੁਣਦਾ ਹੈ, ਫੇਰ ਉਸ ਨੂੰ ਸਾਰੇ ਰਮਿਆ ਹੋਇਆ ਪ੍ਰਮੇਸ਼ਰ ਹੀ ਨਜ਼ਰ ਆ ਜਾਂਦਾ ਹੈ। ਹਉਮੈ ਦਾ ਇਲਾਜ ਦਸਦੇ ਹਨ। ਜਿਹੜਾ ਇਹ ਦਿਸਣ ਨਹੀਂ ਦਿੰਦੀ -

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ*
*॥ ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ੩ ॥*
*ਅੰਗ- ੬੨੪*

ਪੜਦਾ ਜਿਹੜਾ ਹੈ ਹਉਮੈ ਦਾ, ਇਹ ਦਿਸਣ ਨਹੀਂ ਦਿੰਦੀ, ਹੈ ਤਾਂ ਵਾਸਾ ਅੰਦਰ ਪ੍ਰਮੇਸ਼ਰ ਦਾ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ-੪੬੬*

*ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥*
*ਅੰਗ- ੯੪੩*

*ਹਉਮੈ ਦੀਰਘ ਰੋਗੁ ਹੈ..................॥* *ਅੰਗ- ੪੬੬*

ਕਿੱਡਾ ਵੱਡਾ ਰੋਗ ਹੈ।

*ਦਾਰੂ ਭੀ ਇਸੁ ਮਾਹਿ ॥* *ਅੰਗ- ੪੬੬*
*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥* *ਅੰਗ - ੨੫੯*

ਪਰ ਪਤਾ ਕਿਉਂ ਨਹੀਂ ਲਗਦਾ। ਗੁਰੂ ਵਾਲੇ ਨਹੀਂ ਬਣਦੇ, ਸਤਿਸੰਗ ਨਹੀਂ ਕਰਦੇ। ਅੰਤਰੰਗ ਸਾਧਨ ਨਹੀਂ ਕਰਦੇ। ਇਸ ਕਰਕੇ ਪਤਾ ਨਹੀਂ ਲਗਦਾ। ਗੁਰੂ ਕੀ ਦਸਦਾ ਹੈ? ਸੰਜਮ, ਇਹ ਮਾਨਸਿਕ ਰਹਿਤਾਂ ਹਨ, ਇਹ ਸਰੀਰਕ ਰਹਿਤਾਂ ਹਨ। ਇਹ ਰੱਖ –

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਅੰਗ – ੪*

ਫੇਰ ਆਸਣ ਸਿੱਧ ਕਰ, ਮਨ ਨੂੰ ਸਾਧ। ਫੇਰ ਬਾਅਦ 'ਚ ਹੁੰਦਾ ਹੈ ਪ੍ਰਾਣਾਯਾਮ, ਪ੍ਰਤਿਹਾਰ, ਮਨ ਲੋਚਦਾ ਹੈ, ਹੁਣੇ ਪੜ੍ਹਦੇ ਸੀ ਕਿ ਸ਼ਬਦ ਦੇ ਨਾਲ ਹੀ ਆਹ ਜਿਹੜਾ – ***'ਮਨੁ ਲੋਚੈ ਬੁਰਿਆਈਆ ਗੁਰ ਸਬਦੀ ਇਹ ਮਨ ਹੋੜੀਐ।'*** ਮਨ ਨੂੰ ਰੋਕ, ਕਿਉਂਕਿ ਮਨ ਦਾ ਸੁਭਾਅ ਹੈ–

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ– ੧੨੫੩*

ਉਡਾਰੀਆਂ ਮਾਰਦਾ ਕਿੱਥੇ ਤੱਕ ਪਹੁੰਚਾ ਦਿੰਦਾ ਹੈ। ਮਨ ਵਰਗਾ ਜੇ ਦੇਖੀਏ ਮਿੱਤਰ ਵੀ ਕੋਈ ਨੀਂ, ਪਰ ਇਹਦੇ ਵਰਗਾ ਦੁਸ਼ਮਣ ਵੀ ਕੋਈ ਨਹੀਂ। 'ਮਨਿ ਜੀਤੈ, ਜਗੁ ਜੀਤੁ।'

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ੩੨ ॥ ਅੰਗ– ੩੪੨*

ਉਹ ਦਵਾਈ ਇਹਦੇ ਅੰਦਰ ਪਈ ਹੈ –

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ– ੨੫੯*

ਸਵਾਸ–ਸਵਾਸ ਦੀ ਉਹ ਅਵਸਥਾ, ਕਿੱਡੀ ਵੱਡੀ ਅਵਸਥਾ ਹੈ –

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥*
*ਅੰਗ– ੩੧੯*

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ– ੩੦੬*

ਮਹਾਂਪੁਰਸ਼ਾਂ ਨੇ ਪ੍ਰੈਕਟੀਕਲੀ ਇਹ ਕਰਕੇ ਦਿਖਾਇਆ ਕਿ ਅੰਮ੍ਰਿਤ ਵੇਲੇ ਉਠ ਕੇ ਇਹ ਜ਼ਰੂਰ ਪ੍ਰਕ੍ਰਿਆ ਕਰੋ। ਕਿਉਂਕਿ ਕਰਨਾ ਤਾਂ ਸਦਾ ਹੀ ਚਾਹੀਦਾ ਹੈ –

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ– ੨੮੬*

ਇਹ ਸਤਿਸੰਗ ਹੈ, ਸਤਿਸੰਗ ਦੇ ਵਿਚ ਸਤਿਪੁਰਸ਼ਾਂ ਨੇ ਜੋ ਉਪਦੇਸ਼ ਦਿਤਾ ਉਹ ਦੁਹਰਾਉਂਦੇ ਹਾਂ। ਬਾਰ–ਬਾਰ ਜਦੋਂ ਕਰਦੇ ਹਾਂ ਤਾਂ –

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਅੰਗ – ੨੮੬*

ਬਾਰ–ਬਾਰ, ਸਵਾਸ–ਸਵਾਸ ਵਾਹਿਗੁਰੂ ਦਾ ਜਾਪ ਹੋਵੇ। ਮਹਾਂਪੁਰਸ਼ਾਂ ਨੇ ਸਾਨੂੰ ਉਪਦੇਸ਼ ਦੇ ਦਿਤਾ, ਇਹਨੂੰ ਹਰ ਵਕਤ ਯਾਦ ਕਰਨਾ ਸਾਡੇ ਹੱਥ ਹੈ ਹੁਣ।

*ਕਹਤ ਕਬੀਰੁ ਜੀਤਿ ਕੈ ਹਾਰਿ ॥ ਅੰਗ – ੧੧੫੯*

ਭਾਵੇਂ ਬਾਜੀ ਜਿੱਤ ਜਾਹ, ਭਾਵੇ ਹਾਰ ਜਾਹ, ਇਹ ਤੇਰੇ ਵਸ ਹੈ। ਮਹਾਂਪੁਰਸ਼ਾਂ ਨੇ ਤਾਂ

*ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ੫ ॥ ੧ ॥ ੯ ॥*
*ਅੰਗ– ੧੧੫੯*

ਐਨੀਆਂ ਪੁਸਤਕਾਂ ਲਿਖੀਆਂ ਮਹਾਂਪੁਰਸ਼ਾਂ ਨੇ, ਇਨ੍ਹਾਂ ਵਿਚ ਕੇਵਲ ਨਾਮ ਦੀ ਵਿਆਖਿਆ ਹੈ। ਕਿਸੇ ਨੂੰ ਨਹੀਂ ਪਤਾ ਲਗਦਾ ਕਿ ਉਸ ਅਵਸਥਾ ਤਕ ਕਿਵੇਂ ਪਹੁੰਚਣਾ ਹੈ, ਉਸ ਅਵਸਥਾ ਦੇ ਬਾਰੇ ਸਤਿਪੁਰਸ਼ਾਂ ਨੇ ਇਉਂ ਦਸਿਆ ਕਿ ਸਿੱਧੇ ਬੈਠ ਜਾਵੋ।

ਪਰ ਅੱਜਕੱਲ੍ਹ ਦਾ ਜੋ ਸਾਡਾ ਜ਼ਿੰਦਗੀ ਜਿਉਣ ਦਾ ਤਰੀਕਾ ਹੈ, ਉਹ ਗਲਤ ਹੈ। ਇਕ ਤਾਂ ਜਿਹੜੀ ਖੂਨ ਦੇ ਵਿਚ ਸ਼ੂਗਰ ਵਧਦੀ ਹੈ। ਖੋਜ ਹੋਈ ਹੈ ਉਨ੍ਹਾਂ ਨੇ ਕਿਹਾ ਕਿ ਚੀਨੀ ਜਿਹੜੀ ਹੈ, ਇਹ ਤਾਂ ਚਿੱਟਾ ਜ਼ਹਿਰ ਹੈ। ਇਹਦੇ ਨਾਲੋਂ ਗੁੜ ਠੀਕ ਰਹਿੰਦਾ ਹੈ। ਗੁੜ ਖਾ ਲਓ, ਪ੍ਰਸ਼ਾਦੇ ਤੋਂ ਬਾਅਦ ਖਾਧਾ ਪੀਤਾ ਹਜ਼ਮ ਹੋ ਜਾਂਦਾ ਹੈ। ਜੇ ਕਿਤੇ ਚੀਨੀ, ਰਸਗੁੱਲੇ ਵਗੈਰਾ, ਕਿਸੇ ਤਰ੍ਹਾਂ ਨਾਲ ਵੀ ਚੀਨੀ ਅੰਦਰ ਚਲੇ ਗਈ, ਆਈਸਕਰੀਮ ਵਗੈਰਾ ਸਭ 'ਚ ਚੀਨੀ ਹੈ, ਕੈਮੀਕਲ ਅੰਦਰ ਹਜ਼ਮ ਨਹੀਂ ਹੋਣ ਦਿੰਦੇ । ਦੁਸ਼–ਪ੍ਰਭਾਵ ਹੁੰਦੈ। ਪਰ ਮਹਾਂਪੁਰਸ਼ਾਂ ਦੀ ਸੰਗਤ ਜਿਨ੍ਹਾਂ ਨੇ ਨਾਮ ਬਾਣੀ ਦੀ ਉਹ ਜੁਗਤੀ ਅਪਣਾਈ –

*ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥*
*ਅੰਗ– ੬੨੭*

'ਬੰਨਾ' ਕਹਿੰਦੇ ਨੇ ਰੋਕ ਲੱਗ ਗਈ। ਉਥੇ ਹੀ ਰੁਕ ਗਿਆ। ਕਿਡੇ–ਕਿੱਡੇ ਕੈਂਸਰ ਵਰਗੇ ਰੋਗ ਠੀਕ ਹੋ ਗਏ। ਆਪਾਂ ਵੀ ਏਸ ਜੁਗਤ ਨੂੰ ਅਪਣਾਈਏ। ਕਿਉਂਕਿ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਵਿਚ ਬਚਨ ਆਏ ਹਨ ਜੋ, ਉਨ੍ਹਾਂ ਨੂੰ ਕਮਾ ਲਓ –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਅੰਗ– ੨੬੨*

ਐਨਾ ਕੁ ਹੀ ਕਮਾ ਲਓ, ਕਹਿੰਦੇ ਸਾਰੇ ਹੀ ਸੁੱਖ ਮਿਲ ਜਾਣਗੇ। ਉਹ ਮੁਕਤ ਅਵਸਥਾ ਜਿਥੇ ਜਾ ਕੇ ਸਾਰੇ ਹੀ ਦੁਖ ਮੁਕ ਜਾਣ, ਉਹ ਵੀ ਮਿਲ ਜਾਏਗੀ –

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ – ੨੯੫*

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।*

# ਨਾਮ ਸਿਮਰਨ - ਸਾਧਨਾ

*ਡਾ. ਜਗਜੀਤ ਸਿੰਘ*

ਗੁਰਬਾਣੀ ਅਨੁਸਾਰ ਮਨੁੱਖਾ ਜੀਵਨ ਦਾ ਲਕਸ਼ ਗੋਬਿੰਦ-ਮਿਲਾਪ ਹੈ ਅਤੇ ਗੋਬਿੰਦ ਮਿਲਾਪ ਦਾ ਸਰਵੋਤਮ ਮਾਰਗ ਨਾਮ-ਸਿਮਰਨ ਹੈ। ਨਾਮ ਸਿਮਰਨ ਤੋਂ ਬਿਨਾਂ ਇਸ ਮਨੋਰਥ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਸਾਰੇ ਕਰਮ-ਕਾਂਡ ਵਿਅਰਥ ਹਨ। ਗੁਰਬਾਣੀ ਦੇ ਅਨੇਕਾਂ ਸ਼ਬਦਾਂ ਵਿਚ ਇਹ ਭਾਵ ਵਿਅਕਤ ਹੋਏ ਹਨ ਜਿਨ੍ਹਾਂ ਵਿਚੋਂ ਨਿਮਨ ਦੋ ਸ਼ਬਦ ਇਸ ਪ੍ਰਕਾਰ ਹਨ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨*

*ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥*
*ਅੰਗ - ੬੩੨*

2. ਗੁਰਬਾਣੀ ਇਹ ਵਿਚਾਰ ਵੀ ਪੇਸ਼ ਕਰਦੀ ਹੈ ਕਿ ਨਾਮ-ਸਿਮਰਨ ਨਾਲ ਸਾਰੇ ਦੁਖ, ਰੋਗ, ਸੰਤਾਪ ਇਤਿਆਦਿ ਦੂਰ ਹੋ ਜਾਂਦੇ ਹਨ। ਸਾਰੇ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ ਤੇ ਜੀਵਨ ਵਿਗਾਸ-ਮਈ, ਅਨੰਦ-ਮਈ ਅਤੇ ਸਹਿਜ-ਮਈ ਹੋ ਜਾਂਦਾ ਹੈ। ਇਸ ਦੀ ਪ੍ਰੋੜਤਾ ਵਿਚ ਏਥੇ ਗੁਰੂ ਅਰਜਨ ਦੇਵ ਜੀ ਦੇ ਕੇਵਲ ਇਕ ਸ਼ਬਦ ਦਾ ਹਵਾਲਾ ਦਿਤਾ ਜਾਂਦਾ ਹੈ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥*
*ਅੰਗ- ੬੧੧*

3. ਐਸਾ ਨਾਮ, ਜਿਸ ਦੀ ਏਨੀ ਮਹਿਮਾ ਗਾਇਨ ਕੀਤੀ ਗਈ ਹੈ, ਕਿਵੇਂ ਪ੍ਰਾਪਤ ਹੁੰਦਾ ਹੈ? ਸਾਧਨਾ ਪੱਖ ਵਿਚ ਇਹ ਸਭ ਤੋਂ ਵੱਡੀ ਸਮੱਸਿਆ ਹੈ। ਗੁਰਬਾਣੀ ਵਿਚ ਨਾਮ-ਸਿਮਰਨ ਦੇ ਸਾਰੇ ਪੱਖ ਦਰਸਾਏ ਹਨ। ਸਾਧਨਾ ਪੱਖ ਦੀ ਹਰੇਕ ਸਮੱਸਿਆ ਨੂੰ ਵੀ ਸਪੱਸ਼ਟ ਕੀਤਾ ਗਿਆ ਹੈ। ਪਰ ਦਲੀਲਾਂ ਦੇ ਕੇ ਬਹਿਸ ਨਹੀਂ ਕੀਤੀ ਗਈ। ਨਾਮ ਦੀ ਦਾਤ ਕੇਵਲ ਗੁਰੂ ਤੋਂ ਪ੍ਰਾਪਤ ਹੁੰਦੀ ਹੈ। ਨਾਮ ਕੇਵਲ ਗੁਰੂ ਤੋਂ ਹੀ ਕਿਉਂ ਪ੍ਰਾਪਤ ਹੁੰਦਾ ਹੈ? ਕਿਉਂਕਿ ਰੱਬ ਵਲੋਂ ਹੀ ਐਸੀ ਜੁਗਤਿ ਬਣਾਈ ਗਈ ਹੈ। ਆਸਾ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ -

*ਬਿਨੁ ਸਤਿਗੁਰ ਕਿਨੈ ਨ ਪਾਇਓ*
*ਬਿਨੁ ਸਤਿਗੁਰ ਕਿਨੈ ਨ ਪਾਇਆ ॥*
*ਸਤਿਗੁਰ ਵਿਚਿ ਆਪੁ ਰਖਿਓਨੁ*
*ਕਰਿ ਪਰਗਟੁ ਆਖਿ ਸੁਣਾਇਆ ॥ ਅੰਗ - ੪੬੬*

*ਸਤਿਗੁਰ ਜੇਵਡੁ ਦਾਤਾ ਕੋ ਨਹੀ*
*ਸਭਿ ਸੁਣਿਅਹੁ ਲੋਕ ਸਬਾਇਆ ॥ ਅੰਗ - ੪੬੫*
*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ ॥ ਅੰਗ - ੫੯੯*

ਇਸ ਤਰ੍ਹਾਂ ਹਰੇਕ ਮਨੁੱਖ ਵਿਚ ਇਸ ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ ਦੀ ਜੋਤਿ ਵਿਦਮਾਨ ਹੈ। ਇਹ ਜੋਤਿ ਗੁਰੂ ਰੂਪ ਹੋ ਕੇ ਅਗਿਆਨਤਾ ਦਾ ਵਿਨਾਸ ਕਰਦੀ ਹੈ ਅਤੇ ਨਾਮ ਦੀ ਸੋਝੀ ਪ੍ਰਦਾਨ ਕਰਦੀ ਹੈ।

ਅਗਲੀ ਸਮੱਸਿਆ ਇਹ ਹੈ ਕਿ ਇਸ ਗੁਰ-ਜੋਤਿ ਦਾ ਅਨੁਭਵ ਕਿਵੇਂ ਪ੍ਰਾਪਤ ਹੋਵੇ? ਇਸ ਦਾ ਅਨੁਭਵ ਉਸ ਸ਼ਬਦ ਰਾਹੀਂ ਹੁੰਦਾ ਹੈ ਜੋ ਸ਼ਬਦ ਇਸ ਅਨੁਭਵ ਤੋਂ ਪ੍ਰਗਟ ਹੁੰਦਾ ਹੈ ਅਰਥਾਤ ਗੁਰੂ, ਸ਼ਬਦ ਰੂਪ ਵਿਚ ਵਿਦਮਾਨ ਹੋ ਕੇ ਜੀਵਨ ਦਾ ਮਾਰਗ-ਦਰਸ਼ਨ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ -

*ਸਭ ਮਹਿ ਜੋਤਿ ਜੋਤਿ ਹੈ ਸੋਇ ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥*
*ਗੁਰ ਸਾਖੀ ਜੋਤਿ ਪਰਗਟੁ ਹੋਇ ॥ ਅੰਗ - ੮੫੫*

ਗੁਰ ਸਾਖੀ ਗੁਰੂ ਦਾ ਸ਼ਬਦ ਹੈ। ਸਿੱਧਾਂ ਨਾਲ ਚਰਚਾ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਇਹ ਵਿਚਾਰ ਪੇਸ਼ ਕੀਤੀ ਕਿ ਸੱਚ ਦੀ ਭਾਲ ਵਿਚ ਥਾਂ-ਥਾਂ ਭਟਕਣ ਦਾ ਕੋਈ ਲਾਭ ਨਹੀਂ। ਮਾਇਆ ਅਤੇ ਵਿਕਾਰਾਂ ਦੇ ਪ੍ਰਭਾਵ ਤੋਂ ਬਚ ਕੇ ਸੁੱਚਾ ਹੋਣ ਨਾਲ ਹੀ ਸੱਚ ਦੇ ਨਿਕਟ ਹੋਇਆ ਜਾ ਸਕਦਾ ਹੈ ਅਤੇ ਇਸ ਦਾ ਸਾਧਨਾ ਪੱਖ ਹੈ 'ਸ਼ਬਦ' ਜਿਸ ਦੀ ਕਮਾਈ ਬਿਨਾਂ ਮੁਕਤੀ ਸੰਭਵ ਨਹੀਂ-

*ਕਿਆ ਭਵੀਐ ਸਚਿ ਸੂਚਾ ਹੋਇ ॥*
*ਸਾਚ ਸਬਦ ਬਿਨੁ ਮੁਕਤਿ ਨ ਕੋਇ ॥ ਅੰਗ - ੯੩੮*

ਪ੍ਰਮਾਤਮਾ ਵਾਂਗ 'ਸ਼ਬਦ' ਦੇ ਵੀ ਦੋ ਰੂਪ ਮੰਨੇ ਜਾਂਦੇ ਹਨ। ਇਕ ਨਿਰਾਕਾਰ, ਨਾਮ ਰੂਪ ਜੋ ਘਟਿ-ਘਟਿ ਵਿਚ ਵਿਆਪਕ ਹੈ ਅਤੇ ਦੂਜਾ ਗੁਰਬਾਣੀ ਸਰੂਪ ਜੋ ਸ਼ਬਦ ਬਾਣੀ ਹੋ ਕੇ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ। ਗੁਰੂ ਦੇ ਸ਼ਬਦ ਦੀ ਕਮਾਈ ਹੀ ਗੁਰੂ, ਸਤਿਗੁਰੂ ਅਤੇ ਪ੍ਰਭੂ ਪ੍ਰਾਪਤੀ ਦਾ ਸਾਧਨ ਹੈ -

*ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥*

*ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥     ਅੰਗ - ੩੯੬*

ਇਹ ਸ਼ਬਦ ਹੀ ਸ੍ਰੇਸ਼ਟ ਗਹਿਰ-ਗੰਭੀਰ ਗੁਰੂ ਪੀਰ ਹੈ ਜੋ ਅਗਿਆਨਤਾ ਦੇ ਹਨ੍ਹੇਰੇ ਨੂੰ ਕੱਟ ਕੇ ਸਭ ਆਲਮ ਨੂੰ ਅਨੰਤ ਖੁਸ਼ੀਆਂ ਬਖਸ਼ਦਾ ਹੈ -

*ਸਬਦੁ ਗੁਰ ਪੀਰਾ ਗਹਿਰ ਗੰਭੀਰਾ*
*ਬਿਨੁ ਸਬਦੈ ਜਗੁ ਬਉਰਾਨੰ ॥     ਅੰਗ - ੬੩੫*

ਸ਼ਬਦ ਨੂੰ ਭਾਰਤੀ ਦਰਸ਼ਨ ਵਿਚ ਗਿਆਨ ਦਾ ਪ੍ਰਮਾਣ ਮੰਨਿਆ ਗਿਆ ਹੈ। ਗੁਰੂ ਦਾ ਸ਼ਬਦ ਉਹ ਬਾਣੀ ਹੈ ਜਿਸ ਨੂੰ ਸੱਚ ਦੀ ਸਾਖ ਵਜੋਂ ਉਚਾਰਿਆ ਗਿਆ ਹੈ-

*ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ*
*ਸੁ ਨਾਨਕੁ ਆਖਿ ਸੁਣਾਵੈ ॥     ਅੰਗ - ੩੭੩*

ਇਸ ਲਈ ਗੁਰਬਾਣੀ ਦਾ ਸ਼ਬਦ ਸੱਚ ਦਾ ਹੀ ਸਰੂਪ ਹੈ ਤੇ ਨਾਮ ਪਰਦਾਤਾ ਹੈ। ਬਾਣੀ ਅਤੇ ਗੁਰੂ ਓਤਪੋਤ ਹਨ - ***'ਬਾਣੀ ਗੁਰੂ ਗੁਰੂ ਹੈ ਬਾਣੀ।'*** ਦੋਹਾਂ ਵਿਚ ਕੋਈ ਅੰਤਰ ਨਹੀਂ।

ਬਾਣੀ ਨੂੰ ਰਸਮੀ ਤੌਰ 'ਤੇ ਸਵੀਕਾਰ ਕਰ ਲੈਣ ਉਪਰੰਤ ਵੀ ਨਾਮ-ਜਾਪ-ਸਿਮਰਨ ਵਿਚ ਮਨ ਨਹੀਂ ਲਗਦਾ ਜਾਂ ਧਿਆਨ ਨਹੀਂ ਜੁੜਦਾ ਤੇ ਇਸ ਤਰ੍ਹਾਂ ਇਹ ਇਕ ਰਸਮੀ ਜਾਪ ਹੋ ਕੇ ਰਹਿ ਜਾਂਦਾ ਹੈ। ਸਾਧਨਾ ਪੱਖ ਦੀ ਇਹ ਅਗਲੀ ਵੱਡੀ ਸਮੱਸਿਆ ਹੈ।

ਨਾਮ ਦੀ ਸਭ ਤੋਂ ਵੱਡੀ ਰੁਕਾਵਟ 'ਹਉਮੈ' ਹੈ। ਹਉਮੈ ਦਾ ਭਾਵ ਹੈ ਮੈਂ+ਮੈਂ ਅਰਥਾਤ ਮੈਂ-ਮੇਰੀ ਵੱਖਰੀ ਹੋਂਦ, ਪ੍ਰਮਾਤਮਾ ਤੋਂ ਅਲੱਗ ਹਸਤੀ ਅਤੇ ਮੇਰਾ ਘਰ ਬਾਰ ਤੇ ਸੰਸਾਰ ਇਤਿਆਦਿ। 'ਹਉਮੈ' ਕਾਰਨ ਮਨੁੱਖ ਆਪਣੇ ਮਨ ਦੀ ਮਤਿ ਨੂੰ ਸ੍ਰੇਸ਼ਟ ਤੇ ਉਤਮ ਮੰਨਦਾ ਹੈ ਅਤੇ ਇਸ ਅਨੁਸਾਰ ਹੀ ਜੀਵਨ ਵਿਚ ਕਿਰਿਆਸ਼ੀਲ ਹੁੰਦਾ ਹੈ। ਨਾਮ-ਮਾਰਗ ਲਈ ਮਨ-ਮਤਿ ਛੱਡ ਕੇ ਗੁਰੂ ਦੀ ਮਤਿ ਧਾਰਨ ਕਰਨੀ ਲਾਜ਼ਮੀ ਹੈ ਜਿਸ ਬਿਨਾਂ ਨਾਮ-ਸਿਮਰਨ ਕਰ ਸਕਣਾ ਅਸੰਭਵ ਹੈ। ਗੁਰੂ ਅਮਰਦਾਸ ਜੀ 'ਹਉਮੈ' ਤੇ 'ਨਾਮ' ਨੂੰ ਦੋ ਵਿਪਰੀਤ ਸੰਕਲਪ ਮੰਨਦੇ ਹਨ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥     ਅੰਗ - ੫੬੦*

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਦਾ ਇਕ ਪੂਰਾ ਸ਼ਬਦ 'ਹਉਮੈ' ਦੀ ਵਿਆਪਕਤਾ ਤੇ ਪ੍ਰਾਪਤ ਹੈ ਜਿਸ ਵਿਚ ਜਨਮ-ਮਰਣ ਦੀ ਕਿਰਿਆ ਅਤੇ ਇਸ ਵਿਚਲੀ ਸਾਰੀ ਖੇਡ, ਲੈਣ ਦੇਣ, ਲਾਹਾ ਹਾਣ, ਸੱਚ ਝੂਠ, ਪਾਪ ਪੁੰਨ, ਨਰਕ ਸੁਰਗ, ਮੂਰਖਤਾ ਸਿਆਣਪ, ਸਭ ਨੂੰ ਹਉਮੈ ਦੀ ਖੇਡ ਕਿਹਾ ਹੈ ਅਤੇ ਨਿਰਣਾ ਇਹ ਦਿਤਾ ਹੈ -

*ਹਉਮੈ ਬੂਝੈ ਤਾ ਦਰੁ ਸੂਝੈ ॥     ਅੰਗ - ੪੬੬*

ਗੁਰੂ ਅੰਗਦ ਦੇਵ ਜੀ ਨੇ ਇਸ ਨੂੰ 'ਦੀਰਘ ਰੋਗੁ' ਕਿਹਾ ਹੈ। ਗੁਰਬਾਣੀ ਵਿਚ ਇਸਨੂੰ ਵੱਡਾ ਰੋਗ, ਬਿਖ, ਅਨ੍ਹੇਰਾ, ਵਿਕਾਰਾਂ ਦਾ ਕਾਰਨ, ਮਨੁੱਖੀ ਦੁੱਖਾਂ ਦੀ ਜੜ੍ਹ, ਸਾਰੇ ਕਲੇਸ਼ਾਂ ਦਾ ਮੂਲ ਅਤੇ ਦੁਖਦਾਈ ਕੰਡਾ ਕਿਹਾ ਹੈ। ਇਹ ਇਕ ਭਿਆਨਕ ਰੋਗ ਹੈ ਜੋ ਮਨੁੱਖ ਦਾ ਵਿਰਸਾ ਹੈ। ਗੁਰੂ ਅਰਜਨ ਦੇਵ ਦਾ ਫੁਰਮਾਨ ਹੈ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥*
*ਕਾਮ ਰੋਗਿ ਮੈਗਲੁ ਬਸਿ ਲੀਨਾ ॥*
*ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥*
*ਨਾਦ ਰੋਗਿ ਖਪਿ ਗਏ ਕੁਰੰਗਾ ॥ ੧ ॥*
*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥     ਅੰਗ - ੧੧੪੦*

ਇਸ ਤਰ੍ਹਾਂ ਮਹਾਂ ਭਿਆਨਕ ਮਾਨਸਿਕ ਰੋਗ ਗ੍ਰਸਤ ਮਨੁੱਖ ਨਾਮ-ਸਿਮਰਨ ਦਾ ਅਨੰਦ ਕਿਵੇਂ ਮਾਣ ਸਕਦਾ ਹੈ? ਗੁਰਬਾਣੀ ਵਿਚ ਇਸੇ ਲਈ ਇਸ ਰੋਗ ਨੂੰ ਨਵਿਰਤ ਕਰਨ ਦੀ, ਇਸਨੂੰ ਜਲਾਵਣ ਅਤੇ ਬੁਝਾਵਣ ਦੀ ਬਾਰ-ਬਾਰ ਚੇਤਾਵਨੀ ਹੈ। ਇਸ ਦੇ ਮਿਟ ਜਾਣ ਨਾਲ ਹੀ ਮਨ ਤੇ ਤਨ ਅਰੋਗ ਹੋ ਸਕਦੇ ਹਨ -

*ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥*
*ਅੰਗ - ੨੬੦*

ਕੇਵਲ ਅਰੋਗ ਮਨ ਹੀ ਨਾਮ ਦੀ ਭਾਲ ਕਰ ਸਕਦਾ ਹੈ।

ਹਉਮੈ ਬਹੁਤੇ ਸਾਰੇ ਰੋਗਾਂ ਨੂੰ ਜਨਮ ਦਿੰਦੀ ਹੈ। 'ਹੰਕਾਰ' ਉਨ੍ਹਾਂ ਵਿਚੋਂ ਇਕ ਹੈ। 'ਹੰਕਾਰ' ਦਾ ਭਾਵ-ਗੁਮਾਨ, ਗਰੂਰ, ਮਦ ਭਰਿਆ ਅਭਿਮਾਨ ਹੈ। 'ਹਉਮੈ' ਸਰਬ-ਸਾਂਝੀਵਾਲਤਾ ਤੋਂ ਨਿਖੇੜਨ ਵਾਲੀ ਨਿਜ ਦੀ ਦਵੰਦਾਤਮਕ ਸੋਚਣੀ ਹੈ। 'ਹਉ' ਸਾਨੂੰ ਪ੍ਰਮਾਤਮਾ ਨਾਲੋਂ ਤੋੜ ਕੇ ਨਿਜ ਦੇ ਘੇਰੇ ਦੀ ਕੈਦ ਵਿਚ ਬੰਦ ਕਰਦੀ ਹੈ, ਇਹ ਨਿਜ ਨਾਲ ਹਿਤ ਅਤੇ ਬਾਕੀ ਸਭ ਨੂੰ ਪਰਾਇਆ ਮੰਨਣ ਵਾਲੀ ਰੁਚੀ ਸਭ ਵਿਖੇਵਿਆਂ ਅਤੇ ਵਿਵਾਦਾਂ ਦੀ ਜੜ੍ਹ ਹੈ।

ਗੁਰੂ ਅੰਗਦ ਦੇਵ ਜੀ ਨੇ ਜਿਥੇ ਇਸਨੂੰ 'ਦੀਰਘ ਰੋਗ' ਕਿਹਾ ਹੈ, ਉਥੇ ਨਾਲ ਹੀ ਇਸ ਦੀ ਨਵਿਰਤੀ ਦਾ ਸਾਧਨ ਵੀ ਦਸ ਦਿਤਾ ਹੈ, ਉਹ ਹੈ 'ਗੁਰੂ ਦੇ ਸ਼ਬਦਾਂ ਦੀ ਘਾਲ।'

ਹਉਮੈ ਆਸਰੇ ਬਣਾਈ ਸੋਚ-ਪ੍ਰਣਾਲੀ ਨੂੰ ਤਿਆਗ ਕੇ ਗੁਰੂ-ਪਰਾਇਣ ਹੋ ਕੇ ਸ਼ਬਦ ਦੀ ਸਾਰਥਕਤਾ ਨੂੰ ਪ੍ਰਵਾਨ ਕਰ ਲੈਣ ਨਾਲ ਹੀ 'ਹਉਮੈ' ਨਵਿਰਤ ਹੋ ਸਕਦੀ

ਹੈ ਪਰ ਇਹ ਅਮਲ ਵੀ ਗੁਰੂ ਕ੍ਰਿਪਾ ਬਿਨਾਂ ਸੰਭਵ ਨਹੀਂ ਜਾਪਦਾ। ਨਾਮ ਤੋਂ ਟੁੱਟਿਆ ਹੋਇਆ ਮਨੁੱਖ ਹਉਮੈ ਦੀ ਪਰਵਿਰਤੀ ਵਿਚ ਵਿਚਰਦਾ ਮਾਇਆ ਦੇ ਸੰਸਾਰ ਵਿਚ ਪੂਰੀ ਤਰ੍ਹਾਂ ਘਿਰ ਜਾਂਦਾ ਹੈ। ਮਨੁੱਖ ਜਠਰ ਅਗਨੀ ਵਿਚੋਂ ਨਿਕਲ ਕੇ ਸੰਸਾਰ ਅਗਨੀ ਵਿਚ ਪ੍ਰਵੇਸ਼ ਕਰਦਾ ਹੈ। ਸੰਸਾਰ ਵਿਚ ਮਾਇਆ ਦਾ ਸ਼ਾਸਨ ਚਲਦਾ ਹੈ। ਮਾਇਆ ਦੇ ਰਾਜ ਵਿਚ ਪਹਿਲੀ ਸ਼ਰਤ ਹੀ ਇਹ ਹੁੰਦੀ ਹੈ ਕਿ ਮਨੁੱਖ ਪ੍ਰਮਾਤਮਾ ਨੂੰ ਭੁੱਲ ਜਾਏ ਅਤੇ ਮਾਇਆ – ਪ੍ਰਕ੍ਰਿਤੀ ਦੇ ਪਿਆਰ ਵਿਚ ਰੁਝ ਜਾਵੇ। ਗੁਰੂ ਅਮਰਦਾਸ ਜੀ ਇਸ ਚਿੱਤਰ ਨੂੰ 'ਅਨੰਦ' ਦੀ ਪਉੜੀ ਦਸ ਵਿਚ ਪੇਸ਼ ਕਰਦੇ ਹਨ –

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥*
*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ*
*ਤਿਨੀ ਵਿਚੇ ਮਾਇਆ ਪਾਇਆ ॥* *ਅੰਗ – ੯੨੧*

ਮਾਇਆ ਦਾ ਸਮਾਧਾਨ ਵੀ ਅੰਤਲੀਆਂ ਪੰਗਤੀਆਂ ਵਿਚ ਦਸ ਦਿਤਾ ਹੈ। ਗੁਰੂ ਦੀ ਕ੍ਰਿਪਾ ਅਤੇ ਸ਼ਬਦ ਦੀ ਵਿਚਾਰ ਰਾਹੀਂ ਮਾਇਆ ਵਿਚ ਰਹਿੰਦਿਆਂ ਪ੍ਰਭੂ ਨਾਲ ਲਿਵ ਜੋੜੀ ਜਾ ਸਕਦੀ ਹੈ।

ਨਾਮ-ਸਿਮਰਨ ਦੀ ਸਾਧਨਾ ਮਨ ਦੀ ਸਾਧਨਾ ਹੈ। ਜਦ ਤਕ ਮਨ ਇਸ ਕਾਰਜ ਨੂੰ ਅਪਨਾਉਣ ਲਈ ਤਿਆਰ ਨਹੀਂ, ਕਿਸੇ ਪ੍ਰਾਪਤੀ ਦੀ ਆਸ ਨਹੀਂ ਹੋ ਸਕਦੀ। 'ਮਾਇਆ' ਅਤੇ 'ਹਉਮੈ' ਦਾ ਸਭ ਤੋਂ ਵਧ ਪ੍ਰਭਾਵ ਮਨ ਕਬੂਲਦਾ ਹੈ। ਅਨੰਦ ਬਾਣੀ ਵਿਸ਼ੇਸ਼ ਤੌਰ ਤੇ ਮਨ ਦੀ ਵਿਚਾਰਧਾਰਾ ਨੂੰ ਨਾਮ-ਪੱਖੀ ਬਣਾਉਣ ਦੀ ਪ੍ਰੇਰਨਾ ਹੈ। ਬਹੁਤੀਆਂ ਪਉੜੀਆਂ ਮਨ ਨੂੰ ਹੀ ਪ੍ਰੇਰਨਾ ਦੇ ਰਹੀਆਂ ਹਨ–

*ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥*
*ਅੰਗ – ੯੧੭*
*ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥*
*ਅੰਗ – ੧੦*
*ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥*
*ਅੰਗ – ੯੧੮*

ਪਉੜੀ 10 ਵਿਚ ਤਾਂ ਮਨ ਦੀ ਕਪਟਤਾ, ਚੰਚਲਤਾ, ਚਤੁਰਾਈ ਅਤੇ ਮਾਇਆ ਦੇ ਮਨ ਉਪਰ ਪਏ ਤੀਖਣ ਪ੍ਰਭਾਵ ਨੂੰ ਸਪੱਸ਼ਟ ਕੀਤਾ ਹੈ। ਮਾਇਆ ਦੀ ਠਗਬੂਟੀ ਵੀ ਪ੍ਰਮਾਤਮਾ ਦੀ ਹੀ ਕਿਰਤ ਹੈ। ਇਹ ਮਾਇਆ ਅਜਿਹੀ ਸੁੰਦਰੀ ਹੈ ਜੋ ਸਭ ਨੂੰ ਆਪਣੇ ਵਲ ਖਿੱਚਦੀ ਹੈ ਅਤੇ ਇਸ ਦੀ ਸੁੰਦਰਤਾ ਤੇ ਭੁੱਲ ਕੇ ਹਰ ਕੋਈ ਅਗਿਆਨਤਾ ਵਿਚ ਫਸ ਕੇ ਅਸੂਲਾਂ ਤੋਂ ਗਿਰ ਰਿਹਾ ਹੈ–

*ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥*
*ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥*
*ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥*
*ਮਾਇਆ ਤ ਮੋਹਣੀ ਤਿਨੈ ਕੀਤੀ*
*ਜਿਨਿ ਠਗਉਲੀ ਪਾਈਆ॥*
*ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥*
*ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥ ੧*
*ਅੰਗ – ੯੧੮*

ਸੱਚ ਅਤੇ ਕੂੜ ਦਾ ਗਿਆਨ ਗੁਰੂ ਦੇ ਸ਼ਬਦ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਦੇ ਸ਼ਬਦ ਨੇ ਹੀ ਮਨ ਦੀ ਮੈਲ ਕੱਟਣੀ ਹੈ। ਮੈਲੇ ਮਨ ਵਿਚ ਨਾਮ ਦਾ ਵਾਸਾ ਨਹੀਂ ਹੁੰਦਾ। ਗੁਰੂ ਤੇਗ ਬਹਾਦਰ ਜੀ ਨੇ ਮਨ ਦੀ ਅਜਿਹੀ ਬਿਰਥਾ ਬਹੁਤ ਸ਼ਬਦਾਂ ਵਿਚ ਵਿਅਕਤ ਕੀਤੀ ਹੈ ਅਤੇ ਕਾਰਨ ਦੱਸੇ ਹਨ ਕਿ ਮਨ ਨਾਮ ਸਿਮਰਨ ਵਿਚ ਕਿਉਂ ਨਹੀਂ ਲਗਦਾ।

*ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥*
*ਅਹਿਨਿਸਿ ਮਗਨੁ ਰਹੈ ਮਾਇਆ ਮੈ*
*ਕਹੁ ਕੈਸੇ ਗੁਨ ਗਾਵੈ ॥ ੧ ॥ ਰਹਾਉ ॥*
*ਪੂਤ ਮੀਤ ਮਾਇਆ ਮਮਤਾ ਸਿਉ*
*ਇਹ ਬਿਧਿ ਆਪੁ ਬੰਧਾਵੈ॥* *ਅੰਗ – ੨੧੯*

*ਬਿਰਥਾ ਕਹਉ ਕਉਨ ਸਿਉ ਮਨ ਕੀ*
*ਲੋਭ ਗ੍ਰਸਿਓ ਦਸਹੂ ਦਿਸ ਧਾਵਤ*
*ਆਸਾ ਲਾਗਿਓ ਧਨ ਕੀ॥ਰਹਾਉ॥*
*ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ*
*ਸੇਵ ਕਰਤ ਜਨ ਜਨ ਕੀ ॥*
*ਦੁਆਰਹਿ ਦੁਆਰਿ ਸੁਆਨ ਜਿਉ ਡੋਲਤ*
*ਨਹ ਸੁਧ ਰਾਮ ਭਜਨ ਕੀ ॥ ੧ ॥*
*ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ ॥*
*ਨਾਨਕ ਹਰਿ ਜਸੁ ਕਿਉ ਨਹੀ ਗਾਵਤ*
*ਕੁਮਤਿ ਬਿਨਾਸੈ ਤਨ ਕੀ ॥ ੨ ॥ ੧ ॥ ੨੩੩ ॥*
*ਅੰਗ– ੪੧੧*

ਜਦ ਤਕ ਮਨ ਵਿਚ ਅਗਿਆਨਤਾ ਹੈ, ਆਤਮ-ਵਿਸ਼ਵਾਸ਼ ਦੀ ਘਾਟ ਹੈ, ਢਾਉ ਰੁਚੀਆਂ ਦੀ ਪ੍ਰਧਾਨਤਾ ਹੈ, ਮਨ ਅਭਿਮਾਨ ਨਾਲ ਵੇੜ੍ਹਿਆ ਹੋਇਆ ਹੈ, ਲਾਲਚ, ਠੱਗੀ, ਧੋਖਾ, ਵੱਢੀ, ਝੂਠ ਅਤੇ ਵੈਰ-ਵਿਰੋਧ ਦੀ ਕਿਰਿਆ ਵਿਚ ਮਗਨ ਹੈ ਅਤੇ ਇਨ੍ਹਾਂ ਕਾਰਨ ਬੇਚੈਨ, ਚਿੰਤਾਗ੍ਰਸਤ

*(ਬਾਕੀ ਪੰਨਾ 41 'ਤੇ)*

# ਥਾਪਿਆ ਲਹਿਣਾ ਜੀਵਦੈ
# (ਗੁਰਗੱਦੀ ਦਿਵਸ-19 ਸਤੰਬਰ 2020)

*ਡਾ. ਜਗਜੀਤ ਸਿੰਘ*

## ਗੁਰੂ ਅੰਗਦ ਦੇਵ ਗੁਰੂ ਨਾਨਕ ਜੋਤਿ

ਗੁਰੂ ਸਰੀਰ ਨਹੀਂ, ਜੋਤਿ-ਰੂਪ ਹੁੰਦਾ ਹੈ। ਵਾਹਿਗੁਰੂ ਜੀ ਦੀ ਜੋਤਿ ਹੀ ਸਾਰੇ ਪ੍ਰਕਾਸ਼ਮਾਨ ਹੈ। ਇਹ ਜੋਤਿ ਹੀ ਸਾਰੇ ਵਿਸ਼ਵ, ਖੰਡਾਂ ਬ੍ਰਹਿਮੰਡਾਂ ਅਤੇ ਜੀਵਾਂ ਵਿਚ ਜਗਮੱਗ ਕਰ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦੀ ਸਾਖ ਭਰਦੇ ਫੁਰਮਾਨ ਕਰਦੇ ਹਨ -

*ਸਭ ਮਹਿ ਜੋਤਿ ਜੋਤਿ ਹੈ ਸੋਇ ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥*

*ਅੰਗ - ੧੩*

ਸ੍ਰੀ ਗੁਰੂ ਨਾਨਕ ਦੇਵ ਆਪ 'ਹਰਿ ਜੋਤਿ' ਦਾ ਸੰਪੂਰਨ ਰੂਪ ਸਨ। ਇਹ ਬਖਸ਼ਿਸ਼ ਉਨ੍ਹਾਂ ਨੂੰ ਧੁਰ ਤੋਂ ਪ੍ਰਾਪਤ ਹੋਈ। ਭੱਟ ਮਥੁਰਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਖੁਦ ਹਰਿ ਜੋਤਿ ਰੂਪਿ ਸਨ -

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥*

*ਅੰਗ- ੧੪੦੮*

ਇਹ ਜੋਤਿ ਦਸ ਜਾਮਿਆਂ ਰਾਹੀਂ 1469 ਈ. ਤੋਂ 1708 ਈ. ਤਕ ਰੂਪਮਾਨ ਹੁੰਦੀ ਰਹੀ। ਗੁਰੂ ਸਰੀਰ, ਗੁਰ-ਕਾਇਆਂ ਬਦਲਦੀ ਰਹੀ, ਰੂਪ ਵਟਦਾ ਰਿਹਾ ਪਰ ਗੁਰੂ ਜੋਤਿ ਸਭ ਪਾਤਸ਼ਾਹੀਆਂ ਵਿਚ ਸ੍ਰੀ ਗੁਰੂ ਨਾਨਕ ਜੋਤਿ ਹੀ ਨਿਰੰਤਰ ਚਲਦੀ ਰਹੀ। ਇੰਜ ਸ੍ਰੀ ਗੁਰੂ ਅੰਗਦ ਜੀ ਸ੍ਰੀ ਗੁਰੂ ਨਾਨਕ ਜੋਤਿ ਹੀ ਸਨ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਰੂਪ ਹੀ ਬਦਲਿਆ, ਸ੍ਰੀ ਗੁਰੂ ਨਾਨਕ ਤੋਂ ਸ੍ਰੀ ਗੁਰੂ ਅੰਗਦ ਸਰੂਪ ਹੋ ਗਏ। ਭਾਈ ਗੁਰਦਾਸ ਜੀ ਲਿਖਦੇ ਹਨ -

*ਮਾਰਿਆ ਸਿੱਕਾ ਜਗਤ ਵਿਚ*
*ਨਾਨਕ ਨਿਰਮਲ ਪੰਥ ਚਲਾਇਆ।*
*ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ।*
*ਜੋਤੀ ਜੋਤਿ ਮਿਲਾਇਕੇ ਸਤਿਗੁਰ ਨਾਨਕ ਰੂਪ ਵਟਾਯਾ।*

*ਵਾਰ ੧, ਪਉੜੀ ੪੫*

ਇਹੋ ਸਿਲਸਿਲਾ ਅੱਗੇ ਚਲਦਾ ਰਿਹਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਪਤ 'ਹਰਿ-ਜੋਤਿ' ਸਰੀਰ ਤਿਆਗਣ ਸਮੇਂ ਸ੍ਰੀ ਗੁਰੂ ਅਮਰਦਾਸ ਵਿਚ ਟਿਕਾ ਦਿਤੀ।

*ਲਹਿਣੈ ਪਾਈ ਨਾਨਕੋ ਦੇਣੀ ਅਮਰਦਾਸ ਘਰ ਆਈ।*
*ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ।*
*ਦਾਤਿ ਜੋਤਿ ਖਸਮੇ ਵਡਿਆਈ॥*

*ਵਾਰ ੧ ਪਉੜੀ ੪੬*

ਮਥਰਾ ਭੱਟ ਨੇ ਇਸ ਸੰਕਲਪ ਨੂੰ ਸਹੀ ਰੂਪ ਵਿਚ ਜਾਣਿਆ ਹੈ ਅਤੇ ਆਪਣੇ ਸਵੱਯਾਂ ਵਿਚ ਪ੍ਰਗਟ ਕੀਤਾ ਹੈ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਪ੍ਰਵਾਨਗੀ ਦੀ ਮੁਹਰ ਛਾਪ ਲਈ -

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥*
*ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥*
*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥*
*ਗੁਰ ਰਾਮਦਾਸ ਦਰਸਨੁ ਪਰਸਿ*
*ਕਹਿ ਮਥੁਰਾ ਅੰਮ੍ਰਿਤ ਬਯਣ ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥*

*ਅੰਗ- ੧੪੦੮*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਸੱਤਾ ਬਲਵੰਡ ਦੀ ਵਾਰ ਵਿਚ ਵੀ ਇਸ ਸਿਧਾਂਤ ਦੀ ਪੁਸ਼ਟੀ ਮਿਲਦੀ ਹੈ -

*ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥*
*ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥*

*(ਸੱਤਾ ਬਲਵੰਡ ਦੀ ਵਾਰ ਅੰਗ - ੯੬੮)*

ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਭੂ-ਸਿਮਰਨ ਵਲ ਪ੍ਰੇਰਦੇ ਗੁਰਸਿੱਖਾਂ ਨੂੰ, ਗੁਰੂ ਖਾਲਸੇ ਨੂੰ 'ਜਾਗਤ ਜੋਤਿ' ਨੂੰ ਜਪਣ ਦਾ ਉਪਦੇਸ਼ ਦਿੰਦੇ ਹਨ-

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*

ਇਸ ਸੰਕਲਪ ਅਧੀਨ ਸਤਿਗੁਰੂ ਨਾਨਕ ਪਰੰਪਰਾ ਦਸ ਪੀੜ੍ਹੀਆਂ ਵਿਚ ਚਲੀ। ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਰਾਧਕਾਰੀ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਆਦਿ ਵੱਖ-ਵੱਖ ਨਾਵਾਂ ਨਾਲ ਜਾਣੇ ਗਏ ਪਰ ਸਭਨਾਂ ਨੇ ਆਪਣੀ ਬਾਣੀ ਵਿਚ 'ਨਾਨਕ' ਪਦ ਹੀ ਵਰਤਿਆ ਹੈ। 'ਜੋਤਿ' ਅਤੇ 'ਜੁਗਤਿ' ਦਸਾਂ ਪਾਤਸ਼ਾਹੀਆਂ ਵਿਚ ਓਹੋ ਸਤਿਗੁਰ ਨਾਨਕ ਵਾਲੀ ਹੀ ਪ੍ਰਗਟ ਹੁੰਦੀ ਰਹੀ -

*ਜੋਤਿ ਓਹਾ ਜੁਗਤਿ ਸਾਇ ਸਹਿ*
*ਕਾਇਆ ਫੇਰਿ ਪਲਟੀਐ॥*
*(ਵਾਰ, ਬਲਵੰਡ ਸੱਤਾ, ਅੰਗ-੯੬੬)*

ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਐਸੀ ਭਾਵਨਾ ਦ੍ਰਿੜ੍ਹ ਕਰਨ ਉਪਰੰਤ ਹੀ ਉਨ੍ਹਾਂ ਦੀ ਮਹਾਨਤਾ ਸਮਝੀ ਜਾ ਸਕਦੀ ਹੈ। ਸ੍ਰੀ ਗੁਰੂ ਅੰਗਦ ਦੇਵ ਲਹਿਣਾ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਏ, ਤਨੋ ਮਨੋ ਗੁਰੂ ਜੀ ਦੀ ਐਸੀ ਸੇਵਾ ਕੀਤੀ ਕਿ ਗੁਰੂ ਦਾ ਰੂਪ ਹੀ ਹੋ ਗਏ ਅਤੇ ਭਾਈ ਲਹਿਣਾ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੂਪ ਵਿਚ ਪ੍ਰਕਾਸ਼ਮਾਨ ਹੋਏ।

## ਜੀਵਨ

ਭਾਈ ਲਹਿਣਾ ਜੀ, ਜਿਵੇਂ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਪਹਿਲਾਂ ਜਾਣੇ ਜਾਂਦੇ ਸਨ, ਦਾ ਜਨਮ 31 ਮਾਰਚ 1504 ਈ. ਨੂੰ ਮਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਪਿਤਾ ਫੇਰੂ ਮੱਲ ਜੀ ਅਤੇ ਮਾਤਾ ਰਾਮੋ ਜੀ ਦੇ ਗ੍ਰਹਿ ਵਿਖੇ ਹੋਇਆ। ਭਾਈ ਫੇਰੂ ਮੱਲ ਜੀ ਦੇਵੀ-ਪੂਜ ਸਨ, ਵਿਸ਼ੇਸ਼ ਕਰਕੇ ਜਵਾਲਾ-ਮੁਖੀ ਦੇਵੀ ਦੇ ਉਪਾਸ਼ਕ ਸਨ। ਉਨ੍ਹਾਂ ਦੇ ਪਰਲੋਕ ਸਧਾਰਨ ਪਿਛੋਂ ਉਨ੍ਹਾਂ ਦੇ ਸਪੁੱਤਰ ਭਾਈ ਲਹਿਣਾ ਜੀ ਨੇ ਇਹ ਕਾਰਜ ਸੰਭਾਲ ਲਿਆ ਤੇ ਜਵਾਲਾ ਮੁਖੀ ਦੀ ਦੇਵੀ ਯਾਤਰਾ ਨਿਰੰਤਰ ਜਾਰੀ ਰਹੀ। 1519 ਈ. ਵਿਚ ਆਪ ਜੀ ਦਾ ਵਿਆਹ ਬੀਬੀ ਖੀਵੀ ਜੀ ਸਪੁੱਤਰੀ ਸ੍ਰੀ ਦੇਵੀ ਚੰਦ ਜੀ ਨਾਲ ਸੰਘਰ ਵਿਖੇ ਹੋਇਆ। ਕਿਰਤ ਵਿਹਾਰ ਦੇ ਸਿਲਸਿਲੇ ਵਿਚ ਆਪ ਜੀ ਹਰੀ ਕੇ ਪੱਤਣ ਤੋਂ ਪਹਿਲਾਂ ਸੰਘਰ, ਫੇਰ ਖਡੂਰ ਸਾਹਿਬ ਆ ਗਏ ਪਰ ਦੇਵੀ ਦਰਸ਼ਨਾਂ ਲਈ 1531 ਈ. ਵਿਚ ਹਾਲੀ ਜੱਥੇ ਦੀ ਤਿਆਰੀ ਵਿਚ ਹੀ ਸਨ ਕਿ ਇਕ ਜੀਵਨ-ਪਲਟਾਊ ਵਿਸ਼ੇਸ਼ ਘਟਨਾ ਵਾਪਰੀ। ਅੰਮ੍ਰਿਤ ਵੇਲੇ ਇਸ਼ਨਾਨ ਕਰਨ ਸਮੇਂ ਆਪ ਜੀ ਨੂੰ ਭਾਈ ਜੋਧ ਜੀ ਵਲੋਂ ਉਚਾਰਨ ਕੀਤੀ ਜਾ ਰਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਮ੍ਰਿਤਮਈ ਪਵਿੱਤਰ ਬਾਣੀ ਦੀ ਮਿੱਠੀ ਸੁਰ ਸੁਣਾਈ ਦਿਤੀ ਜਿਸ ਨੇ ਆਪ ਜੀ ਦੀ ਅਧਿਆਤਮਕ ਅਨਭੂਤੀ ਨੂੰ ਸੁਰਜੀਤ ਕਰ ਦਿਤਾ। ਅੰਦਰ ਮਿੱਠੀ ਝਰਨਾਹਟ ਛਿੜ ਗਈ, ਕਿਸੇ ਇਹਾਲੀ ਰੰਗ ਵਿਚ ਮੁਗਧ ਆਪ ਭਾਈ ਜੋਧ ਜੀ ਪਾਸ ਪੁੱਜੇ ਤੇ ਪੁੱਛਿਆ ਕਿ ਉਹ ਅੰਮ੍ਰਿਤਮਈ ਬਾਣੀ ਕਿਸ ਮਹਾਂਪੁਰਸ਼ ਦੀ ਹੈ?

ਭਾਈ ਜੋਧ ਜੀ ਨੇ ਪਿਆਰ ਸਹਿਤ ਦੱਸਿਆ ਕਿ ਇਹ ਅੰਮ੍ਰਿਤਮਈ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਜੋ ਲੰਮੀਆਂ ਉਦਾਸੀਆਂ ਉਪਰੰਤ ਇਸ ਸਮੇਂ ਕਰਤਾਰਪੁਰ ਵਿਖੇ ਬਿਰਾਜਮਾਨ ਹਨ। ਇਕ ਧਰਮਸ਼ਾਲਾ ਕਾਇਮ ਕੀਤੀ ਹੈ ਜਿਥੇ ਸਵੇਰੇ ਸ਼ਾਮ ਸੰਗਤ ਜੁੜਦੀ ਹੈ, ਅੰਮ੍ਰਿਤ ਵੇਲੇ ਜਪੁਜੀ ਦਾ ਪਾਠ ਹੁੰਦਾ ਹੈ, ਨਾਮ ਜਾਪ ਦਾ ਅਭਿਆਸ ਹੁੰਦਾ ਹੈ, ਸ਼ਾਮ ਨੂੰ ਰਹਿਰਾਸ ਅਤੇ ਸੋਹਿਲੇ ਦਾ ਪਾਠ ਹੁੰਦਾ ਹੈ। ਧਾਰਮਿਕ ਵਿਚਾਰਾਂ ਹੁੰਦੀਆਂ ਹਨ, ਸ਼ੰਕਿਆਂ ਦੀ ਨਵਿਰਤੀ ਹੁੰਦੀ ਹੈ, ਉਨ੍ਹਾਂ ਦੇ ਅੰਮ੍ਰਿਤਮਈ ਬਚਨ ਸੁਣ ਕੇ ਹਿਰਦਾ ਸ਼ਾਂਤ ਤੇ ਤ੍ਰਿਪਤ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨਾਮ ਜਾਪ ਦੇ ਨਾਲ ਕਿਰਤ ਕਰਨੀ ਬਹੁਤ ਜ਼ਰੂਰੀ ਸਮਝਦੇ ਹਨ। ਆਪ ਜੀ ਖੁਦ ਖੇਤੀ ਕਰਦੇ ਹਨ। ਦੂਜਿਆਂ ਨੂੰ ਸੱਚੀ ਕਿਰਤ ਲਈ ਪ੍ਰੇਰਦੇ ਹਨ। ਆਪ ਪਿਆਰ ਦਾ ਸਾਗਰ ਹਨ, ਸਭ ਛੋਟੇ ਵੱਡੇ ਅਮੀਰ ਗਰੀਬ ਉਨ੍ਹਾਂ ਦੇ ਪਿਆਰ ਦੇ ਪਾਤਰ ਬਣ ਕੇ ਨਾਮ ਰੂਪੀ ਅੰਮ੍ਰਿਤ ਸਰੋਵਰ ਵਿਚ ਟੁੱਬੀਆਂ ਲਾ ਕੇ ਆਨੰਦਿਤ ਹੁੰਦੇ ਹਨ। ਭਾਈ ਲਹਿਣਾ ਜੀ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਦੀਆਂ ਵਡਿਆਈਆਂ ਸਰਵਣ ਕਰਦੇ ਗਏ ਤਿਵੇਂ-ਤਿਵੇਂ ਉਨ੍ਹਾਂ ਦੇ ਅੰਤਰ-ਆਤਮੇ ਠੰਢ ਪੈਂਦੀ ਗਈ ਅਤੇ ਉਨ੍ਹਾਂ ਦੀ ਸੁਰਤਿ ਗੁਰੂ ਚਰਨਾਂ ਨਾਲ ਜੁੜਦੀ ਗਈ। ਉਨ੍ਹਾਂ ਦੇ ਅੰਦਰ ਗੁਰੂ ਦਰਸ਼ਨਾਂ ਦੀ ਸਿੱਕ ਜਾਗ ਪਈ ਅਤੇ ਦਰਸ਼ਨ ਕਰਨ ਦਾ ਨਿਸ਼ਚਾ ਬਣਾ ਲਿਆ। ਜਵਾਲਾਮੁਖੀ ਜਾ ਰਹੇ ਦੇਵੀ-ਦਰਸ਼ਨਾਂ ਦੇ ਸ਼ਰਧਾਲੂਆਂ ਨੂੰ ਰਸਤੇ ਤੋਰ ਕੇ ਆਪ ਜੀ ਨੇ ਕਰਤਾਰਪੁਰ ਵਲ ਮੁਹਾਰਾਂ ਮੋੜ ਲਈਆਂ।

## ਕਰਤਾਰਪੁਰ ਵਿਖੇ

ਕਰਤਾਰਪੁਰ ਵਿਚ ਪ੍ਰਵੇਸ਼ ਕਰਦਿਆਂ ਹੀ ਖੇਤੀ ਕਰਦੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਭੇਂਟ ਹੋ ਗਈ ਪਰ ਪਛਾਣ ਨਹੀਂ ਸੀ, ਆਪ ਜੀ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਦੇ ਘਰ ਦਾ ਰਾਹ ਪੁਛਿਆ।

ਗੁਰੂ ਜੀ ਦੀ ਦਿਬਯ-ਦ੍ਰਿਸ਼ਟੀ ਨੇ ਪਛਾਣ ਲਿਆ ਕਿ ਇਹ ਜਗਿਆਸੂ ਵਿਸ਼ੇਸ਼ ਬਿਰਤੀ ਦਾ ਮਾਲਕ ਹੈ, ਨਾਲ ਲੈ ਤੁਰੇ, ਧਰਮਸਾਲ ਵਿਚ ਜਾ ਟਿਕਾਇਆ। ਆਪ ਪੰਜ ਇਸ਼ਨਾਨਾ ਕਰਕੇ ਬਿਰਾਜਮਾਨ ਹੋਏ। ਜਦੋਂ ਭਾਈ ਲਹਿਣਾ ਜੀ ਨੇ ਦਰਸ਼ਨ ਦੀਦਾਰ ਕੀਤੇ ਤਾਂ ਕਪਾਟ ਖੁਲ੍ਹ ਗਏ। ਨਾਲ ਹੀ ਪਸ਼ਚਾਤਾਪ ਕੀਤਾ ਕਿ ਉਹ ਘੋੜ-ਸਵਾਰ ਹੋ ਕੇ ਗੁਰੂ ਘਰ ਆਏ ਜਦ ਕਿ ਗੁਰੂ ਜੀ ਖੁਦ ਪੈਦਲ ਚਲ ਰਹੇ ਸਨ ਪਰ ਗੁਰੂ ਜੀ ਨੇ ਅੰਮ੍ਰਿਤ-ਮਈ ਬਚਨਾਂ ਰਾਹੀਂ ਸ਼ਾਂਤ ਕੀਤਾ ਤੇ ਦੁਬਿਧਾ ਤੋਂ ਮੁਕਤ ਕੀਤਾ।

ਕਰਤਾਰਪੁਰ ਵਿਚ ਸਵੇਰੇ ਸ਼ਾਮ ਪਿਆਰ ਭਰਿਆ, ਅਨੰਦਮਈ ਰੰਗ ਬੱਝਦਾ, ਹਰ ਵਰਗ ਦੇ ਪ੍ਰੇਮੀ ਇਕੱਠੇ ਹੁੰਦੇ, ਕੋਈ ਜ਼ਾਤ ਪਾਤ, ਰੂਪ ਰੰਗ, ਊਚ ਨੀਚ ਦਾ ਭੇਦ ਨਾ ਹੁੰਦਾ, ਸਭ ਗੁਰੂ ਜੀ ਦੀ ਬਾਣੀ ਪੜ੍ਹਦੇ, ਸੁਣਦੇ, ਕੀਰਤਨ ਹੁੰਦਾ, ਗੁਰੂ ਜੀ ਦੇ ਪ੍ਰਵਚਨ ਹੁੰਦੇ। ਝੂਠੇ ਵਹਿਮਾਂ-ਭਰਮਾਂ, ਫੋਕਟ ਕਰਮ ਕਾਂਡੀ ਰਸਮਾਂ ਨੂੰ ਤਿਆਗਣ ਦੀ ਪ੍ਰੇਰਣਾ ਹੁੰਦੀ, ਸਮੁੱਚੇ ਭਾਈਚਾਰੇ ਨੂੰ ਆਪਸੀ ਮੇਲ ਮਿਲਾਪ, ਮੁਹੱਬਤ ਤੇ ਮਾਣ ਨਾਲ ਵਿਚਰਨ ਦੀ ਪ੍ਰੇਰਨਾ ਹੁੰਦੀ। ਜੁੜੀ ਸੰਗਤ ਦੇ ਦਰਸ਼ਨ ਕਰਕੇ ਭਾਈ ਲਹਿਣਾ ਜੀ ਇੰਜ ਮਹਿਸੂਸ ਕਰਦੇ ਜਿਵੇਂ ਇਹ ਸਮੂੰਹ ਦੇਵੀ ਦੇਵਤਿਆਂ ਦਾ ਇਕੱਠ ਹੋਵੇ।

ਐਸੇ ਸਚਖੰਡੀ ਵਾਤਾਵਰਣ ਨੂੰ ਛੱਡ ਕੇ ਕੋਈ ਸੱਚਾ ਜਗਿਆਸੂ ਕਿਵੇਂ ਜਾ ਸਕਦਾ ਹੈ? ਨਤੀਜੇ ਵਜੋਂ ਭਾਈ ਲਹਿਣਾ ਜੀ ਗੁਰੂ ਘਰ ਦੇ ਹੀ ਹੋ ਕੇ ਰਹਿ ਗਏ, ਸੰਸਾਰ ਦਾ ਮੋਹ ਤਿਆਗ ਦਿਤਾ, ਸਾਰਾ ਕਾਰੋਬਾਰ ਸੰਕੋਚ ਕੇ ਸੌਂਪਣੇ ਕਰ ਕਰਾ ਕੇ ਪੱਕੇ ਤੌਰ ਤੇ ਗੁਰੂ ਚਰਨਾਂ ਵਿਚ ਆ ਬਿਰਾਜੇ। ਏਥੇ ਰਹਿ ਕੇ ਆਪ ਜੀ ਨੇ ਆਪਣੀ ਸੁਰਤਿ ਮਤਿ ਬੁਧਿ ਨੂੰ ਗੁਰ-ਸ਼ਬਦ ਦੀ ਟਕਸਾਲ ਵਿਚ ਘੜਿਆ ਅਤੇ ਗੁਰੂ ਦੀ ਨਦਰ ਦੇ ਪਾਤਰ ਬਣ ਕੇ ਨਿਹਾਲੋ ਨਿਹਾਲ ਹੋਏ।

ਸੱਚ ਤਾਂ ਇਹ ਹੈ ਕਿ ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰੰਕਾਰੀ ਗੁਰੂ ਜੋਤਿ ਨੂੰ ਪਛਾਣ ਲਿਆ ਸੀ, ਇਸ ਕਰਕੇ ਗੁਰੂ ਘਰ ਦੀ ਸੇਵਾ ਗੁਰੂ ਹੁਕਮਾਂ ਦੀ ਪਾਲਣਾ ਤੋਂ ਵੱਧ ਉਨ੍ਹਾਂ ਲਈ ਜੀਵਨ ਵਿਚ ਹੋਰ ਕੁਝ ਨਹੀਂ ਸੀ। ਆਪ ਜੀ ਸੱਚੇ ਗੁਰੂ ਭਗਤ ਸਨ, ਮਨਮੁਖਤਾ ਦੇ ਸਭ ਅਮਲ ਤਿਆਗ ਕੇ ਪੂਰੇ ਗੁਰਸਿੱਖ ਹੋ ਨਿਬੜੇ, ਗੁਰੂ ਦੇ ਹਰ ਹੁਕਮ ਨੂੰ ਰੱਬੀ ਪੈਗ਼ਾਮ ਮੰਨ ਕੇ ਉਸ ਦੀ ਪਾਲਣਾ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ। ਕਈ ਵਾਰੀ ਇਨ੍ਹਾਂ ਹੁਕਮਾਂ ਦਾ ਬਾਹਰੀ ਵਰਤਾਰਾ ਸਖ਼ਤੀ ਵਾਲਾ ਜਾਂ ਅਣਸੁਖਾਵਾਂ ਵੀ ਹੁੰਦਾ, ਤਾਂ ਵੀ ਆਪ ਜੀ ਸੁਹਿਰਦਤਾ ਨਾਲ ਇਸ ਦਾ ਪਾਲਣ ਕਰਦੇ।

ਇਤਿਹਾਸ ਵਿਚ ਐਸੀਆਂ ਬਹੁਤ ਉਦਾਹਰਣਾਂ ਪ੍ਰਾਪਤ ਹਨ ਜਦੋਂ ਆਪ ਜੀ ਨੇ ਕਠਿਨ ਤੋਂ ਕਠਿਨ ਗੁਰੂ ਹੁਕਮਾਂ ਦੀ ਵੀ ਖਿੜੇ ਮੱਥੇ ਪਾਲਣਾ ਕੀਤੀ। ਜੇ ਖੇਤ ਵਿਚੋਂ ਮਿਲੇ ਪੱਠਿਆਂ ਦੀ ਭਰੀ ਸਿਰ ਤੇ ਚੁੱਕ ਕੇ ਲਿਆਂਦੀ ਤੇ ਚਿੱਕੜ ਨਾਲ ਸੁਹਣੇ ਕੀਮਤੀ ਬਸਤਰ ਖਰਾਬ ਹੋ ਗਏ ਤੇ ਮਾਤਾ ਜੀ ਨੂੰ ਚੰਗਾ ਨਾ ਲੱਗਿਆ ਤਾਂ ਗੁਰੂ ਜੀ ਨੇ ਕਿਹਾ, ਇਹ ਚਿੱਕੜ ਨਹੀਂ, ਕੇਸਰ ਹੈ। ਸੀਸ ਤੇ ਚੁੱਕੀ ਪੱਠਿਆਂ ਦੀ ਭਰੀ, ਭਾਰ ਨਹੀਂ, ਇਹ ਸਾਰੀ ਮਨੁੱਖਤਾ ਦਾ ਦਰਦ ਹੈ ਜਿਸ ਦੀ ਜ਼ਿੰਮੇਵਾਰੀ ਲਹਿਣਾ ਜੀ ਨੇ ਸਿਰ ਚੁੱਕਣੀ ਹੈ। ਜੇ ਪੁੱਛਿਆ, ਲਹਿਣਿਆਂ! ਰਾਤ ਕਿੰਨੀ ਬੀਤੀ ਹੈ ਤਾਂ ਕਿਹਾ, ਮਹਾਰਾਜ, ਜਿੰਨੀ ਬੀਤੀ ਹੈ ਆਪ ਜੀ ਦੇ ਹੁਕਮ ਵਿਚ ਬੀਤੀ ਹੈ, ਜਿੰਨੀ ਰਹਿੰਦੀ ਹੈ, ਉਹ ਵੀ ਆਪ ਜੀ ਦੇ ਹੁਕਮ ਵਿਚ ਹੈ। ਜੇ ਅੱਧੀ ਰਾਤ ਨੂੰ ਕਿਹਾ, ਲਹਿਣਾ ਜੀ, ਜਾਓ ਕੱਪੜੇ ਧੋ ਕੇ ਸੁਕਾ ਲਿਆਉ ਤਾਂ ਕਿੰਤੂ ਨਹੀਂ ਕੀਤਾ ਕਿ ਅੱਧੀ ਰਾਤ ਹੈ, ਬਾਹਰ ਘੁੱਪ ਹਨ੍ਹੇਰਾ ਹੈ। ਪੰਡ ਚੁੱਕੀ, ਸਤਿ ਕਰਤਾਰ ਕਹਿੰਦੇ ਤੁਰ ਪਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਵੇਂ ਭਾਈ ਲਹਿਣਾ ਜੀ ਨੂੰ ਅੰਗ ਲਗਾ ਕੇ 'ਅੰਗਦ ਰੂਪ' ਵਿਚ ਪਰਿਵਰਤਿਤ ਕੀਤਾ ਅਤੇ ਆਪਣੇ ਜੀਵਨ ਕਾਲ ਵਿਚ ਹੀ ਅੰਦਰ ਨਿਰੰਕਾਰੀ ਜੋਤਿ ਟਿਕਾ ਗੁਰੂ-ਪਦ ਤੇ ਸਸ਼ੋਭਤ ਕੀਤਾ, ਇਹ ਵਿਵਰਣ ਭਾਈ ਗੁਰਦਾਸ ਸੱਤਾ ਬਲਵੰਡ ਅਤੇ ਭੱਟ ਸਵੱਯਾਂ ਵਿਚ ਪ੍ਰਾਪਤ ਹੈ -

*ਸਹਿ ਟਿਕਾ ਦਿਤੋ ਸੁ ਜੀਵਦੈ ॥* *(ਵਲਵੰਡ ਸੱਤਾ)*

*ਥਾਪਿਆ ਲਹਿਣਾ ਜੀਵਦੈ*
*ਗੁਰਿਆਈ ਸਿਰ ਛਤ੍ਰ ਫਿਰਯਾ॥* *ਭਾਈ ਗੁਰਦਾਸ ਜੀ*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤੰਬਰ 1539 ਵਿਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੀ ਗੁਰੂ ਘਰ ਦੀ ਸਾਰੀ ਮਰਿਆਦਾ ਅਤੇ ਗੁਰੂ-ਸਿੰਘਾਸਣ ਦੀ ਸਾਰੀ ਜ਼ਿੰਮੇਵਾਰੀ ਸ੍ਰੀ ਅੰਗਦ ਦੇਵ ਜੀ ਨੂੰ ਸੌਂਪ ਦਿਤੀ ਸੀ। ਆਪ ਜੀ ਨੇ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਤੇ ਸੁਘੜਤਾ ਨਾਲ ਨਿਬਾਹਿਆ।

---

*(ਪੰਨਾ 38 ਦੀ ਬਾਕੀ)*

ਅਤੇ ਤਣਾਉ ਵਿਚ ਹੈ ਮਨ ਨਾਮ-ਸਿਮਰਨ ਵਿਚ ਨਹੀਂ ਲਗ ਸਕਦਾ। ਗੁਰੂ ਦੇ ਸ਼ਬਦ ਰਾਹੀਂ ਉਸ ਦਾ ਵੈਰ-ਨਿਰਵੈਰਤਾ ਵਿਚ, ਉਸ ਦਾ ਭਉ ਨਿਰਭੈਤਾ ਵਿਚ, ਉਸ ਦਾ ਗੁੱਸਾ ਧੀਰਜ ਵਿਚ, ਉਸ ਦੀ ਈਰਖਾ, ਵੈਰ, ਵਿਰੋਧ ਅਤੇ ਬਦਲੇ ਦੀ ਭਾਵਨਾ ਸਰਬੱਤ ਦੇ ਭਲੇ ਅਤੇ ਪਿਆਰ ਵਿਚ ਬਦਲ ਜਾਂਦੀ ਹੈ। ਉਸ ਅੰਦਰ ਆਤਮ-ਵਿਸ਼ਵਾਸ਼ ਉਤਪੰਨ ਹੁੰਦਾ ਹੈ ਅਤੇ ਹੰਕਾਰ ਦੀ ਥਾਂ ਨਿਮਰਤਾ ਵਿਦਮਾਨ ਹੁੰਦੀ ਹੈ। ਉਸ ਦੀ ਲਾਲਚ ਸੰਤੋਖ ਵਿਚ ਬਦਲ ਜਾਂਦੀ ਹੈ। ਉਹ ਉਦਾਰ ਚਿੱਤ ਅਤੇ ਸ਼ਹਿਨਸ਼ੀਲ ਸੁਭਾਅ ਦਾ ਮਾਲਕ ਬਣ ਜਾਂਦਾ ਹੈ। ਦਇਆ, ਖਿਮਾ, ਪ੍ਰੇਮ, ਸੱਚ, ਸੇਵਾ ਪਰਉਪਕਾਰ ਉਸ ਦੇ ਜੀਵਨ ਸਾਥੀ ਬਣ ਜਾਂਦੇ ਹਨ। ਇਸ ਤਰ੍ਹਾਂ ਸਾਧੇ ਹੋਏ ਮਨ ਦਾ ਮਾਲਕ ਨਾਮ-ਸਿਮਰਨ ਵਿਚ ਜੁੜ ਕੇ ਅਨੰਦ, ਖੁਸ਼ੀ ਅਤੇ ਸਹਿਜ ਨੂੰ ਮਾਣਦਾ ਹੈ ਜਿਸ ਪ੍ਰਤੀ ਗੁਰੂ ਜੀ ਦਾ ਫੁਰਮਾਨ ਹੈ-

*ਹਰਖ ਅਨੰਤ ਸੋਗ ਨਹੀ ਬੀਆ ॥*
*ਸੋ ਘਰੁ ਗੁਰਿ ਨਾਨਕ ਕਉ ਦੀਆ ॥* *ਅੰਗ - ੧੮੬*

# ''ਸਿੰਗਾਪੁਰ ਸ਼ਹੀਦ ਹੋਣ ਵਾਲੇ ਭਾਰਤ ਦੀ ਜੰਗੇ ਆਜਾਦੀ ਦੇ ਮੋਢੀ-ਭਾਈ ਮਹਾਰਾਜ ਸਿੰਘ ਜੀ

*ਪ੍ਰੋ. ਬਾਬਾ ਨਿਰਮਲ ਸਿੰਘ ਰੰਧਾਵਾ*

## ਸਿੱਖ ਰਾਜ ਦੇ ਪਤਨ ਦਾ ਆਰੰਭ ਅਤੇ ਭਾਈ ਮਹਾਰਾਜ ਸਿੰਘ ਜੀ ਨੂੰ ਨੌਰੰਗਾਬਾਦ ਸੰਪਰਦਾ ਦਾ ਜਾਨਸ਼ੀਨ ਥਾਪਣਾ -

ਪੰਜ ਦਰਿਆਵਾਂ ਦੀ ਪਵਿੱਤਰ ਧਰਤੀ ਦੇ ਬਹੁਤ ਵੱਡੇ ਖੇਤਰ ਵਾਲੇ 'ਪੰਜਾਬ' ਉਤੇ 50 ਸਾਲ ਵਧੀਆ ਰਾਜ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ (1839 ਈ:) ਤੋਂ ਬਾਅਦ ਗਦਾਰ ਡੋਗਰਿਆਂ ਨੇ ਸ਼ੇਰੇ ਪੰਜਾਬ ਦੇ ਸਿੱਖ ਸਰਦਾਰਾਂ ਵਿਚ ਭਰਾ ਮਾਰੂ ਜੰਗ ਕਰਵਾਉਣ ਵਿਚ ਅਹਿਮ ਯੋਗਦਾਨ ਪਾਇਆ। ਡੋਗਰੇ ਗ਼ਦਾਰਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਪੰਜਾਬ ਦੇ ਰਾਜ ਭਾਗ ਨੂੰ ਤਬਾਹ ਕਰਨ ਦੀ ਸ਼ੁਰੂਆਤ ਕਰ ਦਿਤੀ। ਮਹਾਰਾਜਾ ਰਣਜੀਤ ਸਿੰਘ ਦੇ ਦੁਖੀ ਹੋਏ ਦੋ ਪੁੱਤਰ ਕੰਵਰ ਕਸ਼ਮੀਰਾ ਸਿੰਘ ਤੇ ਕੰਵਰ ਪਸ਼ੌਰਾ ਸਿੰਘ ਅਤੇ ਹੋਰ ਸ਼ਰਧਾਵਾਨ ਮੁਖੀ ਸਰਦਾਰ ਤੇ ਸਰਦਾਰਾਂ ਦੇ ਪੁੱਤਰ ਆਦਿ ਮਹਾਂਪੁਰਸ਼ ਬਾਬਾ ਬੀਰ ਸਿੰਘ ਨੌਰੰਗਾਬਾਦ ਜੀ ਦੀ ਸ਼ਰਨ ਵਿਚ ਡੇਰਾ ਮੁਠਿਆਂਵਾਲੀ ਆ ਗਏ ਸਨ। ਇਹ ਡੇਰਾ ਹਰੀਕੇ ਪੱਤਣ ਨੇੜੇ ਦਰਿਆ ਦੇ ਕੰਢੇ ਪਿੰਡ ਮੁੱਠਿਆਂਵਾਲੀ ਕਰਕੇ ਪ੍ਰਸਿੱਧ ਸੀ। ਸਿੱਖ ਰਾਜ ਦੇ ਗਦਾਰਾਂ ਵਲੋਂ ਬਾਬਾ ਜੀ ਦੀ ਸ਼ਰਨ ਆਇਆਂ ਨੂੰ ਉਨ੍ਹਾਂ ਦੇ ਹਵਾਲੇ ਕਰਨ ਲਈ ਕਿਹਾ ਪਰ ਬਾਬਾ ਜੀ ਦੀ ਦਇਆਵਾਨ ਬਿਰਤੀ ਨੇ ਸ਼ਰਨ ਆਇਆਂ ਦੀ ਲਾਜ ਰੱਖਣ ਦਾ ਪ੍ਰਣ ਕਰ ਲਿਆ ਤਾਂ ਗ਼ਦਾਰਾਂ ਨੇ ਬਹੁਤ ਵੱਡੀ ਫੌਜ ਤੇ ਤੋਪਾਂ ਨਾਲ ਮੁੱਠਿਆਂਵਾਲੀ ਡੇਰੇ ਤੇ ਹਮਲਾ ਕਰ ਦਿਤਾ ਪਰ ਬਾਬਾ ਜੀ ਨੇ ਆਪਣੀਆਂ ਫੌਜਾਂ ਨੂੰ ਸ਼ਾਂਤਮਈ ਰਹਿਣ ਦਾ ਹੁਕਮ ਕੀਤਾ ਹੋਣ ਕਰਕੇ ਹਮਲਾਵਰਾਂ ਦਾ ਮੁਕਾਬਲਾ ਨਾ ਕੀਤਾ ਗਿਆ ਜਿਸ ਨਾਲ ਆਪ ਜੀ ਦੀਆਂ ਵੱਡੀ ਗਿਣਤੀ ਵਿਚ ਫੌਜਾਂ ਤੇ ਸੰਗਤਾਂ ਨੇ ਗੁਰਬਾਣੀ ਪੜਦਿਆਂ ਤੇ ਸਿਮਰਨ ਕਰਦਿਆਂ ਸ਼ਾਂਤਮਈ ਸ਼ਹੀਦੀਆਂ ਪਾਈਆਂ। ਇਸ ਹਮਲੇ ਦੌਰਾਨ ਬਾਬਾ ਜੀ ਦੇ ਪੱਟ ਤੇ ਵੀ ਤੋਪ ਦਾ ਗੋਲਾ ਵੱਜਾ। ਬਾਬਾ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਆ ਜਾਣ ਕਰਕੇ ਲੰਗਰ ਦੀ ਸੇਵਾ ਕਮਾ ਰਹੇ ਭਾਈ ਮਹਾਰਾਜ ਸਿੰਘ ਜੀ ਨੂੰ ਕੋਲ ਸੱਦ ਕੇ ਨੌਰੰਗਾਬਾਦ ਡੇਰੇ ਦੀ ਸਾਰੀ ਮਰਿਆਦਾ ਸਮਝਾਉਂਦੇ ਹੋਏ ਬਖਸ਼ਿਸ਼ਾਂ ਭੇਟ ਕਰਕੇ 7 ਮਈ 1844 ਈ: ਨੂੰ ਆਪਣਾ ਜਾਨਸ਼ੀਨ ਥਾਪ ਦਿਤਾ। ਸਿੱਖ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਬਾਬਾ ਬੀਰ ਸਿੰਘ ਜੀ ਨੇ ਆਦੇਸ਼ ਦਿਤਾ ਕਿ ਆਉਣ ਵਾਲੇ ਭਿਆਨਕ ਸਮੇਂ ਵਿਚ ਭਾਈ ਮਹਾਰਾਜ ਸਿੰਘ ਜੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਸੰਗਤਾਂ ਨੂੰ ਹਰ ਵਕਤ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਇਸੇ ਦਿਨ ਹੀ ਮਹਾਂਪੁਰਸ਼ ਬਾਬਾ ਬੀਰ ਸਿੰਘ ਨੌਰੰਗਾਬਾਦ ਜੀ ਆਪਣੇ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਪਰਲੋਕ ਗਮਨ ਕਰ ਗਏ।

## ਭਾਈ ਮਹਾਰਾਜ ਸਿੰਘ ਜੀ ਵੱਲੋਂ ਹਥਿਆਰਬੰਦ ਸੰਘਰਸ਼ ਲੜਨ ਦਾ ਨਿਰਣਾ-

ਜਦ ਅੰਗਰੇਜ਼ਾਂ ਨੇ ਪੰਜਾਬ ਵਿਚ ਸਿੱਧਾ ਦਖਲ ਦੇਣਾ ਸ਼ੁਰੂ ਕਰ ਦਿਤਾ ਤਾਂ ਭਾਈ ਮਹਾਰਾਜ ਸਿੰਘ ਜੀ ਨੇ ਅੰਗਰੇਜ਼ਾਂ ਵਿਰੁੱਧ ਵੀ ਹਥਿਆਰਬੰਦ ਸੰਘਰਸ਼ ਦਾ ਬਿਗਲ ਵਜਾ ਦਿਤਾ। ਅੰਗਰੇਜ਼ਾਂ ਦੀਆਂ ਸਿੱਖਾਂ ਨਾਲ ਹੋਈਆਂ ਜੰਗਾਂ ਵਿਚ ਆਪ ਜੀ ਨੇ ਅਹਿਮ ਤੇ ਉਸਾਰੂ ਯੋਗਦਾਨ ਨਿਭਾਇਆ। ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਬਾਲਕ ਕੰਵਰ ਦਲੀਪ ਸਿੰਘ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਅਤੇ ਮਹਾਰਾਣੀ ਜਿੰਦਾਂ ਨੂੰ ਕੈਦ ਵਿਚੋਂ ਛਡਾਉਣ ਹਿੱਤ ਜਲੰਧਰ ਨੇੜੇ ਆਦਮਪੁਰ ਵਿਖੇ ਸਾਥੀਆਂ ਨਾਲ ਹਥਿਆਰ ਲੁੱਟਣ ਦੀ ਵਿਉਂਤ ਬਣਾ ਰਹੇ ਭਾਈ ਮਹਾਰਾਜ ਸਿੰਘ ਜੀ ਤੇ 21 ਹੋਰ ਸਾਥੀਆਂ ਨੂੰ ਗਦਾਰਾਂ ਨੇ ਸੂਹ ਦੇ ਕੇ ਗ੍ਰਿਫ਼ਤਾਰ ਕਰਵਾ ਦਿਤਾ। ਅੰਗਰੇਜ਼ ਸਮਝ ਗਏ ਸਨ ਕਿ ਸਿੱਖ ਸੰਗਤਾਂ ਭਾਈ ਸਾਹਿਬ ਜੀ ਦਾ ਬਹੁਤ ਹੀ ਦਿਲੋਂ ਸਤਿਕਾਰ ਕਰਦੀਆਂ ਹਨ। ਤਦ ਹੀ ਪੰਜਾਬ ਦੀ ਕਿਸੇ ਜੇਲ੍ਹ ਵਿਚ ਬੰਦੀ ਬਣਾਉਣ ਦੀ ਬਿਜਾਏ ਇਕ ਸੇਵਕ ਭਾਈ ਖੜਕ ਸਿੰਘ ਨਾਲ ਕਲਕੱਤੇ ਲਿਜਾਇਆ ਗਿਆ। ਕਲਕੱਤੇ ਤੋਂ ਛੇਤੀ ਹੀ ਆਪ ਜੀ ਤੇ ਸੇਵਕ ਭਾਈ ਖੜਕ ਸਿੰਘ ਜੀ ਨੂੰ ਦੇਸ਼ ਤੋਂ ਜਲਾਵਤਨ ਕਰਕੇ 'ਮੁਹੰਮਦ ਸ਼ਾਹ' ਨਾਮੀ ਸਮੁੰਦਰੀ ਜਹਾਜ਼ ਰਾਹੀਂ ਵਿਦੇਸ਼ ਦੀ ਧਰਤੀ ਸਿੰਗਾਪੁਰ ਲਿਜਾਇਆ ਗਿਆ।

## ਸਿੰਗਾਪੁਰ ਜਲਾਵਤਨੀ ਦੌਰਾਨ ਭਾਈ ਮਹਾਰਾਜ ਸਿੰਘ ਜੀ ਸ਼ਹੀਦੀ ਪਾ ਗਏ -

ਭਾਈ ਮਹਾਰਾਜ ਸਿੰਘ ਜੀ ਭਾਰਤ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸੁਤੰਤਰਤਾ ਸੰਗਰਾਮ ਦੇ ਮੋਢੀ ਸਿੱਖ ਆਗੂ ਸਨ ਜਿਨ੍ਹਾਂ ਨੂੰ ਅੰਗਰੇਜ਼ੀ ਹਕੂਮਤ ਇਕ ਸੇਵਕ

ਭਾਈ ਖੜਕ ਸਮੇਤ 9 ਜੁਲਾਈ 1850 ਈਸਵੀ ਨੂੰ ਜਲਾਵਤਨ ਕਰਕੇ ਵਿਦੇਸ਼ੀ ਧਰਤੀ ਸਿੰਗਾਪੁਰ (ਦੇਸ਼) ਵਿਖੇ ਲੈ ਗਈ ਕਿਉਂਕਿ ਸਿੰਗਾਪੁਰ ਵਿਚ ਵੀ ਅੰਗਰੇਜ਼ਾਂ ਦਾ ਰਾਜ ਸੀ। ਭਾਈ ਮਹਾਰਾਜ ਸਿੰਘ ਜੀ ਨੂੰ ਸਰਕਾਰ ਵਲੋਂ ਬਹੁਤ ਹੀ ਖ਼ਤਰਨਾਕ ਔਟਰਮ ਜੇਲ ਦੀ ਕਾਲ ਕੋਠੜੀ ਵਿਚ ਬੰਦੀ ਬਣਾ ਲਿਆ ਗਿਆ ਅਤੇ ਆਪ ਜੀ ਦੀ ਨਿਗਰਾਨੀ ਅਤੇ ਸੇਵਾ ਵਿਚ ਸਰਕਾਰੀ ਅਧਿਕਾਰੀਆਂ ਤੋਂ ਇਲਾਵਾ ਆਪ ਜੀ ਦੇ ਨਾਲ ਆਏ ਸੇਵਕ ਭਾਈ ਖੜਕ ਸਿੰਘ ਜੀ ਨੂੰ ਵੀ ਲਾਇਆ ਗਿਆ। ਬਰਤਾਨਵੀਂ ਸਰਕਾਰ ਨੇ ਭਾਈ ਮਹਾਰਾਜ ਸਿੰਘ ਜੀ ਨੂੰ ਭਾਰਤ ਦੀ ਅਜ਼ਾਦੀ ਦਾ ਰਾਹ ਛੱਡ ਦੇਣ ਲਈ ਹਰ ਹੀਲਾ ਵਰਤਿਆ ਅਤੇ ਇਥੋਂ ਤਕ ਕਹਿ ਦਿਤਾ ਕਿ ਆਪ ਜੀ ਸਾਡੇ ਨਾਲ ਰਲ ਕੇ ਪੰਜਾਬ ਵਿਚ ਰਾਜ ਭਾਗ ਸੰਭਾਲ ਲਵੋ ਅਤੇ ਸਾਨੂੰ ਭਾਰਤ ਦੇਸ਼ ਤੇ ਰਾਜ ਕਰਨ ਦਿਉ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਸੰਤ ਸਿਪਾਹੀ ਤੇ ਬਹਾਦਰ ਜਰਨੈਲ ਨੇ ਦੇਸ਼ ਨਾਲ ਗ਼ਦਾਰੀ ਕਰਨ ਵਾਲਾ ਰਾਹ ਨਾ ਚੁਣਿਆ ਅਤੇ ਅੰਗਰੇਜ਼ੀ ਸਰਕਾਰ ਦੀ 'ਪਾੜੋ ਤੇ ਰਾਜ ਕਰੋ' ਦੀ ਦੋਗਲੀ ਨੀਤੀ ਨੂੰ ਠੁਕਰਾਉਂਦੇ ਹੋਏ ਬਚਨ ਕੀਤੇ ਕਿ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਦੀ ਧਰਤੀ ਤੋਂ ਬਾਹਰ ਕੱਢਣ ਦੀ ਕਸਮ ਖਾਧੀ ਹੋਈ ਹੈ।" ਅੰਗਰੇਜ਼ਾਂ ਨੂੰ ਬਾਬਾ ਜੀ ਦੇ ਨਿਡਰ ਤੇ ਨਿਰਭਉ ਵਾਲੇ ਕਰਾਰੇ ਜੁਆਬ ਤੋਂ ਪਤਾ ਲਗ ਗਿਆ ਸੀ ਕਿ ਇਹ ਕੋਈ ਮਹਾਨ ਸ਼ਕਤੀ ਦਾ ਮਾਲਕ ਹੈ ਜੋ ਕਿਸੇ ਲਾਲਚ ਵਿਚ ਨਹੀਂ ਆਉਣ ਵਾਲਾ। ਸਰਕਾਰ ਦੇ ਫੈਸਲੇ ਅਨੁਸਾਰ ਆਪ ਜੀ ਨੂੰ ਜੇਲ੍ਹ ਦੀ ਕਾਲ ਕੋਠੜੀ ਵਿਚ ਬੰਦ ਕਰ ਦਿਤਾ ਗਿਆ ਜਿੱਥੇ ਆਪ ਜੀ ਨੂੰ ਬਹੁਤ ਤਸੀਹੇ ਦਿਤੇ ਗਏ। ਖਾਣੇ ਵਿਚ ਕੱਚ ਪੀਹ ਕੇ ਪਾ ਦੇਣਾ, ਬਿਨਾਂ ਹਵਾ ਬਿਨਾਂ ਚਾਨਣ ਵਾਲੇ ਛੋਟੇ ਜਿਹੇ ਕਮਰੇ ਵਿਚ ਰੱਖਣਾ, ਕਿਸੇ ਨੂੰ ਮਿਲਣ ਨਾ ਦੇਣਾ ਆਦਿ ਭਾਵ ਜਾਲਮ ਸਰਕਾਰ ਵਲੋਂ ਭਾਈ ਮਹਾਰਾਜ ਸਿੰਘ ਜੀ ਦਾ ਸਿਦਕ ਡੋਲਾਉਣ ਦਾ ਹਰ ਹੀਲਾ ਵਰਤਿਆ ਗਿਆ ਪਰ ਬਜ਼ੁਰਗ ਸਿਦਕੀ ਸਿੰਘ ਨੂੰ ਉਹ ਡੋਲਾਅ ਨਾ ਸਕੇ। ਜੇਲ੍ਹ ਵਿਚ ਹੀ ਆਪ ਜੀ ਦੀਆਂ ਅੱਖਾਂ ਦੀ ਜੋਤ ਜਾਂਦੀ ਰਹੀ ਤੇ ਦੰਦਾਂ ਤੇ ਕੈਂਸਰ ਦੀ ਭਿਆਨਕ ਬਿਮਾਰੀ ਲਗ ਗਈ ਪਰ ਫਿਰ ਵੀ ਆਪ ਜੀ ਸਦਾ ਚੜ੍ਹਦੀ ਕਲਾ ਵਿਚ ਰਹਿ ਕੇ ਗੁਰਬਾਣੀ ਦਾ ਪਾਠ ਅਤੇ ਲਗਾਤਾਰ ਸਿਮਰਨ ਕਰਕੇ ਗੁਰੂ ਜੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਰਹੇ। ਇਸ ਤਰ੍ਹਾਂ ਭਾਈ ਮਹਾਰਾਜ ਸਿੰਘ ਜੀ ਨੇ 6 ਸਾਲ ਦਾ ਦੁੱਖਾਂ ਭਰਿਆ ਲੰਮਾਂ ਸਮਾਂ ਸਿੰਗਾਪੁਰ ਦੀ ਐਟਰਮ ਜੇਲ ਦੀ ਕਾਲ ਕੋਠੜੀ ਵਿਚ ਅਕਾਲ ਪੁਰਖ ਜੀ ਦੀ ਰਜ਼ਾ ਵਿਚ ਰਹਿੰਦੇ ਹੋਏ ਬਤੀਤ ਕੀਤਾ।

ਅੰਤ 5 ਜੁਲਾਈ 1856 ਈਸਵੀ ਦਾ ਉਹ ਦਿਨ ਵੀ ਆ ਗਿਆ ਜਦ ਮਹਾਂਪੁਰਸ਼ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਦੀ ਗੱਦੀ ਦਾ ਵਾਰਸ, ਨਿਹੰਗ ਬਾਣੇ ਦਾ ਧਾਰਨੀ, ਸੰਤ ਸਿਪਾਹੀ ਖਾਲਸਾ ਅਤੇ ਹਿੰਦੁਸਤਾਨ ਦੀ ਆਜ਼ਾਦੀ ਦਾ ਪ੍ਰਵਾਨਾ ਅੰਗਰੇਜ਼ੀ ਹਕੂਮਤ ਦੀਆਂ ਨਾਪਾਕ ਚਾਲਾਂ ਨੂੰ ਠੁਕਰਾ ਕੇ ਸਿੰਗਾਪੁਰ ਦੇਸ਼ ਦੀ ਐਟਰਮ ਜੇਲ੍ਹ ਵਿਚ ਸ਼ਹੀਦੀ ਪਾ ਗਿਆ। ਸ਼ਹੀਦੀ ਪਾਉਣ ਵਾਲੇ ਦਿਨ ਤਕ ਆਪ ਜੀ ਦੀ ਉਮਰ 76 ਸਾਲ 5 ਮਹੀਨੇ 22 ਦਿਨ ਸੀ।

**ਸਿੰਗਾਪੁਰ ਵਿਖੇ ਭਾਈ ਮਹਾਰਾਜ ਸਿੰਘ ਜੀ ਦਾ ਯਾਦਗਾਰੀ ਅਸਥਾਨ –** ਭਾਈ ਮਹਾਰਾਜ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਨੂੰ ਯਾਦ ਰੱਖਣ ਲਈ ਸਿੰਗਾਪੁਰ ਦੇ ਸਿੱਖਾਂ ਨੇ ਸਿਲਟ ਰੋਡ ਵਿਖੇ ਆਪ ਜੀ ਦੀ ਯਾਦ ਵਿਚ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ। ਇਸ ਸ਼ਹੀਦੀ ਸਥਾਨ ਤੇ ਹਰ ਸਾਲ 5 ਜੁਲਾਈ ਨੂੰ ਸਾਲਾਨਾ ਸ਼ਹੀਦੀ ਜੋੜ ਮੇਲਾ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ।

## ਭਾਈ ਮਹਾਰਾਜ ਸਿੰਘ ਦੇ ਜੀਵਨ ਸੰਬੰਧੀ ਹੋਰ ਜਾਣਕਾਰੀ –

1. ਆਪ ਜੀ ਦਾ ਜਨਮ 13 ਜਨਵਰੀ 1780 ਈ: ਨੂੰ ਲੁਧਿਆਣਾ (ਪੰਜਾਬ) ਜ਼ਿਲ੍ਹੇ ਦੇ ਪਿੰਡ ਉਚੀ ਰੱਬੋ (ਮਲੌਦ) ਵਿਖੇ ਮਾਤਾ ਦਇਆ ਕੌਰ ਤੇ ਪਿਤਾ ਸਰਦਾਰ ਕੇਸਰ ਸਿੰਘ ਦੇ ਘਰ ਹੋਇਆ ਸੀ। ਆਪ ਜੀ ਨਾਮ 'ਨਿਹਾਲ ਸਿੰਘ' ਰੱਖਿਆ ਗਿਆ।

2. ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਜੀ ਦੀ ਸੇਵਾ ਵਿਚ ਆ ਜਾਣ ਤੇ ਆਪ ਜੀ ਨੂੰ ਅੰਮ੍ਰਿਤ ਪਾਨ ਕਰਵਾ ਕੇ ਨਾਮ ਭਗਵਾਨ ਸਿੰਘ ਰੱਖਿਆ ਗਿਆ।

3. ਬਾਬਾ ਬੀਰ ਸਿੰਘ ਜੀ ਨੌਰੰਗਾਬਾਦ (ਨੇੜੇ ਤਰਨ ਤਾਰਨ ਸਾਹਿਬ) ਦੇ ਡੇਰੇ ਵਿਚ ਗੁਰੂ ਕੇ ਲੰਗਰ ਦੀ ਅਣਥੱਕ ਸੇਵਾ ਕਮਾਈ ਅਤੇ ਸੰਗਤਾਂ ਨੂੰ ਲੰਗਰ ਵਰਤਾਉਂਦਿਆਂ ਹਰੇਕ ਸੰਗਤ ਨੂੰ 'ਲਓ ਪ੍ਰਸ਼ਾਦਾ ਮਹਾਰਾਜ ਜੀ' ਲਓ ਜਲ ਮਹਾਰਾਜ ਜੀ, ਭਾਵ ਹਰੇਕ ਪ੍ਰਾਣੀ ਨੂੰ ਮਹਾਰਾਜ...ਮਹਾਰਾਜ ਨਾਲ ਸੰਬੋਧਨ ਕਰਨ ਕਰਕੇ ਆਪ ਜੀ ਦਾ ਨਾਮ ਭਾਈ ਮਹਾਰਾਜ ਪੱਕ ਗਿਆ ਅਤੇ ਬਾਅਦ ਵਿਚ ਭਾਈ ਮਹਾਰਾਜ ਸਿੰਘ ਜੀ ਦੇ ਪੂਰੇ ਸਤਿਕਾਰਤ ਨਾਮ ਨਾਲ ਆਪ ਜੀ ਨੂੰ ਸਿੱਖ ਜਗਤ ਵਿਚ ਵਡਿਆਈ ਮਿਲੀ।

# ਜਪੁਜੀ ਦੇ ਪੰਜ ਖੰਡ

*ਡਾ. ਰਾਮ ਸਿੰਘ*

ਜਪੁਜੀ ਦੇ ਅੰਤ ਦੇ ਕਰੀਬ, 34 ਤੋਂ 37 ਚਾਰ ਪਉੜੀਆਂ ਵਿਚ, ਪੰਜ ਖੰਡਾਂ ਦਾ ਵਰਣਨ ਹੈ। ਇਨ੍ਹਾਂ ਦੇ ਨਾਂ ਹਨ - ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ। ਖੰਡ ਸ਼ਬਦ ਦਾ ਅਰਥ ਹੈ, ਟੁਕੜਾ, ਹਿੱਸਾ, ਭਾਗ ਆਦਿਕ। ਪੰਜ ਖੰਡ ਪੰਜ ਭਾਗ ਹਨ ਉਸ ਮਾਨਸਿਕ ਵਿਕਾਸ ਦੇ, ਜਿਸ ਵਿਚੋਂ ਆਤਮਿਕ ਜਗਿਆਸੂ ਲੰਘਦਾ ਹੈ। ਜਪੁਜੀ ਦੇ ਨਾਂ ਤੋਂ ਹੀ ਸੂਚਨਾ ਮਿਲਦੀ ਹੈ ਕਿ ਇਸ ਵਿਚ ਜਪ ਕਰਨ ਜਾਂ ਦੂਜੇ ਸ਼ਬਦਾਂ ਵਿਚ ਨਾਮ ਜਪਣ ਉਤੇ ਜ਼ੋਰ ਦਿਤਾ ਗਿਆ ਹੈ। ਨਾਮ ਜਪਣ ਵਾਲੇ ਸਾਧਕ ਦੇ ਅੰਦਰ ਕਈ ਤਰ੍ਹਾਂ ਦੇ ਪਰਿਵਰਤਨ ਆਉਂਦੇ ਹਨ ਤੇ ਉਹ ਅੰਤ ਉਤੇ ਨਿਰੰਕਾਰ ਦੀ ਪ੍ਰਾਪਤੀ ਕਰਦਾ ਹੈ। ਪੰਜ ਖੰਡਾਂ ਵਿਚ ਸਾਧਕ ਦੇ ਅੰਦਰ ਆਉਣ ਵਾਲੇ ਪਰਿਵਰਤਨ ਦੇ ਵਿਸਥਾਰ ਹਨ। ਜੇ ਉਸ ਦੇ ਅੰਦਰ ਹੋ ਰਹੇ ਵਿਕਾਸ ਤੇ ਆ ਰਹੇ ਪਰਿਵਰਤਨ ਨੂੰ ਇਕ ਯਾਤਰਾ ਨਾਲ ਤੁਲਨਾ ਦੇਈਏ ਤਾਂ ਪੰਜ ਖੰਡ ਇਸ ਯਾਤਰਾ ਦੇ ਪੰਜ ਪੜਾਅ ਜਾਂ ਮੰਜ਼ਿਲਾਂ ਹਨ।

ਪੰਜ ਖੰਡਾਂ ਦਾ ਵਿਸ਼ਾ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋਬਾਰਾ ਨਹੀਂ ਆਇਆ। ਇਸ ਵਿਸ਼ੇ ਦੇ ਇਕ ਵਾਰੀ ਆਉਣ ਨਾਲ ਇਹ ਅਦੁੱਤੀ ਤਾਂ ਸਾਬਤ ਹੋ ਜਾਂਦਾ ਹੈ, ਪਰ ਨਾਲ ਹੀ ਇਸ ਦੀ ਕਠਿਨਾਈ ਭੀ ਵਧ ਜਾਂਦੀ ਹੈ। ਜੇ ਜਪੁਜੀ ਤੋਂ ਸਿਵਾਏ ਇਹ ਹੋਰ ਥਾਂ ਦੁਹਰਾਇਆ ਜਾਂਦਾ ਤਾਂ ਉਸ ਤੋਂ ਜਪੁਜੀ ਦੇ ਪੰਜ ਖੰਡਾਂ ਉਤੇ ਕੁਝ ਰੋਸ਼ਨੀ ਪੈ ਸਕਦੀ ਸੀ। ਜਪੁਜੀ ਦੇ ਟੀਕਾਕਾਰਾਂ ਤੇ ਵਿਆਖਿਆਕਾਰਾਂ ਲਈ ਪੰਜ ਖੰਡ ਇਕ ਵੰਗਾਰ ਹਨ, ਇਨ੍ਹਾਂ ਨੂੰ ਸਮਝਣ ਸਮਝਾਉਣ ਦਾ ਕਾਰਜ ਕਾਫੀ ਔਖਾ ਹੈ। ਜਿਨ੍ਹਾਂ ਵਿਦਵਾਨਾਂ ਨੇ ਇਸ ਵਿਸ਼ੇ ਨਾਲ ਮਿਲਦੇ ਜੁਲਦੇ ਕਿਸੇ ਵਿਸ਼ੇ ਨੂੰ ਹੋਰਨਾਂ ਧਰਮਾਂ ਦੇ ਗ੍ਰੰਥਾਂ ਵਿਚੋਂ ਵਾਚਿਆ ਹੁੰਦਾ ਹੈ, ਉਨ੍ਹਾਂ ਨੂੰ ਕੁਝ ਸਹੂਲਤ ਪ੍ਰਾਪਤ ਹੋ ਜਾਂਦੀ ਹੈ। ਜਪੁਜੀ ਦੇ ਆਮ ਟੀਕਾਕਾਰ ਤਾਂ ਖੰਡਾਂ ਵਾਲੀਆਂ ਤੁਕਾਂ ਦੇ ਸਾਧਾਰਨ ਸ਼ਾਬਦਿਕ ਅਰਥ ਕਰਕੇ ਆਪਣੀ ਸਮੱਸਿਆ ਸੌਖੀ ਕਰ ਲੈਂਦੇ ਹਨ, ਪਰ ਵਿਆਖਿਆਕਾਰਾਂ ਦਾ ਛੁਟਕਾਰਾ ਇੰਨੀ ਸੌਖੀ ਤਰ੍ਹਾਂ ਨਹੀਂ ਹੁੰਦਾ। ਉਨ੍ਹਾਂ ਨੂੰ ਦੱਸਣਾ ਪੈਂਦਾ ਹੈ ਕਿ ਪਹਿਲੇ ਖੰਡ ਦਾ ਦੂਜੇ ਨਾਲੋਂ ਕੀ ਫਰਕ ਹੈ, ਦੂਜੇ ਦਾ ਤੀਜੇ ਨਾਲੋਂ ਕੀ ਤੇ ਇਸੇ ਤਰ੍ਹਾਂ ਅੱਗੋਂ। ਇਹ ਤਾਂ ਹੀ ਸੰਭਵ ਹੈ, ਜੇ ਹਰੇਕ ਖੰਡ ਵਿਚ ਵਾਪਰਨ ਵਾਲੇ ਪਰਿਵਰਤਨ ਦਾ ਖੋਲ੍ਹ ਕੇ ਵਰਣਨ ਕੀਤਾ ਜਾਏ ਤੇ ਉਸ ਦੀ ਪੁਸ਼ਟੀ ਲਈ ਪਹਿਲੇ ਗੁਰਬਾਣੀ ਵਿਚੋਂ ਸਹਾਇਤਾ ਲਈ ਜਾਏ ਤੇ ਦੂਜੇ ਦਰਜੇ ਉੱਤੇ ਹੋਰਨਾਂ ਧਾਰਮਿਕ ਗ੍ਰੰਥਾਂ ਤੋਂ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਪੰਜ ਖੰਡਾਂ ਦੀਆਂ ਪਉੜੀਆਂ ਵਿਚ ਕੁਝ ਸਥਾਨਵਾਚੀ ਸ਼ਬਦ ਵਰਤੇ ਹਨ, ਜਿਵੇਂ 'ਤਿਥੈ, ਓਥੈ, ਵਸੈ ਆਦਿਕ। ਇਨ੍ਹਾਂ ਨੂੰ ਦੇਖ ਕੇ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਖੰਡ ਕੋਈ ਵਾਸਤਵਿਕ ਟਿਕਾਣੇ ਹਨ। ਸਾਰੀ ਭੌਤਿਕ ਸ੍ਰਿਸ਼ਟੀ ਵਿਚ ਕੋਈ ਥਾਂ ਅਜਿਹੀ ਨਹੀਂ, ਜਿਥੇ ਪੰਜ ਖੰਡ ਮੌਜੂਦ ਹੋਣ। ਇਹ ਖੰਡ ਬਾਹਰਲੇ ਭੌਤਿਕ ਜਗਤ ਵਿਚ ਨਹੀਂ, ਸਾਧਕ ਦੇ ਅੰਦਰਲੇ ਮਾਨਸਿਕ ਜਗਤ ਵਿਚ ਵਿਆਪਕ ਹਨ। ਤਦੇ ਅਸੀਂ ਇਨ੍ਹਾਂ ਨੂੰ ਉਸ ਦੇ ਮਾਨਸਿਕ ਵਿਕਾਸ ਦੇ ਦਰਜੇ ਕਿਹਾ ਹੈ। ਕਈ ਵਿਆਖਿਆਕਾਰ ਇਨ੍ਹਾਂ ਨੂੰ ਭੌਤਿਕ ਜਗਤ ਵਿਚ ਤਾਂ ਨਹੀਂ, ਪਰ ਕਿਸੇ ਗ਼ੈਰ-ਭੌਤਿਕ ਜਾਂ ਸੂਖਮ ਜਗਤ ਵਿਚ ਸਥਿਤ ਦਰਸਾਉਂਦੇ ਹਨ ਤੇ ਇਸ ਗੱਲ ਉਤੇ ਜ਼ੋਰ ਦੇਂਦੇ ਹਨ ਕਿ ਇਹ ਨਿਰੇ ਮਾਨਸਿਕ ਖੰਡ ਨਹੀਂ, ਵਾਸਤਵਿਕ ਟਿਕਾਣੇ ਹਨ, ਪਰ ਬਹੁਤੇ ਵਿਆਖਿਆਕਾਰ ਇਨ੍ਹਾਂ ਖੰਡਾਂ ਨੂੰ ਸਾਧਕ ਦੀ ਚੇਤਨਾ ਤੋਂ ਬਾਹਰ ਵਾਸਤਵਿਕ ਟਿਕਾਣੇ ਨਹੀਂ ਮੰਨਦੇ, ਨਾ ਭੌਤਿਕ ਜਗਤ ਵਿਚ, ਨਾ ਸੂਖਮ ਜਗਤ ਵਿਚ। ਨਾਮ ਜਪਣ ਵਾਲਾ ਸਾਧਕ ਸੱਚ-ਰੂਪੀ ਨਿਰੰਕਾਰ ਨੂੰ ਆਪਣੇ ਅੰਦਰ ਹੀ ਅਨੁਭਵ ਕਰਦਾ ਹੈ। ਇਹ ਉਸ ਦੀ ਸਿਖਰਲੀ ਪ੍ਰਾਪਤੀ ਹੈ। ਇਸ ਤੋਂ ਉਰੇ ਉਹ ਹੋਰ ਭੀ ਕਈ ਪ੍ਰਾਪਤੀਆਂ ਆਪਣੇ ਅਨੁਭਵ ਵਿਚ ਆਉਂਦੀਆਂ ਦੇਖਦਾ ਹੈ। ਇਨ੍ਹਾਂ ਦਾ ਸਬੰਧ ਖੰਡਾਂ ਨਾਲ ਹੈ।

ਨਾਮ ਜਪਣ ਦਾ ਅਰਥ ਹੈ, ਨਿਰੰਕਾਰ ਨੂੰ ਯਾਦ ਕਰਨਾ। ਉਸ ਨੂੰ ਯਾਦ ਕਰਨ ਵੇਲੇ ਉਸ ਦੇ ਕੁਝ ਨਾ ਕੁਝ ਗੁਣਾਂ ਨੂੰ ਧਿਆਨ ਵਿਚ ਲਿਆਂਦਾ ਜਾਂਦਾ ਹੈ। ਨਿਰੰਕਾਰ ਦੇ ਅਨੇਕ ਗੁਣ ਹਨ, ਜਿਸ ਕਰਕੇ ਉਸ ਨੂੰ ਬੇਅੰਤ ਕਿਹਾ ਜਾਂਦਾ ਹੈ। ਨਿਰੰਕਾਰ ਦੇ ਸਾਰੇ ਗੁਣ ਕੋਈ ਜਾਣ ਨਹੀਂ ਸਕਦਾ। ਪੰਜ ਖੰਡਾਂ ਦੇ ਪਾਂਧੀ ਦੇ ਅਨੁਭਵ ਵਿਚ ਭੀ ਸਾਰੇ ਗੁਣ ਨਹੀਂ ਆ ਸਕਦੇ। ਪਰ ਉਹ ਵਿਭਿੰਨ ਖੰਡਾਂ ਵਿਚ ਨਿਰੰਕਾਰ ਦੇ ਨਵੇਂ-ਨਵੇਂ ਗੁਣਾਂ ਨੂੰ ਅਨੁਭਵ ਕਰਦਾ ਰਹਿੰਦਾ ਹੈ। ਇਨ੍ਹਾ ਗੁਣਾਂ ਦਾ ਉਸ ਦੇ ਜੀਵਨ ਉੱਤੇ ਡੂੰਘਾ ਪ੍ਰਭਾਵ ਪੈਂਦਾ ਹੈ ਤੇ ਉਸ ਦੀ ਬੁੱਧੀ, ਮਨ ਤੇ ਕਰਮ ਅਜਿਹੇ ਪ੍ਰਭਾਵ ਨੂੰ ਗ੍ਰਹਿਣ ਕਰਦੇ ਹਨ। ਪੰਜ ਖੰਡਾਂ ਦੀ ਵਿਆਖਿਆ ਵਿਚ ਅਸੀਂ ਨਿਰੰਕਾਰ ਦੇ ਵਿਭਿੰਨ ਗੁਣਾਂ ਤੇ ਉਨ੍ਹਾਂ ਦੇ ਸਾਧਕ ਉੱਤੇ ਪ੍ਰਭਾਵ ਦੀ ਚਰਚਾ ਕਰਾਂਗੇ।

ਗੁਰਬਾਣੀ ਦੇ ਕਈ ਨਵੇਂ ਝੁਕਾਵਾਂ ਵਾਲੇ ਵਿਆਖਿਆਕਾਰ ਇਸ ਦੇ ਆਤਮਿਕ ਜੀਵਨ ਵਾਲੇ ਪੱਖ ਵਲ ਘੱਟ ਤੇ ਇਸ ਦੇ ਸਮਾਜਿਕ ਜਾਂ ਮਾਨਵਵਾਦੀ ਪੱਖ ਵਲ ਵੱਧ ਧਿਆਨ ਦੇਂਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਬਾਣੀ ਵਿਚ ਕਿਰਤ ਕਰਨ, ਵੰਡ ਛਕਣ, ਨੀਚਾਂ ਦੀ ਸੰਭਾਲ ਕਰਨ, ਜਾਤ ਪਾਤ ਤੇ ਛੂਤ ਦ ਤਿਆਗ ਕਰਨ, ਇਸਤ੍ਰੀ ਦਾ ਸਤਿਕਾਰ ਵਧਾਉਣ ਵਾਲੇ ਸਮਾਜਿਕ ਅੰਸ਼ ਭੀ ਮੌਜੂਦ ਹਨ, ਬਲਕਿ ਸਮਾਜ ਦੀ ਰਾਜਸੀ ਦਸ਼ਾ ਉਤੇ ਭੀ ਜ਼ੋਰਦਾਰ ਟੀਕਾ ਟਿੱਪਣੀ ਕੀਤੀ ਗਈ ਹੈ, ਪਰ ਇਹ ਸਾਰੇ ਵਿਸ਼ੇ ਗੌਣ ਦਰਜੇ ਦੇ ਹਨ, ਗੁਰਬਾਣੀ ਦਾ ਮੁੱਖ ਵਿਸ਼ਾ ਨਾਮ ਦੇ ਵਿਸ਼ੇ ਤੋਂ ਸੁਤੰਤਰ ਰੂਪ ਵਿਚ ਪੇਸ਼ ਨਹੀਂ ਕੀਤੇ ਗਏ, ਇਨ੍ਹਾਂ ਨੂੰ ਨਾਮ ਦੇ ਦਾਇਰੇ ਤੋਂ ਬਾਹਰ ਨਹੀਂ ਦਿਤਾ ਗਿਆ। ਪੂਰੀ ਦਿਲ ਦੀ ਸਚਾਈ ਨਾਲ ਨਾਮ ਜਪਣ ਵਾਲੇ ਵਿਅਕਤੀ ਵਿਚ ਮਾਨਵਵਾਦੀ ਗੁਣ ਭੀ ਉਪਜਦੇ ਹਨ ਤੇ ਇਤਿਹਾਸ ਗਵਾਹ ਹੈ ਕਿ ਕਈ ਵਾਰੀ ਉਹ ਸਮਾਜ ਨੂੰ ਬਦਲਣ ਤੇ ਉੱਚਾ ਚੁੱਕਣ ਵਾਲੀ ਸਮਾਜਿਕ ਸ਼ਕਤੀ ਸਿੱਧ ਹੁੰਦਾ ਹੈ। ਪੰਜ ਖੰਡਾਂ ਵਿਚੋਂ ਚੌਥੇ ਖੰਡ ਵਿਚ ਅਜਿਹੇ ਵਿਅਕਤੀਆਂ ਨੂੰ 'ਜੋਧ ਮਹਾਬਲ ਸੂਰ' ਕਿਹਾ ਗਿਆ ਹੈ। ਉਹ ਨਿਰੇ ਨੈਤਿਕ ਤੇ ਆਤਮਿਕ ਜੋਧੇ ਹੀ ਨਹੀਂ, ਸਮਾਜਿਕ ਜੋਧੇ ਭੀ ਸਿੱਧ ਹੁੰਦੇ ਹਨ। ਹੋਰਨਾਂ ਕਈ ਖੰਡਾਂ ਵਿਚ ਭੀ ਸਮਾਜਿਕ ਅੰਸ਼ ਸਹੀ ਕੀਤਾ ਜਾ ਸਕਦਾ ਹੈ, ਪਰ ਜ਼ਰਾ ਟੇਢੀ ਤਰ੍ਹਾਂ।

ਪਰ ਪੰਜ ਖੰਡ ਮੁੱਖ ਤੌਰ ਉੱਤੇ ਆਤਮਿਕ ਜੀਵਨ ਨਾਲ ਹੀ ਸਬੰਧਿਤ ਹਨ। ਧਰਮ ਖੰਡ ਤੋਂ ਲੈ ਕੇ ਸੱਚ-ਖੰਡ ਤਕ ਆਤਮਿਕ ਜੀਵਨ ਸਿਲਸਿਲੇਵਾਰ ਉਤਾਂਹ ਚੜ੍ਹਦਾ ਜਾਂਦਾ ਹੈ। ਪਰ ਇਹ ਚੜ੍ਹਾਈ ਸਿੱਧੀ ਲੀਕ ਦੀ ਤਰ੍ਹਾਂ ਨਹੀਂ ਚਲਦੀ। ਇਸ ਦੀ ਚਾਲ ਵਿਚ ਕਈ ਵਿੰਗ ਟੇਢ ਆਉਂਦੇ ਹਨ। ਉਂਜ ਸਮੁੱਚੇ ਤੌਰ ਉੱਤੇ ਇਹ ਉਤਾਂਹ ਹੀ ਜਾਂਦੀ ਹੈ। ਗੁਰਬਾਣੀ ਦੇ ਹੋਰ ਭਾਗਾਂ ਵਿਚ ਭੀ ਨਾਮ ਮਾਰਗ ਦੇ ਹਮੇਸ਼ਾਂ ਇਕੋ ਜਿਹੇ ਅਨੁਭਵਾਂ ਦਾ ਵਰਣਨ ਨਹੀਂ, ਕਦੇ ਇਸ ਮਾਰਗ ਦੇ ਮੁੱਢ ਵਿਚ ਆਉਣ ਵਾਲੇ ਅਨੁਭਵਾਂ ਦਾ ਵਰਣਨ ਹੈ, ਕਦੇ ਵਿਚਕਾਰ ਆਉਣ ਵਾਲੇ ਤੇ ਕਦੇ ਅੰਤ ਉੱਤੇ ਆਉਣ ਵਾਲੇ। ਪੰਜ ਖੰਡਾਂ ਦੀ ਜਾਣਕਾਰੀ ਰਖਣ ਵਾਲਾ ਗੁਰਬਾਣੀ ਦਾ ਪਾਠਕ ਡੂੰਘੀ ਨੀਝ ਦੀ ਵਰਤੋਂ ਕਰ ਕੇ ਪਛਾਣ ਸਕਦਾ ਹੈ ਕਿ ਕਿਹੜਾ ਅਨੁਭਵ ਮੁੱਢਲਾ ਹੈ, ਕਿਹੜਾ ਵਿਚਕਾਰਲਾ ਤੇ ਕਿਹੜਾ ਅੰਤਲਾ। ਜੇ ਇਹ ਕਿਹਾ ਜਾਏ ਕਿ ਜੇ ਸਾਰੇ ਨਹੀਂ ਤਾਂ ਗੁਰਬਾਣੀ ਦੇ ਤਕਰੀਬਨ ਸਾਰੇ ਭਾਗਾਂ ਵਿਚ ਵਰਣਿਤ ਅਨੁਭਵਾਂ ਦਾ ਸਬੰਧ ਕਿਸੇ ਨਾ ਕਿਸੇ ਖੰਡ ਨਾਲ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਉਂ ਪੰਜ ਖੰਡਾਂ ਦੇ ਵਿਸ਼ੇ ਵਿਚੋਂ ਇਕ ਅਜਿਹੀ ਚਾਬੀ ਲੱਭ ਜਾਂਦੀ ਹੈ ਜਿਸ ਦੁਆਰਾ ਗੁਰਬਾਣੀ ਦੇ ਵਡੇਰੇ ਭਾਗਾਂ ਰੂਪੀ ਤਾਲੇ ਨੂੰ ਕੁਝ ਸੌਖਿਆਂ ਖੋਹਲਿਆ ਜਾ ਸਕਦਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਵਲੋਂ ਪੰਜ ਖੰਡਾਂ ਵਿਚੋਂ ਅੰਤਲੇ ਖੰਡ ਦਾ ਨਾਂ ਸੱਚ-ਖੰਡ ਰੱਖਣ ਤੋਂ ਇਹ ਸੂਚਨਾ ਮਿਲਦੀ ਹੈ ਕਿ ਉਹ ਮਨੁੱਖੀ ਜੀਵਨ ਦੇ ਉਦੇਸ਼ ਨੂੰ 'ਸੱਚ' ਸ਼ਬਦ ਰਾਹੀਂ ਵਰਣਨ ਕਰਨਾ ਚਾਹੁੰਦੇ ਸਨ। ਉਨ੍ਹਾਂ ਦੀ ਸਿਧ ਗੋਸਟਿ ਨਾਂ ਦੀ ਰਚਨਾ ਵਿਚ ਜਦ ਸਿੱਧ ਉਨ੍ਹਾਂ ਨੂੰ ਪੁੱਛਦੇ ਹਨ 'ਕਿਸੁ ਵਖਰ ਕੇ ਤੁਮ ਵਣਜਾਰੇ' ਤਾਂ ਉਹ ਉਤਰ ਦੇਂਦੇ ਹਨ। 'ਸਾਚ ਵਖਰ ਕੇ ਹਮ ਵਣਜਾਰੇ॥' ਗੁਰੂ ਸਾਹਿਬ ਦਾ ਸੱਚ ਦਾ ਵਣਜ ਕਰਨ ਦੇ ਦੋ ਅਰਥ ਹਨ - ਉਹ ਸੱਚ ਖਰੀਦਦੇ ਭੀ ਸਨ ਤੇ ਸੱਚ ਵੇਚਦੇ ਭੀ ਸਨ। ਸੱਚ ਵੇਚਣ ਤੋਂ ਮੁਰਾਦ ਹੈ ਕਿ ਉਹ ਲੋਕਾਂ ਨੂੰ ਸੱਚ ਦੇ ਉਦੇਸ਼ ਦੀ ਪ੍ਰਾਪਤੀ ਦੀ ਪ੍ਰੇਰਨਾ ਦੇਂਦੇ ਤੇ ਜਾਚ ਸਿਖਾਉਂਦੇ ਸਨ। ਸੱਚ ਖਰੀਦਣ ਤੋਂ ਮੁਰਾਦ ਹੈ ਕਿ ਉਹ ਸੱਚ ਨੂੰ ਪ੍ਰਾਪਤ ਹੋ ਚੁਕੇ ਵਿਅਕਤੀਆਂ ਨੂੰ ਖੋਜਦੇ, ਭਾਲਦੇ ਤੇ ਉਨ੍ਹਾਂ ਦੀ ਸੰਗਤ ਕਰ ਕੇ ਪ੍ਰਸੰਨ ਹੁੰਦੇ ਸਨ। ਸੱਚ ਨੂੰ ਪ੍ਰਾਪਤ ਹੋ ਚੁਕੇ ਵਿਅਕਤੀਆਂ ਨੂੰ ਮਿਲਣਾ ਉਨ੍ਹਾਂ ਨੂੰ ਬਹੁਤ ਭਾਉਂਦਾ ਸੀ -

*ਗੁਰਮੁਖਿ ਖੋਜਤ ਭਏ ਉਦਾਸੀ ॥*
*ਦਰਸਨ ਕੈ ਤਾਈ ਭੇਖ ਨਿਵਾਸੀ ॥*
*ਸਾਚ ਵਖਰ ਕੇ ਹਮ ਵਣਜਾਰੇ ॥*
*ਨਾਨਕ ਗੁਰਮੁਖਿ ਉਤਰਸਿ ਪਾਰੇ ॥* *ਅੰਗ- ੯੩੯*

ਗੁਰਬਾਣੀ ਵਿਚ ਜੇ ਨਾਮ ਮਾਰਗ ਦੇ ਉਦੇਸ਼ ਨੂੰ ਸੱਚ ਕਹਿਣਾ ਯੋਗ ਹੈ ਤਾਂ ਇਸ ਮਾਰਗ ਦੇ ਉਰਲੇ ਪੜਾਵਾਂ ਨੂੰ ਭੀ ਸੱਚ ਨਾਲ ਸਬੰਧਿਤ ਕਰਨਾ ਅਯੋਗ ਨਹੀਂ। ਹਰ ਖੰਡ ਕਿਸੇ ਨਾ ਕਿਸੇ ਪੱਖੋਂ ਸੱਚ ਦਾ ਖੰਡ ਹੈ। ਹੁਣ ਅਸੀਂ ਇਨ੍ਹਾਂ ਖੰਡਾਂ ਦੀ ਵਾਰੋ ਵਾਰੀ ਚਰਚਾ ਕਰਦੇ ਹਾਂ-

## ਧਰਮ ਖੰਡ

'ਧਰਮ' ਸ਼ਬਦ ਦੇ ਕੋਸ਼ਾਂ ਅਨੁਸਾਰ ਕਈ ਅਰਥ ਹਨ। ਸਾਧਾਰਨ ਲੋਕ ਧਰਮ ਨੂੰ ਦੀਨ ਜਾਂ ਮਜ਼ਹਬ ਦੇ ਅਰਥਾਂ ਵਿਚ ਵਰਤਦੇ ਹਨ, ਜਿਵੇਂ ਹਿੰਦੂ ਧਰਮ, ਈਸਾਈ ਧਰਮ, ਸਿੱਖ ਧਰਮ ਆਦਿਕ। ਜਦ ਧਰਮ ਸ਼ਬਦ ਕੁਲ ਜਾਂ ਜ਼ਾਤ ਆਦਿਕ ਨਾਲ ਲੱਗ ਕੇ ਆਵੇ ਤਾਂ ਇਸ ਦੇ ਅਰਥ ਹੁੰਦੇ ਹਨ, ਰੀਤੀ, ਰਸਮ, ਰਿਵਾਜ। ਰਾਜੇ ਦਾ ਪਰਜਾ ਵਲ ਧਰਮ ਜਾਂ ਪ੍ਰਤੀਬ੍ਰਤ ਧਰਮ, ਵਰਗੇ ਵਾਕੰਸ਼ਾਂ ਵਿਚ ਧਰਮ ਦਾ ਅਰਥ ਫਰਜ਼ ਹੈ। ਧਰਮੀ ਰਾਜਾ ਦਾ ਅਰਥ ਹੈ ਨਿਆਂ ਕਰਨ ਵਾਲਾ ਰਾਜਾ। ਤੱਤਾਂ ਦੇ ਸ਼ਬਦ, ਸਪਰਸ਼ ਆਦਿਕ ਗੁਣਾਂ ਨੂੰ ਭੀ ਉਨ੍ਹਾਂ ਦੇ ਧਰਮ ਕਿਹਾ ਜਾਂਦਾ ਹੈ। ਧਰਮ ਦੇ ਹੋਰ ਅਰਥ ਹਨ, ਆਸਰਾ, ਸਥਾਈ ਆਧਾਰ। ਪਰਮਾਨੰਦ ਤਕ ਪਚਾਉਣ ਵਾਲੀ ਜੁਗਤੀ ਨੂੰ ਭੀ ਕਈ ਥਾਂ ਧਰਮ ਕਿਹਾ ਹੈ। ਇਨ੍ਹਾਂ ਵਿਚੋਂ ਧਰਮ-ਖੰਡ ਵਿਚ ਆਏ ਧਰਮ ਦੇ ਅਰਥ ਅਸੀਂ ਅੱਗੇ ਵਿਚਾਰੇ ਹਨ।

ਕੋਸ਼ਾਂ ਦੇ ਵਿਭਿੰਨ ਅਰਥਾਂ ਵਿਚੋਂ ਉਹ ਅਰਥ ਹੀ ਚੁਣੇ ਜਾ ਸਕਦੇ ਹਨ, ਜੋ ਇਸ ਖੰਡ ਵਿਚ ਢੁਕਦੇ ਹੋਣ। ਧਰਮ ਖੰਡ ਨੂੰ ਜਪੁਜੀ ਵਿਚ ਇਹ ਤੁਕਾਂ ਅਰਪਿਤ ਹਨ-

*ਰਾਤੀ ਰੁਤੀ ਥਿਤੀ ਵਾਰ ॥*
*ਪਵਣ ਪਾਣੀ ਅਗਨੀ ਪਾਤਾਲ ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥*
*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥*
*ਤਿਨ ਕੇ ਨਾਮ ਅਨੇਕ ਅਨੰਤ ॥*
*ਕਰਮੀ ਕਰਮੀ ਹੋਇ ਵੀਚਾਰੁ ॥*
*ਸਚਾ ਆਪਿ ਸਚਾ ਦਰਬਾਰੁ ॥*
*ਤਿਥੈ ਸੋਹਨਿ ਪੰਚ ਪਰਵਾਣੁ ॥*
*ਨਦਰੀ ਕਰਮਿ ਪਵੈ ਨੀਸਾਣੁ ॥*
*ਕਚ ਪਕਾਈ ਓਥੈ ਪਾਇ ॥*
*ਨਾਨਕ ਗਇਆ ਜਾਪੈ ਜਾਇ ॥ ੩੪ ॥*

*ਧਰਮ ਖੰਡ ਕਾ ਏਹੋ ਧਰਮੁ ॥੩੫॥*

ਧਰਮ-ਖੰਡ ਦੀਆਂ ਇਨ੍ਹਾਂ ਤੁਕਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੇ ਨਿਰਣਾਇਕ ਗੁਣ ਉਤੇ ਜ਼ੋਰ ਦੇ ਕੇ ਆਪਣੇ ਪਾਠਕਾਂ ਨੂੰ ਚੇਤਨ ਕਰਨਾ ਚਾਹੁੰਦੇ ਹਨ ਕਿ ਹਰ ਜੀਵ ਦਾ ਹਰ ਕਰਮ ਦੈਵੀ ਕਸਵੱਟੀ ਉਤੇ ਪਰਖਿਆ ਜਾਂਦਾ ਹੈ। ਕਰਮਾਂ ਦੀ ਪਰਖ ਦੀ ਆਵਸ਼ਕਤਾ ਦਾ ਪ੍ਰਭਾਵ ਪਾਉਣਾ ਧਰਮ ਖੰਡ ਦੀ ਵਿਉਂਤ ਦਾ ਇਕ ਵੱਡਾ ਉਦੇਸ਼ ਹੈ।

ਕਰਮਾਂ ਦੀ ਪਰਖ ਦੀ ਆਵੱਸ਼ਕਤਾ ਦਾ ਵਿਚਾਰ ਦ੍ਰਿੜ ਕਰਵਾ ਕੇ ਗੁਰੂ ਨਾਨਕ ਦੇਵ ਜੀ ਨੇਕ ਕਰਮਾਂ ਨੂੰ ਅਪਣਾਉਣ ਤੇ ਬੁਰੇ ਕਰਮਾਂ ਤੋਂ ਬਚਣ ਦੀ ਪ੍ਰੇਰਨਾ ਭੀ ਦੇਣੀ ਚਾਹੁੰਦੇ ਹਨ। ਗੁਰੂ ਸਾਹਿਬ ਦੀ ਸਾਰੀ ਬਾਣੀ ਜੀਵਨ ਦੇ ਨਵ-ਨਿਰਮਾਣ ਦੇ ਮੰਤਵ ਨਾਲ ਰਚੀ ਗਈ ਹੈ।

ਜਦੋਂ ਕੋਈ ਅਦਾਲਤ ਕਿਸੇ ਮਨੁੱਖ ਦੇ ਜੁਰਮਾਂ ਦੀ ਵੀਚਾਰ ਕਰਕੇ ਉਸ ਨੂੰ ਵੱਧ ਜਾਂ ਘੱਟ ਦੰਡ ਦੇਂਦੀ ਹੈ ਤਾਂ ਦੰਡ ਦਾ ਫੈਸਲਾ ਉਨ੍ਹਾਂ ਨਿਯਮਾਂ ਨੂੰ ਮੁੱਖ ਰੱਖ ਕੇ ਕਰਦੀ ਹੈ ਜੋ ਉਸ ਅਦਾਲਤ ਦੀ ਦੰਡਾਵਲੀ ਵਿਚ ਅੰਕਿਤ ਹੁੰਦੇ ਹਨ। ਮਨੁੱਖੀ ਕਰਮਾਂ ਦੀ ਦੈਵੀ ਪਰਖ ਲਈ ਭੀ ਕੋਈ ਨਿਯਮ ਹੋਣੇ ਚਾਹੀਦੇ ਹਨ। ਅਜਿਹੇ ਨਿਯਮ ਨਿਰੰਕਾਰ ਨੇ ਬਣਾਏ ਹਨ ਤੇ ਉਹ ਇਨ੍ਹਾਂ ਅਨੁਸਾਰ ਕਰਮਾਂ ਦਾ ਲੇਖਾ ਕਰਦਾ ਹੈ। ਲੇਖਾ ਕਰਨ ਵਾਲੇ ਨਿਰੰਕਾਰ ਨੂੰ ਲੇਖਾਕਾਰ ਕਿਹਾ ਜਾ ਸਕਦਾ ਹੈ। ਭਾਰਤੀ ਪੁਰਾਣ ਨੇ ਧਰਮਰਾਜ ਨੂੰ ਲੇਖਾਕਾਰ ਜਾਂ ਬਾਣੀਆ ਕਿਹਾ ਹੈ। ਉਸ ਦੀ ਸਹਾਇਤਾ ਲਈ ਚਿੱਤਰ ਤੇ ਗੁਪਤ ਨਾਂ ਦੇ ਦੋ ਕਲਰਕ ਮੁਕੱਰਰ ਹਨ ਜੋ ਹਰ ਮਨੁੱਖ ਦੇ ਚੰਗੇ ਤੇ ਬੁਰੇ ਕੰਮਾਂ ਦਾ ਹਿਸਾਬ ਨਾਲ-ਨਾਲ ਤਿਆਰ ਕਰੀ ਜਾਂਦੇ ਹਨ। ਜਦ ਉਹ ਆਪਣੇ ਹਿਸਾਬ ਦੀਆਂ ਦੋਵੇਂ ਵਹੀਆਂ ਧਰਮਰਾਜ ਦੇ ਪੇਸ਼ ਕਰਦੇ ਹਨ ਤਾਂ ਉਹ ਉਹਨਾਂ ਨੂੰ ਗੌਰ ਨਾਲ ਵਾਚ ਕੇ ਮਨੁੱਖ ਦੇ ਦੁੱਖ ਜਾਂ ਸੁਖ ਦਾ ਨਿਰਣਾ ਕਰਦਾ ਹੈ। ਨੇਕਾਂ ਨੂੰ ਉਹ ਸੁਰਗ ਦੇ ਸੁੱਖਾਂ ਦਾ ਭਾਗੀ ਨਿਸ਼ਚਿਤ ਕਰਦਾ ਹੈ ਤੇ ਬਦਾਂ ਨੂੰ ਨਰਕ ਦੇ ਦੁੱਖਾਂ ਦਾ। ਨੇਕੀ ਬਦੀ ਦੇ ਫਲ ਨੂੰ ਧਰਮਰਾਜ ਨਾਲ ਸਬੰਧਿਤ ਕਰਨ ਵਾਲੀਆਂ ਦੋ ਤੁਕਾਂ ਜਪੁਜੀ ਦੇ ਅੰਤਲੇ ਸਲੋਕ ਵਿਚ ਮੌਜੂਦ ਹਨ -

*ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥*
*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਅੰਗ- ੮*

ਇਥੇ 'ਧਰਮੁ' ਦਾ ਅਰਥ ਧਰਮਰਾਜ ਹੈ ਜੋ ਮਨੁੱਖਾਂ ਦੇ ਆਪੋ ਆਪਣੇ ਕਰਮਾਂ ਨੂੰ ਵਾਚ ਕੇ ਚੰਗਿਆਈਆਂ ਕਰਨ ਵਾਲਿਆਂ ਨੂੰ ਨੇੜੇ ਰਖਦਾ ਹੈ ਤੇ ਬੁਰਿਆਈਆਂ ਕਰਨ ਵਾਲਿਆਂ ਨੂੰ ਦੂਰ ਧੱਕ ਦੇਂਦਾ ਹੈ। ਕਿਸ ਤੋਂ? ਆਪਣੇ ਆਪ ਤੋਂ। ਜੋ ਉਸ ਦੇ ਨੇੜੇ ਰਹਿੰਦੇ ਹਨ ਉਹ ਸੁਖੀ ਹੁੰਦੇ ਹਨ ਤੇ ਜੋ ਉਸ ਤੋਂ ਦੂਰ ਹੁੰਦੇ ਹਨ ਉਹ ਦੁਖੀ ਹੁੰਦੇ ਹਨ। ਨੇੜਤਾ ਤੇ ਦੂਰੀ ਸੁਖ ਤੇ ਦੁਖ ਨੂੰ ਦਰਸਾਉਣ ਵਾਲੇ ਅਲੰਕਾਰਿਕ ਪ੍ਰਯੋਗ ਹਨ। ਸਿਰਫ ਇਹ ਹੀ ਨਹੀਂ। ਧਰਮਰਾਜ ਭੀ ਇਕ ਪ੍ਰਤੀਕ ਹੈ ਦੈਵੀ ਨਿਰਣਾਇਕ ਕਰਤੱਵ ਦਾ। ਸ੍ਰੀ ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂ ਸਾਹਿਬ ਅਸਲ ਵਿਚ ਤਾਂ ਸ੍ਰਿਸ਼ਟੀ ਦਾ ਕਰਤਾ, ਭਰਤਾ ਤੇ ਹਰਤਾ ਨਿਰੰਕਾਰ ਨੂੰ ਹੀ ਮੰਨਦੇ ਹਨ ਪਰ ਆਮ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖ ਕੇ ਕਦੇ-ਕਦੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਵਰਗੇ ਦੇਵਤਿਆਂ ਦੇ ਨਾਂ ਭੀ ਵਰਤ ਲੈਂਦੇ ਹਨ ਜਿਨ੍ਹਾਂ ਨੂੰ ਭਾਰਤੀ ਪੁਰਾਣ ਨੇ ਕਰਤਾ, ਭਰਤਾ ਤੇ ਹਰਤਾ ਦੇ ਕਾਰਜ ਸੌਂਪੇ ਹੋਏ ਸਨ। ਇਸੇ ਤਰ੍ਹਾਂ ਉਹ ਮਨੁੱਖੀ ਕਰਮਾਂ ਦਾ ਨਿਰਣਾਇਕ ਅਸਲ ਵਿਚ ਤਾਂ ਨਿਰੰਕਾਰ ਨੂੰ ਮੰਨਦੇ ਹਨ ਪਰ ਧਰਮਰਾਜ ਦਾ ਨਾਂ ਲੈ ਕੇ ਲੋਕਾਂ ਨੂੰ ਇਕ ਛੋਟ ਦੇ ਲੈਂਦੇ ਹਨ। ਇਸ ਨਾਲ ਉਨ੍ਹਾਂ ਦੇ ਉਪਦੇਸ਼ ਵਿਚ ਫਰਕ ਨਹੀਂ ਪੈਂਦਾ। ਕਰਮਾਂ ਦੀ ਪਰਖ ਚਾਹੇ ਧਰਮਰਾਜ ਕਰੇ ਚਾਹੇ ਨਿਰੰਕਾਰ, ਦੋਹਾਂ ਹਾਲਤਾਂ ਵਿਚ ਕਰਮ ਦੀ ਪਰਖ ਤੇ ਉਸ ਦੇ ਫਲ ਦਾ ਸਿਧਾਂਤ ਪੇਸ਼ ਹੋ ਜਾਂਦਾ ਹੈ ਤੇ ਇਹੀ ਮਹੱਤਵਪੂਰਨ ਗੱਲ ਹੈ। ਨਿਰੰਕਾਰ ਆਪ ਭੀ ਸੱਚਾ ਹੈ ਤੇ ਉਸ ਦਾ ਦਰਬਾਰ ਭੀ ਸੱਚਾ ਹੈ, ਕਿਉਂਕਿ ਉਸ ਦਰਬਾਰ ਵਿਚ ਨਿਰੰਕਾਰ ਰਾਹੀਂ ਸੱਚਾ ਨਿਆਂ ਹੁੰਦਾ ਹੈ। ਸੰਸਾਰੀ ਅਦਾਲਤਾਂ ਵਿਚ ਭਾਵੇਂ ਕਦੇ ਦੋਸ਼ੀ ਛੱਡੇ ਤੇ ਨਿਰਦੋਸ਼ ਦੰਡੇ ਜਾਣ, ਨਿਰੰਕਾਰੀ ਦਰਬਾਰ ਵਿਚ ਅਜਿਹੀ ਗੜਬੜ ਨਹੀਂ ਹੋ ਸਕਦੀ। ਕਰਮ ਤੇ ਉਸ ਦੇ ਫਲ ਦਾ ਨਿਯਮ ਪੱਕਾ ਹੈ ਤੇ ਇਸ ਦੀ ਵਰਤੋਂ ਭੀ ਪਕਿਆਈ ਨਾਲ ਹੁੰਦੀ ਹੈ। ਇਸ ਦੇ ਨਿਯਮ ਨੂੰ 'ਕਰਮ-ਫਲ ਦਾ ਸਿਧਾਂਤ ਜਾਂ ਸੰਖੇਪ ਵਿਚ ਕਰਮ ਸਿਧਾਂਤ ਕਿਹਾ ਜਾਂਦਾ ਹੈ। ਬਾਬਾ ਫਰੀਦ ਜੀ ਇਸੇ ਨਿਯਮ ਨੂੰ ਦ੍ਰਿੜ੍ਹ ਕਰਵਾਉਣ ਲਈ ਬੜੇ ਸੁੰਦਰ ਤੇ ਵਿਅੰਗਮਈ

ਦ੍ਰਿਸ਼ਟਾਂਤ ਵਰਤਦੇ ਹਨ -

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ੨੩ ॥*

*ਅੰਗ- ੧੩੭੯*

ਇਸ ਸਲੋਕ ਵਿਚ ਕਰਮ ਦਾ ਨਿਰਣਾ ਹੋਣ ਦਾ ਵਰਣਨ ਨਹੀਂ ਪਰ ਕਰਮ ਦੇ ਫਲ ਦਾ ਜ਼ਿਕਰ ਜ਼ਰੂਰ ਹੈ। ਉਹ ਜੱਟ ਅਕਲਮੰਦ ਨਹੀਂ ਜਿਹੜਾ ਕਿੱਕਰ ਬੀਜ ਕੇ ਬਿਜੌਰੀ ਦਾਖਾਂ ਖਾਣ ਦਾ ਸੁਆਦ ਚੱਖਣਾ ਚਾਹੁੰਦਾ ਹੈ ਜਾਂ ਉੱਨ ਕੱਤਦਾ ਫਿਰਦਾ ਹੈ ਪਰ ਆਸ ਕਰਦਾ ਹੈ ਕਿ ਉਹ ਪੱਟ ਪਹਿਨੇਗਾ। ਉਸ ਨੂੰ ਕਰਮ ਤੇ ਉਸ ਦੇ ਫਲ ਦੇ ਨਿਯਮ ਦੀ ਸੋਝੀ ਨਹੀਂ। ਸਿਆਣਪ ਦਾ ਤਕਾਜ਼ਾ ਇਹ ਹੈ ਕਿ ਮਨੁੱਖ ਇਸ ਨਿਯਮ ਨੂੰ ਚੰਗੀ ਤਰ੍ਹਾਂ ਪੱਲੇ ਬੰਨ੍ਹੇ। ਇਹ ਨਿਯਮ ਇਕੱਲੇ ਜੱਟਾਂ ਉਤੇ ਲਾਗੂ ਨਹੀਂ, ਸਭ ਜਾਤਾਂ, ਸਭ ਸ਼੍ਰੇਣੀਆਂ, ਸਭ ਕੌਮਾਂ ਤੇ ਸਭ ਪੰਥਾਂ ਉਤੇ ਲਾਗੂ ਹੈ। ਧਰਤੀ ਉਤੇ ਲੱਖਾਂ, ਕ੍ਰੋੜਾਂ ਨਹੀਂ, ਅਰਬਾਂ ਮਨੁੱਖ ਵਸਦੇ ਹਨ, ਸਭ ਇਸ ਨਿਯਮ ਦੇ ਰਾਜ ਅਧੀਨ ਹਨ। ਇਹ ਤਾਂ ਗੈਰ-ਮਨੁੱਖੀ ਜੀਵਾਂ ਉਤੇ ਭੀ ਮਾਰ ਕਰਦਾ ਹੈ ਪਰ ਇਕ ਵੱਖਰੇ ਰੂਪ ਵਿਚ। ਪਸ਼ੂ, ਪੰਛੀਆਂ ਨੂੰ ਕਰਮ ਕਰਨ ਦੀ ਉਸ ਤਰ੍ਹਾਂ ਦੀ ਆਜ਼ਾਦੀ ਨਹੀਂ ਜਿਸ ਤਰ੍ਹਾਂ ਦੀ ਮਨੁੱਖ ਨੂੰ ਹੈ। ਇਸ ਲਈ ਉਹਨਾਂ ਦੇ ਕਰਮਾਂ ਦੀ ਪਰਖ ਹੋ ਕੇ ਉਨ੍ਹਾਂ ਦੇ ਚੰਗੇ ਮੰਦੇ ਹੋਣ ਅਨੁਸਾਰ ਉਨ੍ਹਾਂ ਨੂੰ ਫਲ ਭੁਗਤਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦ ਸ੍ਰੀ ਗੁਰੂ ਨਾਨਕ ਸਾਹਿਬ ਚੌਤੀਵੀਂ ਪਉੜੀ ਵਿਚ ਕਹਿੰਦੇ ਹਨ ਕਿ ਧਰਤੀ ਉਤੇ ਕਈ ਜੁਗਤਾਂ ਤੇ ਰੰਗਾਂ ਦੇ ਜੀਵ ਵਸਦੇ ਹਨ ਤੇ ਉਨ੍ਹਾਂ ਦੇ ਨਾਮ ਅਨੇਕ ਤੇ ਅਨੰਤ ਹਨ ਤਾਂ ਉਹਨਾਂ ਦਾ ਇਸ਼ਾਰਾ ਵੱਡੀ ਗਿਣਤੀ ਦੇ ਮਨੁੱਖੀ ਜੀਵਾਂ ਵਲ ਹੀ ਹੈ।

ਪਰ ਗੁਰੂ ਸਾਹਿਬ ਨੇ ਧਰਮ-ਖੰਡ ਦੀ ਪਉੜੀ ਦਾ ਮੁੱਢ ਮਨੁੱਖੀ ਜੀਵਾਂ ਨਾਲ ਨਹੀਂ ਕੀਤਾ, ਨਿਰਜੀਵ ਵਸਤਾਂ ਨਾਲ ਕੀਤਾ ਹੈ - *'ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥'*

ਇਥੇ ਧਰਤੀ ਨੂੰ ਧਰਮਸਾਲ ਕਿਹਾ ਹੈ ਕਿਉਂਕਿ ਧਰਮ ਦਾ ਘਰ ਹੈ ਜਾਂ ਦੂਜੇ ਸ਼ਬਦਾਂ ਵਿਚ ਇਸ ਵਿਚ ਧਰਮ ਵਿਆਪਕ ਹੈ। ਇਹ ਧਰਮ ਕਿਹੜਾ ਹੈ? ਇਹ ਧਰਮ ਉਹ ਨਿਯਮ ਹੈ ਜੋ ਕਾਲ ਦੇ ਸਭ ਅੰਗਾਂ 'ਰਾਤੀ ਰੁਤੀ ਥਿਤੀ ਵਾਰ' ਉਤੇ ਲਾਗੂ ਹੁੰਦਾ ਹੈ ਤੇ 'ਪਵਣ ਪਾਣੀ ਅਗਨੀ ਪਾਤਾਲ' ਵਰਗੇ ਤੱਤਾਂ ਉਤੇ ਭੀ। ਇਹ ਚਾਰ ਤੱਤਾਂ ਦੇ ਨਾਂ ਹਨ। ਭਾਰਤੀ ਤੱਤਾਂ ਦੀ ਗਿਣਤੀ ਅਨੁਸਾਰ ਪੰਜਵਾਂ ਤੱਤ ਧਰਤੀ ਹੈ। ਕਾਲ ਦੇ ਇਹ ਸਾਰੇ ਅੰਗ ਤੇ ਇਹ ਸਾਰੇ ਤੱਤ ਕਾਰਨ ਕਾਰਜ ਦੇ ਨਿਯਮ ਅਧੀਨ ਹਨ। ਇਸ ਨਿਯਮ ਤੋਂ ਧਰਤੀ ਦੇ ਉਪਰ ਤੇ ਹੇਠਾਂ ਸਥਿਤ ਸਭ ਨਿਰਜੀਵ ਵਸਤਾਂ, ਗੈਰ-ਮਨੁੱਖੀ ਜੀਵਾਂ ਤੇ ਮਨੁੱਖਾਂ ਵਿਚੋਂ ਕੋਈ ਬਾਹਰ ਨਹੀਂ, ਸਭ ਇਸ ਦੇ ਅਧੀਨ ਹਨ। ਕਾਰਨ-ਕਾਰਜ ਦਾ ਨਿਯਮ ਫਲਸਫੇ ਵਿਚ ਵਿਚਾਰਿਆ ਜਾਂਦਾ ਹੈ। ਵਿਗਿਆਨ ਵਿਚ ਇਸ ਨਾਲ ਮਿਲਦਾ ਜੁਲਦਾ ਸਿਧਾਂਤ ਕਰਮ ਪ੍ਰਤਿਕਰਮ ਦਾ ਹੈ (To every action, there is an equal and opposite reaction। ਕਰਮ ਫਲ ਦਾ ਨਿਯਮ, ਕਾਰਨ-ਕਾਰਜ ਦਾ ਨਿਯਮ ਤੇ ਕਰਮ-ਪ੍ਰਤਿਕਰਮ ਦਾ ਨਿਯਮ ਇਕੋ ਲੜੀ ਦੇ ਤਿੰਨ ਮਣਕੇ ਹਨ। ਇਨ੍ਹਾਂ ਵਿਚੋਂ ਕੇਂਦਰੀ ਸਥਾਨ ਕਾਰਨ-ਕਾਰਜ ਦਾ ਹੈ, ਜੋ ਦਸਦਾ ਹੈ ਕਿ ਹਰ ਕਾਰਜ (effect) ਦਾ ਕੋਈ ਕਾਰਨ (cause) ਹੁੰਦਾ ਹੈ ਤੇ ਹਰ ਕਾਰਨ ਆਪਣੇ ਅਨੁਕੂਲ ਕਾਰਜ ਪੈਦਾ ਕਰ ਲੈਂਦਾ ਹੈ। ਫੇਰ ਕਾਰਨਾਂ ਕਾਰਜਾਂ ਦੀ ਲੜੀ ਅਮੁਕ ਹੈ। ਜੋ ਕਿਸੇ ਕਾਰਜ ਦਾ ਕਾਰਨ ਹੈ, ਉਹ ਕਿਸੇ ਦੂਜੇ ਕਾਰਨ ਦਾ ਕਾਰਜ ਹੈ। ਇਸ ਲੜੀ ਨੂੰ ਜਿੰਨਾਂ ਮਰਜ਼ੀ ਪਿਛਾਂਹ ਲਈ ਜਾਓ, ਇਹ ਮੁੱਕੇਗੀ ਨਹੀਂ। ਜਦ ਕਾਰਨ-ਕਾਰਜ ਦੇ ਨਿਯਮਾਂ ਨੂੰ ਮਨੁੱਖੀ ਕਰਮਾਂ ਦੇ ਸਬੰਧ ਵਿਚ ਵਿਚਾਰਿਆ ਜਾਂਦਾ ਹੈ ਤਾਂ ਇਸ ਦਾ ਨਾਂ ਕਰਮ ਫਲ ਦਾ ਨਿਯਮ ਪੈ ਜਾਂਦਾ ਹੈ। ਕਰਮ ਫਲ ਦਾ ਨਿਯਮ ਕਾਰਨ-ਕਾਰਜ ਦੇ ਵਿਸ਼ਾਲ ਨਿਯਮ ਦਾ ਹੀ ਇਕ ਉਪ-ਨਿਯਮ ਹੈ। ਸ੍ਰੀ ਗੁਰੂ ਨਾਨਕ ਸਾਹਿਬ ਕਾਰਨ ਕਾਰਜ ਦੇ ਵੱਡੇ ਨਿਯਮ ਨਾਲ ਚੌਤੀਵੀਂ ਪਉੜੀ ਨੂੰ ਸ਼ੁਰੂ ਕਰਦੇ ਹਨ ਤੇ ਨਿਰੰਕਾਰ ਦੇ ਨਿਰਣਾਇਕ ਕਰਤੱਵ ਦੇ ਵਰਣਨ ਵੇਲੇ ਕਰਮ-ਫਲ ਦੇ ਨਿਯਮ ਨੂੰ ਸੰਕੇਤਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਉਹ ਧਰਮ ਸ਼ਬਦ ਦੀ ਵਰਤੋਂ ਦੋਹਾਂ ਤਰ੍ਹਾਂ ਦੇ ਨਿਯਮਾਂ ਲਈ ਕਰਦੇ ਹਨ। ਧਰਮ ਖੰਡ ਦੀ ਪਉੜੀ ਵਿਚ ਕਾਰਨ ਕਾਰਜ ਰੂਪੀ ਧਰਮ ਦਾ ਭੀ ਇਸ਼ਾਰਾ ਹੈ ਤੇ ਕਰਮ ਫਲ ਰੂਪੀ ਧਰਮ ਦਾ ਭੀ। ਧਰਮ ਦੇ ਇਹ ਦੋਵੇਂ ਅਰਥ ਉਨ੍ਹਾਂ ਤੋਂ ਪਹਿਲੇ ਪ੍ਰਚਲਤ ਸਨ। ਕੋਈ ਲੇਖਕ ਆਪਣੀ ਵਰਤਣ ਵਾਲੀ ਭਾਸ਼ਾ ਆਪ ਨਹੀਂ ਘੜਦਾ। ਭਾਸ਼ਾ ਸਮਾਜਿਕ ਉਪਜ ਹੁੰਦੀ ਹੈ। ਅਸੀਂ ਸਾਰੇ ਜਿਹੜੀ ਭਾਸ਼ਾ ਵਰਤਦੇ ਹਾਂ, ਉਹ ਅਸੀਂ ਆਪਣੇ ਆਲੇ-ਦੁਆਲੇ ਤੋਂ ਗ੍ਰਹਿਣ ਕੀਤੀ ਹੁੰਦੀ ਹੈ। ਜੇ ਅਸੀਂ ਕਿਸੇ ਸ਼ਬਦ ਨਾਲ ਅਜਿਹੇ ਅਰਥ ਜੋੜੀਏ, ਜੋ ਅੱਗੇ ਉਸ ਨਾਲ ਨਾ ਜੁੜੇ ਹੋਣ ਤਾਂ ਸਾਡੇ ਉਸ ਸ਼ਬਦ ਨੂੰ ਕੋਈ ਸਮਝ ਨਹੀਂ ਸਕੇਗਾ। ਯਕੀਨਨ ਸ੍ਰੀ ਗੁਰੂ ਨਾਨਕ ਸਾਹਿਬ ਕੋਈ ਅਜਿਹਾ ਸ਼ਬਦ ਨਹੀਂ ਵਰਤਣਾ ਚਾਹੁੰਦੇ ਹੋਣੇ। ਉਨ੍ਹਾਂ ਨੇ ਲੋਕਾਂ ਵਿਚ ਪ੍ਰਚਲਤ ਭਾਸ਼ਾ ਦੇ ਸ਼ਬਦ ਹੀ ਵਰਤੇ ਹਨ ਤੇ ਲੋਕਾਂ ਵਿਚ ਪ੍ਰਚਲਤ ਪੁਰਾਣ ਦੇ ਅੰਗ ਭੀ।

*'ਚਲਦਾ...........।'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-45)*

## ਸਿਧਾਂਤ

*ਗੁਰਾ ਇਕ ਦੇਹਿ ਬੁਝਾਈ ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥*
*ਅੰਗ-੨*

ਮਰਦਾਨਾ (ਸਤਿਗੁਰ ਅੱਗੇ ਹੱਥ ਜੋੜ ਕੇ) - ਪਾਤਸ਼ਾਹ! ਢੀਠਤਾ ਬਖਸ਼ਣੀਂ, ਆਪ ਨੇ ਸਾਨੂੰ ਸਭ ਨੂੰ ਆਪੇ ਨੂੰ ਆਪੇ ਲਈ ਕੈਦ ਤੋਂ ਛੁਡਾਯਾ ਤੇ ਸੁਤੰਤਰ ਕੀਤਾ ਹੈ, ਪਰ ਅਸੀਂ ਫੇਰ ਆਪ ਦੇ ਪਿਆਰ ਦੀ ਬੰਦ ਵਿਚ ਪਏ ਹਾਂ, ਇਹ ਕੀ ਗੱਲ ਹੈ?

ਸਤਿਗੁਰ - ਮਰਦਾਨਿਆਂ! ਮਾਇਆ ਦੀ ਖਿੱਚ ਨਾਲ ਖਿੱਚੇ ਜਾਣਾ ਮੋਹ ਹੈ। ਜੋ ਪਿਆਰ ਆਪਣੇ ਵਸ ਕੀਤੇ ਬੰਦਿਆਂ ਤੋਂ ਇਹ ਨੂਰਸ਼ਾਹ ਉਮੈਦ ਕਰਦੀ ਸੀ, ਉਹ ਕੈਦ ਤੇ ਗੁਲਾਮੀ ਹੈ ਤੇ ਅਕਾਲ ਪੁਰਖ ਦੀ ਮਿਹਰ ਨਾਲ ਮਰਦਾਨਿਆ -

*ਹੋਂਦਾ ਫੜੀਅਗੁ ਨਾਨਕ ਜਾਣੁ ॥*
*ਨਾ ਹਉ ਨਾ ਮੈ ਜੂਨੀ ਪਾਣੁ ॥* *ਅੰਗ- ੧੨੮੯*

ਮੈਂ ਤਾਂ ਤੁਹਾਡੇ ਆਪੇ ਨੂੰ ਤੁਹਾਡੇ ਹੀ ਆਪੇ ਦੀ ਕੈਦ ਤੋਂ ਛੁਡਾਉਂਦਾ ਹਾਂ ਤੇ ਕੂੜੇ ਦੀ ਪਾਲ ਤੁੜਾਉਂਦਾ ਹਾਂ। ਜਦੋਂ ਆਪਾ ਛੁੱਟ ਕੇ ਆਪਣੇ ਧੁਰੇ ਉਤੇ, ਆਪਣੀ ਓਟ ਉਤੇ ਆ ਜਾਂਦਾ ਹੈ ਤਾਂ ਉਹ ਆਪਣੇ ਸਰੂਪ ਦੇ ਰਸ ਨੂੰ ਮਾਣਦਾ ਹੈ। ਏਥੋਂ ਫੇਰ ਆਪਾ ਸਾਂਈਂ ਦੇ ਧਿਆਨ ਵਿਚ ਪੈਂਦਾ ਹੈ ਤੇ ਅੰਤ ਸਾਈਂ ਨਾਲ ਮਿਲ ਜਾਂਦਾ ਹੈ। ਮੈਂ ਤਾਂ ਆਪਣੇ ਲਈ ਮੋਹ ਤੁਸਾਂ ਤੋਂ ਕਿਤੇ ਬੀ ਨਹੀਂ ਮੰਗਦਾ।

ਮਰਦਾਨਾ - ਪਰ ਅਸੀਂ ਤਾਂ ਕਰਦੇ ਹਾਂ।

ਸਤਿਗੁਰ - ਫਿਰ ਸੁਤੰਤਰ ਹੋਈ ਆਤਮਾ ਵਿਚ ਜੋ ਉਸ ਦੇ ਸਰੂਪ ਦਾ ਗੁਣ ਪ੍ਰੇਮ ਹੈ, ਉਹ ਝਲਕਾ ਮਾਰੇ ਤਾਂ ਮਾਰੇ। ਪ੍ਰੇਮ ਤਾਂ ਆਪੇ ਦਾ ਸਰੂਪ ਹੈ। ਨਾਲੇ ਉਸ ਦਾ ਸਰੂਪ ਸੁਤੰਤਰਤਾ ਹੈ, ਕੈਦ ਨਹੀਂ ਹੈ। ਕੈਦ ਤਾਂ ਮੋਹ ਦੀ ਬਿਰਤੀ ਹੈ, ਜਿਸ ਤੋਂ ਛੁਡਾਉਂਦਾ...ਵਾਹਿਗੁਰੂ ਛੁਡਾਉਂਦਾ ਹੈ। ਜੋ ਆਤਮਾ ਸੁਤੰਤਰ ਹੈ, ਉਹ ਉਸ ਇਲਾਹੀ ਜਲਵੇ ਵਿਚ ਹੈ, ਜਿਸ ਨੂੰ ਪ੍ਰੇਮ ਕਹੀਦਾ ਹੈ। ਪ੍ਰੇਮ ਵਾਹਿਗੁਰੂ ਹੈ, ਵਾਹਿਗੁਰੂ ਪ੍ਰੇਮ ਹੈ। ਸੁਤੰਤਰ ਰੂਹ ਵਾਹਿਗੁਰੂ ਪ੍ਰੇਮ ਵਿਚ ਹੈ। ਉਸ ਦਾ ਸਰੂਪ ਪ੍ਰੇਮ ਹੈ, ਉਸ ਦੇ ਪ੍ਰੇਮ ਦਾ ਪ੍ਰਕਾਸ਼ ਐਉਂ ਹੈ ਜਿਵੇਂ ਸੂਰਜ ਦਾ ਪ੍ਰਕਾਸ਼ ਚਾਨਣਾ ਹੈ। ਸਮਝ ਭਾਈ ਮਰਦਾਨਾ! ਇਸੇ ਪ੍ਰੇਮ ਨਾਲ ਮੋਹ ਮਾਯਾ ਦਾ ਹਨੇਰਾ ਤਰੁਟਦਾ ਹੈ, ਏਸੇ ਨਾਲ ਵਾਹਿਗੁਰੂ ਪਾਈਦਾ ਹੈ। ਪ੍ਰੇਮ ਸੁਤੰਤਰਤਾ ਵਾਲਾ ਰੰਗ ਹੈ, ਮੋਹ ਕੈਦ ਹੈ।

ਮਰਦਾਨਾ - ਮੈਂ ਘੋਲੀ, ਮੈਂ ਸਕਦੇ, ਤੇਰੀ ਮਿਹਰ ਦਾ ਸਕਦਾ ਮੈਂ ਮਾੜਾ ਬੀ ਸੁਖ ਪਾ ਰਿਹਾ ਹਾਂ।

ਸਾਰਦ ਜੀ - ਹੇ ਸਤਿਗੁਰ! ਮੈਂ ਸਾਰੀ ਉਮਰ ਤਿਆਗ, ਵੈਰਾਗ, ਹਠ, ਤਪ, ਅਸ਼ਟਾਂਗ ਬ੍ਰਤ ਧਾਰੇ, ਮੈਂ ਕਿਉਂ ਮਾਰਿਆ ਗਿਆ?

ਸਤਿਗੁਰ - ਸਜਣੋ! ਤੁਸੀਂ ਸਾਰੇ ਆਪਣੀ ਕੁਦਰਤ (ਸਰੀਰ ਦੀ ਫਿਤਰਤ, ਦੇਹ ਦੇ ਸੁਭਾਵ) ਨੂੰ ਤ੍ਰੋੜ ਮਰੋੜ ਕੇ ਇਕ ਦਮ ਕੁਝ ਹੋਰ ਬਣਨਾ ਚਾਹੁੰਦੇ ਹੋ। ਸਰੀਰ ਦੇ ਅੰਦਰ ਜੋ ਤਾਕਤਾਂ ਹਨ, ਇਨ੍ਹਾਂ ਨੂੰ ਪਾਪ ਰੂਪ ਸਮਝ ਕੇ, ਇਨ੍ਹਾਂ ਨੂੰ ਭੰਨ ਕੇ, ਕਿਸੇ ਖਿਆਲੀ ਤਿਆਗ ਵਿਚ ਟਿਕਾਣਾ ਲੋੜਦੇ ਹੋ। ਕੋਈ ਮਨ ਨੂੰ ਰੱਬ ਬਣਾ ਕੇ ਟੁਰਦਾ ਹੈ ਤੇ ਨਹੀਂ ਸਮਝਦਾ ਕਿ ਨਫਸ ਰੱਬ ਦੇ ਤਖਤ ਤੇ ਬੈਠ ਗਿਆ ਹੈ, ਕੋਈ ਗ੍ਰਿਹਸਤ ਰਾਜ ਤੇ ਰਜੋ ਗੁਣੀ ਸੁਖ ਵਿਚ ਸਮਝਦਾ ਹੈ ਕਿ ਇਹੀ ਪਰਾਗਿਰਾਮਤਾ ਹੈ।

ਇਹ ਸਰੀਰ ਇਕ ਟਿਕਾਣਾ ਹੈ, ਇਕ ਰਾਜ ਹੈ ਕਿਸੇ ਪ੍ਰੋਜਨ ਲਈ ਹੈ। ਇਸ ਦੇ ਅੰਦਰ ਹਰ ਤਾਕਤ ਕਿਸੇ ਸੁਖ ਲਈ ਹੈ। ਸਾਰੀਆਂ ਤਾਕਤਾਂ ਸੁਰਤ ਦਾ ਆਧਾਰ ਹਨ, ਅੰਦਰ ਜੋ ਆਪਾ ਹੈ ਉਸ ਦੇ ਤਾਬਿਆ ਹਨ, ਪਰ ਆਪਾ ਇਨ੍ਹਾਂ ਦੇ ਹੇਠ ਲਗ ਜਾਂਦਾ ਹੈ ਤੇ ਇਹ ਤਾਕਤਾਂ ਬਲ ਪਾ ਕੇ ਆਪੇ ਨੂੰ ਨੱਪਦੀਆਂ ਹਨ। ਤੁਸੀਂ ਉਸ ਕੈਦ ਵਿਚ ਪਏ ਇਨ੍ਹਾਂ ਤਾਕਤਾਂ ਨੂੰ 'ਕਦ ਰੂਪ' ਸਮਝ ਕੇ ਕੱਟਦੇ ਹੋ ਪਰ ਉਹ ਤੁਸਾਡੇ ਸਰੀਰ ਮੰਦਰ ਦੇ ਥੰਮ੍ਹੇ ਹਨ, ਜਿਨ੍ਹਾਂ ਦੇ ਢਹਿਣ ਨਾਲ ਢੈ ਜਾਂਦੇ ਹੋ ਤੇ ਜਦੋਂ ਰੱਬ ਦੇ ਨਾਲ ਹੇਠਾਂ, ਕਿ ਧਰਮ ਦੇ ਨਾਮ ਹੇਠਾਂ, ਕਿ ਕਿਸੇ ਭਲਿਆਈ ਦੇ ਭੇਖ ਵਿਚ, ਕਿਸੇ ਤਾਕਤ ਨੂੰ ਫਿਰ ਪ੍ਰਕਾਸ਼ ਪਾਉਣ ਦਾ ਸਮਾਂ ਮਿਲਦਾ ਹੈ ਤਦ ਸੁਭਾਵ ਉਸ ਨੂੰ ਰਾਹ ਦੇਂਦਾ ਹੈ ਤੇ ਅਸਲੇ ਤੋਂ ਗਿਰਾਉ ਹੋ ਜਾਂਦਾ ਹੈ, ਐਉਂ ਤੁਸੀਂ ਡਿੱਗੇ। ਦਾਰੂ ਆਪਾ ਵਿਨਾਸਨ ਨਹੀਂ, ਦਾਰੂ ਇਹ ਹੈ ਕਿ ਸਭ ਤਾਕਤਾਂ ਪਰ ਵਸ ਪਾਓ, ਆਪੇ ਨੂੰ ਆਪੇ ਦੀ ਕੈਦ ਤੋਂ ਛੁਡਾਓ। ਆਪਾ ਅੰਦਰ ਸਰੀਰਕ, ਮਾਨਸਿਕ ਸਭ ਰੁਚੀਆਂ; ਤਾਕਤਾਂ ਬਿਰਤੀਆਂ ਪਰ ਬਲ ਪਾਵੇ, ਆਪਣੇ ਤਾਬੇ ਕਰੇ ਤੇ ਆਪ ਇਸ ਘਰ ਦਾ ਠਾਕਰ ਬਣ ਕੇ ਅੰਦਰ ਰਾਜ ਕਰੇ। ਤਾਕਤਾਂ

ਨੂੰ ਵਸ ਕਰੋ, ਤਾਕਤਾਂ ਤੋਂ ਬਲ ਉਮਾਹ, ਹੁਲਾਰਾ ਲਓ; ਮਾਰੋ ਨਹੀਂ, ਮਾਰਨ ਨਾਲ ਆਪਣੇ ਪੈਰ ਕੁਹਾੜਾ ਮਾਰ ਬੈਠਦੇ ਹੋ, ਫਿਰ ਲੂਲੇ ਹੋ ਕੇ ਕਹਿੰਦੇ ਹੋ ਅਸੀਂ ਅਚੱਲ ਅਹਿੱਲ ਪਦ ਪ੍ਰਾਪਤ ਕੀਤਾ ਹੈ।

ਨੂਰਸ਼ਾਹ ਨੇ; ਨਹੀਂ-ਨਹੀਂ, ਨੂਰਸ਼ਾਹ ਮਰ ਗਿਆ, ਪਾਰਬਤੀ ਨੇ ਤੁਸਾਨੂੰ ਕੈਦ। ਨਾ ਸਮਝੀ ਕਿ ਤੁਹਾਨੂੰ ਕੈਦ ਕਰਨਾ ਆਪ ਬੀ ਕੈਦ ਹੋਣਾ ਹੈ। ਇਸ ਨੂੰ ਸਦਾ ਇਹ ਤੌਖਲਾ ਬਣ ਗਿਆ ਕਿ ਕਿਤੇ ਤੁਸੀਂ ਕੈਦ ਵਿਚੋਂ ਨਿਕਲ ਨਾ ਜਾਓ। ਦਿਨ ਰਾਤ ਦਾ ਕੈਦੀਆਂ ਤੇ ਪਹਿਰਾ ਦੇਣਾ ਆਪ ਕੈਦ ਪੈਣ ਤੋਂ ਕਿਸ ਤਰ੍ਹਾਂ ਘੱਟ ਹੈ? ਪਰ ਇਸ ਨੇ ਇਸ ਕੈਦ ਨੂੰ ਐਸ਼੍ਵਰਜ ਜਾਤਾ। ਇਸ ਤਰ੍ਹਾਂ ਮਨੁੱਖ ਦਾ ਆਪਾ ਆਪ ਨਾਲ ਦਗੇ ਕਰਦਾ ਹੈ। ਆਪੇ ਦੀਆਂ ਚੋਰੀਆਂ ਤੇ ਠੱਗੀਆਂ ਦੇ ਦੇਖਣਹਾਰ ਬਣੋਂ, ਆਪ ਤੇ ਵਸ ਪਾਓ ਤੇ ਸੁਤੰਤਰ ਹੋ ਜਾਓ, ਫਿਰ ਤੁਸਾਨੂੰ ਆਪੇ ਦਾ ਜਲਵਾ ਦਿਸੇ। ਫਿਰ ਆਪੇ ਨੂੰ ਜਗਤ ਆਧਾਰ, ਜੋ ਸਾਰੇ ਬ੍ਰਹਿਮੰਡ ਦਾ ਆਸਰਾ ਹੈ, ਪ੍ਰਤੀਤ ਦੇ ਆਵੇ ਤੇ ਮਿਲ ਪਵੇ, ਫਿਰ ਸਦਾ ਸੁਖ ਮਿਲੇ।

ਪਰ ਰਾਹ ਲੰਮਾ ਹੈ, ਜੇਰੇ ਦੀ ਲੋੜ ਹੈ, ਮਨੁੱਖ ਦਾ ਸੁਭਾਵ, ਜੋ ਮੁੱਦਤਾਂ ਦਾ ਉਲਟ ਹੋ ਚੁੱਕਾ ਹੈ, ਛੇਤੀ ਨਾਲ ਇਕੋ ਗੱਲ ਸੁਣ ਕੇ ਆਪੇ ਤੇ ਕਾਬੂ ਨਹੀਂ ਪਾ ਸਕਦਾ। ਇਸ ਨੂੰ ਜਿਕੂੰ ਮੁੱਦਤਾਂ ਹੇਠਾਂ ਜਾਣ ਦਾ ਤੇ ਪੁੱਠੇ ਗੇੜ ਦਾ ਅਭਿਆਸ ਹੋਇਆ ਹੈ, ਕੋਈ ਉੱਪਰ ਦੇ ਗੇੜ ਦਾ ਅਭਿਆਸ ਹੋਇਆ ਹੈ, ਕੋਈ ਸਮਾਂ ਉਪਰ ਦੇ ਗੇੜ ਦਾ ਅਭਿਆਸ ਕਰਾਓ। ਅੰਦਰਲੇ ਨੂੰ ਚਰਨ ਸ਼ਰਨ ਰੱਖੋ, ਸ਼ਰਨ ਸੰਭਾਲੋ; ਸ਼ਰਨ ਤੋਂ ਦੂਰ ਨਾ ਜਾਓ। ਸ਼ਰਨ ਦਾ ਨਾਮ ਅਭਿਆਸ ਹੈ, ਨਿਰੰਤਰ ਨਾਮ ਵਿਚ ਵਸੋ, ਨਾਮ ਸਭ ਸੋਝੀਆਂ ਤੇ ਬਲ ਬਖਸ਼ੇਗਾ। ਸ਼ਰਨ ਵਿਚ ਵਸੋ, ਸਦਾ ਸ਼ਰਨ ਦੀ ਓਟ ਰਹੋ! ਸ਼ਰਨ ਦੇ ਆਸਰੇ ਆਪਾ ਆਪੇ ਨੂੰ ਚੀਨਦਾ ਹੈ, ਸ਼ਰਨ ਦੇ ਆਸਰੇ ਆਪਾ ਆਪੇ ਤੇ ਵਸੀਕਾਰ ਪਾਂਦਾ ਹੈ, ਸ਼ਰਨ ਦੇ ਆਸਰੇ ਆਪਾ ਸੁਤੰਤਰ ਹੋ ਕੇ ਸ਼ਰਨ ਵਿਚ ਸਮਾਈ ਪ੍ਰਾਪਤ ਕਰਦਾ ਹੈ, ਸ਼ਰਨ ਦੀ ਪ੍ਰਾਪਤੀ ਨਾਮ ਹੈ, ਨਾਮ ਕਦੇ ਨਾ ਭੁੱਲੋ।

ਇਸ ਵੇਲੇ ਮਰਦਾਨੇ ਨੇ ਇਕ ਰੱਬੀ ਰੰਗ ਵਿਚ ਆ ਕੇ ਇਲਾਹੀ ਧੁਨਿ ਵਿਚ ਗਾਵਿਆ -

*ਗੁਰਾ ਇਕ ਦੇਹਿ ਬੁਝਾਈ ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥*
*ਅੰਗ- ੨*

ਦੋ ਘੜੀਆਂ ਤੱਕ ਇਹ ਦੋ ਤੁਕਾਂ ਇਸ ਪ੍ਰੇਮ ਵਿਚ ਗਾਂਈਆਂ ਤੇ ਸਾਰੀ ਸੰਗਤ ਨੇ ਗਾਂਵੀਆਂ ਕਿ ਸਾਰਿਆਂ ਦਾ ਮਨ 'ਸਭਨਾ ਜੀਆਂ ਦੇ ਇਕ ਦਾਤੇ' ਦੀ ਯਾਦ ਦਾ ਰੂਪ ਹੋ ਗਿਆ।

ਧੰਨ ਗੁਰੂ ਨਾਨਕ!

ਕੁਛ ਦਿਨ ਉਥੇ ਰਹਿ ਕੇ ਰੱਬੀ ਰੰਗ ਜਮਾ ਕੇ ਸਤਿਗੁਰ ਵਿਦਾ ਹੋਏ। ਪਾਰਬਤੀ ਨੇ ਤਲਿੱਸਮ ਦਾ ਮੰਦਰ ਢਾਹ ਦਿਤਾ, ਜੋ ਕੁਝ ਪਖੰਡ ਦੀ ਕਮਾਈ ਸੀ, ਲੁਟਾ ਦਿਤੀ, ਰੜੇ ਮੈਦਾਨ ਵਿਚ ਬੈਠ ਗਈ ਤੇ ਸਤਿਨਾਮੁ ਦਾ ਪੱਲੂ ਫੇਰ ਦਿਤਾ। ਸਾਰੇ ਬਾਲਕੇ ਆਜ਼ਾਦ ਹੋ ਗਏ ਤੇ ਸਾਰੇ ਦੇਸ਼ ਵਿਚ ਸਤਿਨਾਮੁ ਦਾ ਸੋਹਿਲਾ ਲੈ ਕੇ ਫਿਰ ਨਿਕਲੇ। ਜਿੱਥੇ ਰੜੇ ਵਿਚ ਪਾਰਬਤੀ ਬੈਠੀ ਸੀ, ਉਥੇ ਧਰਮਸਾਲ ਬਣ ਗਈ, ਲੰਗਰ: ਧਰਮ ਕਿਰਤ ਦਾ ਲੰਗਰ - 'ਘਾਲਿ ਖਾਇ ਕਿਛੁ ਹਥਹੁ ਦੇਇ' ਵਾਲਿਆਂ ਦੇ ਪ੍ਰੇਮ ਦਾ ਲੰਗਰ ਵੀ ਲੱਗ ਗਿਆ। ਕੀਰਤਨ ਦਾ ਰੰਗ ਬੱਝ ਗਿਆ। ਉਹ, ਜੋ ਕੈਦ ਪਾਉਂਦੀ ਹੁੰਦੀ ਸੀ ਰੂਹ ਦੀ ਆਜ਼ਾਦੀ, ਅੰਦਰਲੇ ਦੀ ਸੁਤੰਤਰਤਾ ਦੀ ਬੰਦੀ ਛੋੜ ਬਣ ਗਈ। ਟੁਰਨ ਵੇਲੇ ਸਤਿਗੁਰੂ ਤੋਂ ਕੋਈ ਉਹਨਾਂ ਦੇ ਹੱਥਾਂ ਦੀ ਯਾਦਗਾਰੀ ਮੰਗਣ ਲੱਗੀ; ਬਾਬੇ ਦੇ ਹੱਥ ਬਰਛਾ ਸੀ ਉਹੋ ਫੜਾ ਦਿਤਾ। ਇਹ ਬਰਛਾ ਹੁਣ ਤੱਕ ਉਥੇ ਮੌਜੂਦ ਹੈ ਤੇ ਸੰਗਤਾਂ ਨੂੰ ਦਰਸ਼ਨ ਕਰਾਏ ਜਾਂਦੇ ਹਨ।

*ਗੁਰਾ ਇਕ ਦੇਹਿ ਬੁਝਾਈ ॥*
*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ ॥* *ਅੰਗ- ੨*

**********

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

# ਨੂਰਾਨੀ ਮਿਲਾਪ - 20
## (ਗੁਰੁ ਨਾਨਕੁ ਜਿਨ ਸੁਣਿਆ ਪੇਖਿਆ.......)

*ਡਾ. (ਭਾਈ) ਸੁਖਵਿੰਦਰ ਸਿੰਘ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-47)*

ਭਾਈ ਮਨਸੁਖ ਨੂੰ ਆਤਮਿਕ ਜਾਗ ਆ ਚੁਕੀ ਹੈ। ਜੀਵਨ ਨੂੰ ਕਿਵੇਂ ਸਫ਼ਲ ਕਰਨਾ ਹੈ, ਇਸ ਦੀ ਸੋਝੀ ਹੋ ਚੁਕੀ ਹੈ। ਆਤਮਿਕ ਜਾਗ ਵਿਚ ਇਕ ਪ੍ਰਤੱਖ ਦ੍ਰਿਸ਼ ਸਾਹਮਣੇ ਭਾਸ ਰਿਹਾ ਹੈ ਕਿ ਤੇਰੀ ਕਲਿਆਣ ਧੰਨ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਿਚ ਹੈ। ਅੰਦਰੋਂ-ਅੰਦਰੀਂ ਆਪਣੀ ਕਲਿਆਣ ਹਿਤ ਸੋਚਦਾ ਹੈ ਤੇ ਅਰਜ਼ ਕਰਦਾ ਹੈ ਕਿ ਸੱਚੇ ਪਾਤਸ਼ਾਹ! ਮੇਰੇ ਗਰੀਬ 'ਤੇ ਵੀ ਕ੍ਰਿਪਾ ਕਰੋ। ਆਤਮ ਮਾਰਗ ਦੀ ਮੰਜ਼ਿਲੇ-ਮਕਸੂਦ ਦੀ ਪ੍ਰਾਪਤੀ ਕਿਵੇਂ ਹੋਵੇ? ਮੰਜ਼ਲਿ-ਏ-ਮਕਸੂਦ ਵੀ ਪਾਂਧੀ ਨੂੰ ਹੀ ਮਿਲ ਸਕਦੀ ਹੈ। ਤੁਰਿਆ ਹੋਇਆ ਕਿਤੇ ਨਾ ਕਿਤੇ ਜ਼ਰੂਰ ਪਹੁੰਚਦਾ ਹੈ। ਜਿਹੜਾ ਜਗਿਆਸੂ ਪੂਰਨ ਸ਼ਰਧਾ ਤੇ ਪਿਆਰ ਨਾਲ ਸਮਰੱਥ ਸਤਿਗੁਰੂ ਦੇ ਚਰਨਾਂ ਵਲ ਨੂੰ ਵਧ ਰਿਹਾ ਹੈ, ਉਹ ਇਕ ਦਿਨ ਜ਼ਰੂਰ ਮੰਜ਼ਿਲ ਪਾ ਲਵੇਗਾ। ਇਹ ਉਸਦਾ ਬਿਰਦ ਹੈ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥* *ਅੰਗ- ੫੪੪*

*ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥* *ਅੰਗ- ੬੮੪*

ਦਇਆ ਦੇ ਘਰ ਵਿਚ ਆਏ ਸਤਿਗੁਰੂ ਫੁਰਮਾਨ ਕਰਦੇ ਹਨ ਕਿ ਮਨਸੁਖ ਜੀ! ਤਿੰਨ ਗੱਲਾਂ ਗ੍ਰਹਿਣ ਕਰਨ ਵਾਲੀਆਂ ਹਨ। ਅਧੀਨਗੀ 'ਚ ਆਏ ਭਾਈ ਮਨਸੁਖ ਨੇ ਝੋਲੀ ਅੱਡੀ, ਬੇਨਤੀ ਕੀਤੀ; ਆਪ ਨੇ ਹੀ ਬਖਸ਼ਿਸ਼ ਕਰਨੀ ਹੈ। ਮੇਰੇ 'ਚ ਹਿੰਮਤ ਨਹੀਂ ਕਿ ਕੁਝ ਕਹਿਣ ਕਰਕੇ ਪੂਰਾ ਉਤਰ ਸਕਾਂ -

*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ*
*ਕੋਈ ਨਾਉ ਨ ਜਾਣੈ ਮੇਰਾ ॥* *ਅੰਗ- ੩੮੩*

ਮਹਾਰਾਜ ਜੀ ਨੇ ਬਖਸ਼ਿਸ਼ ਕੀਤੀ ਤੇ ਫੁਰਮਾਇਆ ਕਿ ਪਹਿਲਾਂ ਤਾਂ ਨਾਮ 'ਤੇ ਭਰੋਸਾ ਰੱਖ ਕੇ ਉਸ ਵਿਚ ਲਿਵ ਜੋੜਨੀ ਹੈ। ਦੂਸਰਾ ਆਪਣੀ ਮੈਂ/ਹਉਮੈ ਦਾ ਤਿਆਗ ਕਰਨਾ ਹੈ। ਤੀਸਰਾ ਇਹ ਸਾਰਾ ਕੁਝ ਕਰਦੇ ਹੋਏ ਪ੍ਰਮੇਸ਼ਰ ਦੇ ਭਾਣੇ ਵਿਚ ਰਹਿਣਾ। ਦੁਖ ਆਵੇ ਸੁਖ ਆਵੇ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ। ਹੱਥ ਜੋੜੇ ਮਹਾਰਾਜ ਕ੍ਰਿਪਾ ਕਰੋ, ਮੈਂ ਇਹਨਾਂ ਬਚਨਾਂ 'ਤੇ ਪਹਿਰਾ ਦੇ ਸਕਾਂ। ਮਹਾਰਾਜ ਨੇ ਫੁਰਮਾਨ ਕੀਤਾ - ਦੇਖ ਭਾਈ ਮਨਸੁਖ! ਨਾਮ ਬਹੁਤ ਹੀ ਸੂਖਮ ਹੈ। ਮੈਂ, ਮੇਰੀ ਨੂੰ ਤਿਆਗ ਕੇ, ਨਿਰਛਲ, ਨਿਰਕਪਟ ਹੋ ਕੇ ਪਿਆਰ, ਸ਼ਰਧਾ ਤੇ ਵੈਰਾਗ ਨਾਲ ਨਾਮ ਦੀ ਕਮਾਈ ਕਰਨੀ ਹੈ। ਸਿਮਰਨ ਕਰਦੇ-ਕਰਦੇ ਇਹ ਲਿਵ ਬਣ ਜਾਵੇਗੀ। ਨਾਮ-ਲਿਵ ਵਿਚ ਜੁੜੇ ਹੋਏ ਕਰਮ ਇੰਦਰੇ, ਗਿਆਨ ਇੰਦਰੇ, ਅੰਤਸ਼ਕਰਣ ਸਾਰੇ ਕਿਸੇ ਮਰਿਆਦਾ ਵਿਚ ਆ ਜਾਣਗੇ। ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੈ ਜੇਕਰ ਨਾਲ ਬਾਣੀ ਦਾ ਅਭਿਆਸ, ਨਿਤਨੇਮ ਰੱਖੋ। ਬਾਣੀ ਪਿਆਰ, ਸ਼ਰਧਾ ਨਾਲ ਪੜ੍ਹਨੀ, ਸੁਣਨੀ ਫਿਰ ਵਿਚਾਰਨੀ। ਇਸ ਤੋਂ ਬਾਅਦ ਜੀਵਨ ਵਿਚ ਕਮਾਉਣੀ। ਵਿਹਾਰਿਕ ਰੂਪ ਵਿਚ ਬਾਣੀ ਦੀ ਝਲਕ ਤੁਹਾਡੇ ਕਰਮ ਇੰਦਰਿਆਂ ਤੇ ਗਿਆਨ ਇੰਦਰਿਆਂ ਤੇ ਅੰਤਸ਼ਕਰਣ ਵਿਚੋਂ ਆਪ-ਮੁਹਾਰੇ ਪ੍ਰਗਟ ਹੋ ਜਾਵੇਗੀ। ਬਾਣੀ ਧੁਰ ਦਰਗਾਹੋਂ ਆਈ ਹੈ ਤੇ ਦਰਗਾਹ ਦੇ ਮਾਲਕ ਪ੍ਰਮੇਸ਼ਰ ਵਾਹਿਗੁਰੂ ਨਾਲ ਅਭੇਦ ਕਰ ਦਿੰਦੀ ਹੈ। ਜਿਉਂ-ਜਿਉਂ ਨਾਮ ਬਾਣੀ ਦਾ ਅਭਿਆਸ ਵਧਦਾ ਜਾਏਗਾ, ਅੰਦਰੋਂ ਮਨ ਨਿਰਮਲ ਹੋ ਕੇ ਅ-ਮਨ ਬਣ ਜਾਵੇਗਾ। ਉਹੀ ਮਨ ਹੁਣ ਨਾਮ ਰਸ ਨਾਲ ਭਰ ਜਾਵੇਗਾ ਜੋ ਪਹਿਲਾਂ ਖੁਸ਼ਕ ਖਵਾਰ ਹੁੰਦਾ ਹੈ।

ਜਦੋਂ ਤੇਰੇ ਅੰਦਰ ਨਾਮ ਬਾਣੀ ਦਾ ਅਭਿਆਸ ਵਧਿਆ, ਰਸ ਆਇਆ ਤਾਂ ਹੁਣ ਸੂਖਮ ਵਰਤਾਰੇ ਵਰਤਣੇ ਸ਼ੁਰੂ ਹੋਣਗੇ। ਆਪਣੀ ਹਉਂ ਜੋ ਬਹੁਤ ਦੀਰਘ ਸੀ ਹੁਣ ਪਤਲੀ ਹੁੰਦੀ ਜਾਏਗੀ। ਸਥੂਲ ਤੋਂ ਸੂਖਮ ਰੂਪ ਧਾਰਨ ਕਰੇਗੀ। ਇਹ ਹਉਂ ਹੀ ਸਾਰੇ ਕਲਾ-ਕਲੇਸ਼ਾਂ ਬੰਧਨਾਂ ਦਾ ਮੂਲ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ- ੫੬੦*

ਜਦੋਂ ਮੈਂ/ਹਉਂ ਚਲੀ ਗਈ ਤਾਂ ਨਾਮ ਵਸੇਗਾ। ਦੋਹਾਂ ਵਿਚੋਂ ਇਕ ਨੇ ਹੀ ਰਹਿਣਾ ਹੈ। ਇਹੀ ਹਉਂ ਹੈ ਜੋ ਕਾਮ, ਕ੍ਰੋਧ, ਲੋਭ, ਮੋਹ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਆਸਾ, ਤ੍ਰਿਸ਼ਨਾ ਰਾਹੀਂ ਪ੍ਰਗਟ ਹੁੰਦੀ ਹੈ। ਇਹਨਾਂ ਸਭ ਦਾ ਤਿਆਗ ਇਕ ਹਉਂ ਨੂੰ ਮਾਰਨ ਨਾਲ ਹੋ ਜਾਂਦਾ ਹੈ। ਸੋ ਭਾਈ ਮਨਸੁੱਖ ਨਾਮ ਨਾਲ ਲਿਵ ਲਾਉ ਤੇ ਹਉਂ ਦਾ ਤਿਆਗ ਕਰੋ। ਫਿਰ ਤੀਸਰਾ ਹੈ ਭਾਣੇ ਵਿਚ ਰਹਿਣਾ। ਸੰਸਾਰ ਵਿਚ ਰਹਿੰਦਿਆਂ ਦੁਖ-ਸੁਖ, ਮਾਨ-ਅਪਮਾਨ, ਹਾਣ-ਲਾਭ, ਘਾਟੇ-ਵਾਧੇ ਆਉਂਦੇ ਰਹਿੰਦੇ ਹਨ ਪਰ ਆਪਣੀ ਸੁਰਤਿ ਨੂੰ ਇਹਨਾਂ ਸਭ ਤੋਂ ਉਪਰ ਰੱਖਣਾ ਹੈ। ਅਸਲ ਵਿਚ ਦੁਖ-ਸੁਖ ਸਭ ਮੈਂ/ਹਉਂ ਨੂੰ ਹੀ ਲਗਦੇ

*(ਬਾਕੀ ਪੰਨਾ 56 'ਤੇ)*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
# (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-55)*

## ਸੁਆਸ - ਇਕ ਕੜੀ

ਸਰੀਰ ਤੇ ਮਨ ਵਿਚ ਇਕ ਕੜੀ ਹੈ, ਉਸ ਕੜੀ ਤੋਂ ਬਿਨਾਂ ਸਰੀਰ ਤੇ ਮਨ ਦੀ ਹੋਂਦ ਨਹੀਂ। ਉਹ ਕੰਮ ਕਰ ਹੀ ਨਹੀਂ ਸਕਦੇ। ਉਸ ਕੜੀ ਨੂੰ ਸੁਆਸਾਂ ਦੀ ਪ੍ਰਕ੍ਰਿਆ ਕਹਿੰਦੇ ਹਨ। ਜਿਸ ਦਿਨ ਮਨੁੱਖ ਸੁਆਸ ਲੈਣੇ ਬੰਦ ਕਰਦਾ ਹੈ, ਸਰੀਰ ਮਨ ਤੋਂ ਵੱਖਰਾ ਹੋ ਜਾਂਦਾ ਹੈ, ਮੌਤ ਹੋ ਜਾਂਦੀ ਹੈ। ਇਹ ਕੜੀ ਸੁਆਸਾਂ ਦੀ ਕੜੀ ਬਹੁਤ ਹੀ ਰੌਚਕ ਵੀ ਹੈ, ਸਿਖਿਆ ਦੇਣ ਵਾਲੀ ਵੀ ਹੈ। ਸੁਆਸਾਂ ਦੀ ਜਾਂਚ ਨਾਲ ਅਸੀਂ ਜੀਵਨ ਬਾਰੇ ਜਾਣ ਸਕਦੇ ਹਾਂ। ਸੁਆਸਾਂ ਦੀ ਜਾਂਚ ਕਰਨ ਲਈ ਕੋਈ ਪੁਸਤਕਾਂ ਪੜ੍ਹਨ ਦੀ ਲੋੜ ਨਹੀਂ। ਅਸੀਂ ਜਾਣਦੇ ਹਾਂ ਕਿ ਗੈਸਾਂ ਹਨ-ਕਾਰਬਨ ਡਾਈਆਕਸਾਈਡ, ਆਕਸੀਜਨ, ਨਾਈਟ੍ਰੋਜਨ। ਇਹਨਾਂ ਤੋਂ ਬਗੈਰ ਅਸੀਂ ਜਿਉਂਦੇ ਨਹੀਂ ਰਹਿ ਸਕਦੇ। ਪਰ ਜੇਕਰ ਕੋਈ ਇਨ੍ਹਾਂ ਸਾਰੀਆਂ ਗੈਸਾਂ ਤੋਂ ਵੀ ਅੱਗੇ ਕੋਈ ਚੀਜ਼ ਹੈ, ਜਿਹੜੀ ਜੀਵਨ ਦਿੰਦੀ ਹੈ। ਯੋਗ ਸਾਹਿਤ ਵਿਚ ਉਸ ਨੂੰ ਪ੍ਰਾਣ ਕਿਹਾ ਜਾਂਦਾ ਹੈ। ਵਾਸਤਵ ਵਿਚ ਪ੍ਰਾਣ ਸੁਆਸਾਂ ਤੋਂ ਵੀ ਕਿਤੇ ਸੂਖਸ਼ਮ ਹਨ, ਸੁਆਸ ਪ੍ਰਾਣ ਚਲਾਉਂਦੇ ਹਨ, ਸਾਡੇ ਸਰੀਰ ਨੂੰ ਸ਼ਕਤੀ ਬਖਸ਼ਦੇ ਹਨ।

ਸੁਆਸ ਅੰਦਰ ਲੈਣੇ, ਬਾਹਰ ਕੱਢਣੇ ਇਸ ਵਿਧੀ ਨੂੰ ਪ੍ਰਾਣ ਤੇ ਅਪਾਨ ਵੀ ਕਹਿੰਦੇ ਹਨ। ਇਹ ਦੋ ਗੱਡੀਆਂ ਹਨ ਜਿਹੜੀਆਂ ਜੀਵਨ ਰੂਪੀ ਸਰੀਰ ਨੂੰ ਚਲਾਉਂਦੀਆਂ ਹਨ। ਪ੍ਰਾਣ ਵਾਸਤਵ ਵਿਚ ਸਰੀਰ ਨੂੰ ਸ਼ਕਤੀ ਦਿੰਦੇ ਹਨ। ਲਿਵਰ, ਦਿਲ, ਦਿਮਾਗ, ਤਿਲੀ, ਅਪਾਨ ਸਾਡੇ ਰੋਮਾਂ ਰਾਹੀਂ, ਫੇਫੜਿਆਂ ਰਾਹੀਂ, ਗੁਰਦਿਆਂ ਰਾਹੀਂ ਤੇ ਮਲਮੂਤਰ ਰਾਹੀਂ ਸਰੀਰ ਦੀ ਸਫਾਈ ਕਰਦਾ ਹੈ, ਤੁਸੀਂ ਭਾਵੇਂ ਕੁਝ ਵੀ ਹੋ। ਵੱਡੇ ਛੋਟੇ ਫਕੀਰ, ਸੰਤ, ਰਾਜਾ, ਚੋਰ ਕੁਛ ਵੀ ਕਿਉਂ ਨਹੀਂ, ਇਹ ਚਾਲਕ ਹਰ ਸਮੇਂ ਤੁਹਾਡੀ ਸੇਵਾ ਕਰਦੇ ਹਨ, ਭਾਵੇਂ ਤੁਸੀਂ ਜਾਗ ਰਹੇ ਹੋਵੋ, ਸੁਤੇ ਪਏ ਹੋਵੋ, ਪੂਰੀ ਤਰ੍ਹਾਂ ਚੇਤਨ ਹੋਵੋ, ਸੁਸਤ ਹੋਵੋ, ਮਰਦ ਹੋ, ਔਰਤ ਹੋ, ਬੱਚੇ ਹੋ, ਵੱਡੇ ਹੋ, ਪ੍ਰਾਣ ਉਪਾਨ ਆਪਣਾ ਕੰਮ ਕਰਦੇ ਹੀ ਰਹਿਣਗੇ।

ਸਾਡੇ ਅੰਦਰ ਉਹ ਕਿਹੜੀ ਵਸਤੂ ਹੈ ਜਿਹੜੀ ਇਹਨਾਂ ਨੂੰ ਨਿਯਮਤ ਕਰਦੀ ਹੈ? ਕੌਣ ਜੀਵਨ ਦਾਨ ਦੇ ਰਿਹਾ ਹੈ, ਕੌਣ ਲੈ ਰਿਹਾ ਹੈ? ਯੋਗਾ ਦੀ ਇਕ ਖਾਸ ਸ਼ਾਖਾ ਹੈ ਜਿਸ ਨੂੰ pranavedins ਭਾਵ ਪ੍ਰਾਣਾਂ ਨੂੰ ਜਾਨਣ ਵਾਲੇ, ਉਹ ਇਸ ਨੂੰ ਚੰਗੀ ਤਰ੍ਹਾਂ ਨਾਲ ਦਸਦੇ ਹਨ। ਉਹ ਦਸਦੇ ਹਨ, "ਸਾਡੀ ਫਿਲੌਸਫੀ ਬਿਲਕੁਲ ਪੂਰੀ ਹੈ। ਇਹ ਪ੍ਰੈਕਟੀਕਲ ਫਿਲੌਸਫੀ ਹੈ, ਜਦੋਂ ਕਿ ਦੂਸਰੀਆਂ ਫਿਲੌਸਫੀਆਂ ਕਲਪਿਤ ਹਨ, ਪਰਿਕਲਪਿਤ ਹਨ। ਉਹ ਕਹਿੰਦੇ ਹਨ ਸਾਡੀ ਸਾਰੀ ਸ਼ਕਤੀ ਪ੍ਰਮਾਤਮਾ ਦਿੰਦਾ ਹੈ। ਦੇਣ ਵਾਲਾ ਕੇਵਲ ਇਕ ਹੀ ਹੈ। ਜੇ ਉਹ ਸ਼ਕਤੀ ਨਾ ਦੇਵੇ, ਸਰੀਰ ਖਤਮ ਹੋ ਜਾਂਦਾ ਹੈ। ਸਾਰੇ ਵਿਸ਼ਵ ਨੂੰ ਸ਼ਕਤੀ ਦੇਣ ਵਾਲਾ ਹਰੇਕ ਮਨੁੱਖ ਦੇ ਅੰਦਰ ਦੇ ਪ੍ਰਮਾਤਮਾ ਨੂੰ, ਆਤਮਾ ਨੂੰ ਸ਼ਕਤੀ ਦੇ ਰਿਹਾ ਹੈ। ਇਕ ਸਿਰੇ 'ਤੇ ਪ੍ਰਮਾਤਮਾ ਹੈ, ਦੂਸਰੇ ਸਿਰੇ ਤੇ ਅਸੀਂ ਹਾਂ। ਅਸੀਂ ਉਸ ਵਿਸ਼ਵ ਸ਼ਕਤੀ ਤੋਂ ਵੱਖ ਨਹੀਂ ਹਾਂ। ਇਨ੍ਹਾਂ ਦੋਨਾਂ ਵਿਚ ਕੋਈ ਅੰਤਰ ਹੈ ਹੀ ਨਹੀਂ। ਪ੍ਰਾਣਵਾਦੀ (Pranavedins) ਕਹਿੰਦੇ ਹਨ ਕਿ ਉਹਦੀ ਫਿਲੌਸਫੀ ਠੋਸ ਹੈ, ਪੱਕੀ ਹੈ ਕਿਉਂਕਿ ਉਹ ਸੁਆਸਾਂ ਨੂੰ ਪੂਰੀ ਤਰ੍ਹਾਂ ਮਹਿਸੂਸ ਕਰ ਸਕਦੇ ਹਨ। ਕਿਸ ਤਰ੍ਹਾਂ ਸੁਆਸ ਚੇਤਨ ਬਿੰਦੂ ਤਕ ਜਾਂਦੇ ਹਨ। ਉਹ ਦਸਦੇ ਹਨ ਅਸੀਂ ਬੜੀ ਸੌਖੀ ਤਰ੍ਹਾਂ ਉਥੇ ਤਕ ਪਹੁੰਚ ਸਕਦੇ ਹਾਂ। ਬਾਕੀ ਸਾਰੀ ਫਿਲੌਸਫੀ, ਕਰਮਕਾਂਡ, ਮਜ਼ਹਬ ਸਭ ਪ੍ਰੈਕਟੀਕਲ ਨਹੀਂ ਹਨ।

